

1 ਜਨਵਰੀ- ਭੀਮਾ ਕੋਰੇਗਾਓਂ ਦੀ ਗੌਰਵਮਈ ਇਤਿਹਾਸਕ ਲੜਾਈ ਸਬੰਧੀ ਵਿਸ਼ੇਸ਼ ਲੇਖ ਅੰਦਰ ਦੇਖੋ

13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -13 ISSUE - 39
January 1, 2025

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



ਭਾਰਤ ਵਿਚ ਕੰਨਿਆ ਪਾਠਸ਼ਾਲਾ ਖੋਲਣ ਵਾਲੀ ਪਹਿਲੀ ਮਹਿਲਾ ਅਧਿਆਪਕਾ, ਸਮਾਜ ਸੁਧਾਰਿਕਾ ਅਤੇ ਮਰਾਠੀ ਕਵਿਤਰੀ ਸਾਵਿਤਰੀ ਬਾਈ ਫੂਲੇ। ਐਡਵੋਕੇਟ ਕੁਲਦੀਪ ਚੰਦ ਦਾ ਵਿਸ਼ੇਸ਼ ਲੇਖ ਅੰਦਰ ਦੇਖੋ

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ




ਅਦਾਰਾ "ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" ਵੱਲੋਂ ਆਪਣੇ ਸਾਰੇ ਹੀ ਮਾਣਯੋਗ ਪਾਠਕਾਂ, ਪ੍ਰਸ਼ੰਸਕਾਂ, ਸਹਿਯੋਗੀਆਂ, ਇਸ਼ਤਿਹਾਰਦਾਤਿਆਂ ਅਤੇ ਸਮੁੱਚੀ ਸਿੱਖ ਸੰਗਤ ਨੂੰ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ। **-ਸੰਪਾਦਕ**

## ਦੁਨੀਆਂ ਭਰ 'ਚ ਉਤਸ਼ਾਹ ਨਾਲ ਮਨਾਇਆ ਨਵਾਂ ਸਾਲ

**ਵਾਸ਼ਿੰਗਟਨ (ਬਿਊਰੋ)–** ਦੁਨੀਆਂ ਭਰ ਵਿਚ ਅੱਜ ਨਵਾਂ ਸਾਲ 2025 ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਆਸਟ੍ਰੇਲੀਆ ਵਿਚ ਸਭ ਤੋਂ ਪਹਿਲਾਂ ਨਵਾਂ ਸਾਲ ਮਨਾਇਆ ਜਾਂਦਾ ਹੈ। ਇਸ ਤੋਂ ਬਾਅਦ ਜਾਪਾਨ, ਪੂਰਬੀ ਏਸ਼ੀਆ ਅਤੇ ਸਭ ਤੋਂ ਅਖੀਰ ਵਿਚ ਅਮਰੀਕਾ, ਕੈਨੇਡਾ ਅਤੇ ਅਮਰੀਕਾ ਨਾਲ ਲੱਗਦੇ ਮੁਲਕਾਂ ਵਿਚ ਨਵਾਂ ਸਾਲ ਮਨਾਇਆ ਜਾਂਦਾ ਹੈ। ਸਿਡਨੀ ਤੋਂ ਮੁੰਬਈ ਤੇ ਨੈਰੋਬੀ ਤੱਕ ਕੁਲ ਆਲਮ ਦੇ ਭਾਈਚਾਰਿਆਂ ਨੇ ਆਤਿਸ਼ਬਾਜ਼ੀ ਤੇ ਬੜੇ ਚਾਵਾਂ ਨਾਲ ਨਵੇਂ ਸਾਲ ਦਾ ਸਵਾਗਤ ਕੀਤਾ। ਸ਼ਿਮਲਾ, ਧਰਮਸ਼ਾਲਾ ਅਤੇ ਮਨਾਲੀ 'ਚ ਵੀ ਲੋਕਾਂ ਨੇ ਨਵੇਂ ਸਾਲ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ। ਇਸ ਦੌਰਾਨ ਦੇਸ਼ ਦੀਆਂ ਸਰਹੱਦਾਂ ਉੱਤੇ ਮਨਫ਼ੀ ਤਾਪਮਾਨ ਵਿਚ ਦੇਸ਼ ਦੀ ਰਾਖੀ ਕਰ ਰਹੇ ਭਾਰਤੀ ਫੌਜ ਦੇ ਜਵਾਨਾਂ ਨੇ ਵੀ ਦੇਸ਼ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ ਹਨ। ਨਵੇਂ ਸਾਲ ਦੇ ਪਹਿਲੇ ਦਿਨ ਬੁੱਧਵਾਰ ਨੂੰ ਵੱਡੀ ਗਿਣਤੀ ਸ਼ਰਧਾਲੂ ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜੇ।



ਸ਼ਰਧਾਲੂਆਂ ਨੇ ਘੰਟਿਆਂਬੱਧੀ ਕਤਾਰਾਂ ਵਿਚ ਖੜ੍ਹ ਕੇ ਮੱਥਾ ਟੇਕਿਆ ਤੇ ਨਵੇਂ ਸਾਲ ਵਿਚ ਆਪਣੇ ਪਰਿਵਾਰਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਦਰਬਾਰ ਸਾਹਿਬ ਕੰਪਲੈਕਸ ਵਿਖੇ ਨਵਾਂ ਸਾਲ ਚੜ੍ਹਨ ਤੋਂ ਪਹਿਲਾਂ ਹੀ ਅਣਗਿਣਤ ਸ਼ਰਧਾਲੂ ਪੁੱਜੇ ਹੋਏ ਸਨ ਅਤੇ ਉਸ ਤੋਂ ਬਾਅਦ ਸ਼ਰਧਾਲੂਆਂ ਦੀ ਗਿਣਤੀ ਹੋਰ ਤੇਜ਼ੀ ਨਾਲ ਵਧਣੀ ਸ਼ੁਰੂ ਹੋ ਗਈ। ਇਸ ਮੌਕੇ ਸ਼ਹਿਰ ਭਰ ਵਿਚ ਪੁਲੀਸ ਵੱਲੋਂ ਵੀ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਰਸ਼ਟਰਪਤੀ ਮੁਰਮੂ ਨੇ ਲੋਕਾਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਭਾਰਤ ਅਤੇ ਦੁਨੀਆ ਲਈ ਇੱਕ ਉੱਜਵਲ, ਵਧੇਰੇ ਸਮਾਵੇਸ਼ੀ ਅਤੇ ਟਿਕਾਊ ਭਵਿੱਖ ਬਣਾਉਣ ਲਈ ਮਿਲ ਕੇ ਕੰਮ ਕਰਨ ਦੀ ਵਚਨਬੱਧਤਾ ਨੂੰ ਨਵਿਆਉਣ ਲਈ ਕਿਹਾ। ਸ੍ਰੀ ਮੋਦੀ ਨੇ ਐਕਸ 'ਤੇ ਇਕ ਸੁਨੇਹੇ ਵਿਚ ਕਿਹਾ, "ਹੈਪੀ 2025! ਇਹ ਨਵਾਂ ਸਾਲ ਹਰੇਕ ਲਈ ਨਵੇਂ ਮੌਕੇ, ਸਫ਼ਲਤਾ ਤੇ ਬੇਸ਼ੁਮਾਰ ਖੁਸ਼ੀਆਂ ਲੈ ਕੇ ਆਏ। ਹਰ ਕਿਸੇ ਨੂੰ ਚੰਗੀ ਸਿਹਤ ਤੇ ਖ਼ੁਸ਼ਹਾਲੀ ਦੀ ਬਖ਼ਸ਼ਿਸ਼ ਹੋਵੇ।"




## ਡੱਲੇਵਾਲ ਦਾ ਮਰਨ ਵਰਤ- ਪੰਜਾਬ ਸਰਕਾਰ ਲਈ ਸਮੱਸਿਆ ਹੋਰ ਵਧੇਗੀ

**ਚੰਡੀਗੜ੍ਹ (ਬਿਊਰੋ)–** ਖਨੌਰੀ ਬਾਰਡਰ 'ਤੇ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਮਾਮਲੇ 'ਚ ਪੰਜਾਬ ਸਰਕਾਰ ਦੀ ਟੇਕ ਹੁਣ ਕੇਂਦਰ ਸਰਕਾਰ 'ਤੇ ਹੈ। ਉਂਜ, ਸੁਪਰੀਮ ਕੋਰਟ ਵੱਲੋਂ ਦੋ ਦਿਨਾਂ ਦੀ ਮੋਹਲਤ ਦਿੱਤੇ ਜਾਣ ਨਾਲ ਸੂਬਾ ਸਰਕਾਰ ਨੂੰ ਆਰਜ਼ੀ ਰਾਹਤ ਜ਼ਰੂਰ ਮਿਲੀ ਹੈ। ਪੰਜਾਬ ਸਰਕਾਰ ਦੀਆਂ ਨਜ਼ਰਾਂ ਹੁਣ ਕੇਂਦਰ ਸਰਕਾਰ 'ਤੇ ਲੱਗੀਆਂ ਹੋਈਆਂ ਹਨ ਕਿ ਕੇਂਦਰ ਸਰਕਾਰ ਕਿਸਾਨਾਂ ਨੂੰ ਗੱਲਬਾਤ ਦਾ ਰਸਮੀ ਸੱਦਾ ਕਦੋਂ ਭੇਜਦੀ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ ਸੁਪਰੀਮ ਕੋਰਟ ਵਿੱਚ 2 ਜਨਵਰੀ ਨੂੰ ਹੋਣੀ ਹੈ।



ਪੰਜਾਬ ਦੇ ਐਡਵੋਕੇਟ ਜਨਰਲ ਨੇ ਦਾਇਰ ਹਲਫ਼ੀਆ ਬਿਆਨ 'ਚ ਕਿਹਾ ਹੈ ਕਿ ਕਿਸਾਨਾਂ ਵੱਲੋਂ ਕੇਂਦਰ ਨੂੰ ਪ੍ਰਸਤਾਵ ਭੇਜਿਆ ਗਿਆ ਹੈ ਕਿ ਜੇ ਕੇਂਦਰ ਗੱਲਬਾਤ ਦਾ ਰਾਹ ਖੋਲ੍ਹਦਾ ਹੈ ਤਾਂ ਉਹ ਮੈਡੀਕਲ ਸਹਾਇਤਾ ਲੈਣ ਬਾਰੇ ਸੋਚ ਸਕਦੇ ਹਨ। ਪੰਜਾਬ ਸਰਕਾਰ ਨੂੰ ਅੱਜ ਕੇਂਦਰ ਸਰਕਾਰ ਦੇ ਸੱਦੇ ਦੀ ਉਡੀਕ ਬਣੀ ਰਹੀ। ਸੂਬਾ ਸਰਕਾਰ ਇਸ ਗੱਲੋਂ ਵੀ ਰਾਹਤ ਮਹਿਸੂਸ ਕਰ ਰਹੀ ਹੈ ਕਿ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਨੇ ਗੱਲਬਾਤ ਲਈ ਹਾਮੀ ਭਰੀ ਹੈ।

ਸੂਤਰ ਦੱਸਦੇ ਹਨ ਕਿ ਕੇਂਦਰੀ ਖੇਤੀ ਮੰਤਰਾਲਾ ਗੱਲਬਾਤ ਲਈ ਸੱਦਾ ਭੇਜਦਾ ਹੈ ਤਾਂ ਮਰਨ ਵਰਤ 'ਤੇ ਬੈਠੇ ਡੱਲੇਵਾਲ ਦੀ ਜ਼ਿੰਦਗੀ ਦਾ ਫ਼ੌਰੀ ਖ਼ਤਰਾ ਟਲ ਜਾਵੇਗਾ। ਪੰਜਾਬ ਸਰਕਾਰ ਪਿਛਲੇ ਕੁੱਝ ਦਿਨਾਂ ਤੋਂ ਇਸ ਮਾਮਲੇ 'ਤੇ ਕਾਫ਼ੀ ਚਿੰਤਤ ਹੈ। ਮੁੱਖ ਮੰਤਰੀ ਭਗਵੰਤ ਮਾਨ ਲਗਾਤਾਰ ਉੱਚ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰ ਰਹੇ ਹਨ। ਉਹ ਕਿਸੇ ਸੂਰਤ 'ਚ ਕਿਸਾਨਾਂ ਨਾਲ ਟਕਰਾਅ ਵਿੱਚ ਨਹੀਂ ਪੈਣਾ ਚਾਹੁੰਦੇ। ਸੂਬਾ ਸਰਕਾਰ ਕੋਲ ਜੋ ਬੀਤੇ ਕੱਲ੍ਹ 'ਪੰਜਾਬ ਬੰਦ' ਦੀ ਰਿਪੋਰਟ ਪਹੁੰਚੀ ਹੈ, ਉਸ ਅਨੁਸਾਰ ਇਸ ਨੂੰ ਪੂਰਨ ਹੁੰਗਾਰਾ ਮਿਲਿਆ ਹੈ। ਇੱਕ ਨੁਕਤਾ ਇਹ ਵੀ ਹੈ ਕਿ ਜਗਜੀਤ ਸਿੰਘ ਡੱਲੇਵਾਲ ਨੂੰ ਮਿਲੀ ਹਮਦਰਦੀ ਵਜੋਂ 'ਪੰਜਾਬ ਬੰਦ' ਸਫ਼ਲ ਰਿਹਾ ਹੈ।



















ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355





## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2025 ਦੀਆਂ ਲੱਖ-ਲੱਖ ਵਧਾਈਆਂ

Sangat Sewadars

www.sriguruavidasstemple.com



Chairman
Vinod Kumar Jakhu



President
Sunita Bangar



Gen. Secretary
Upinder Pal Ricky



Treasurer
Shinder Pal Narabut

# ਉੱਚ ਹੁਨਰਮੰਦ ਵਿਦੇਸ਼ੀ ਕਾਮਿਆਂ ਨੂੰ ਅਮਰੀਕਾ ਆਉਣ ਦੀ ਖੁਲ ਹੋਵੇਗੀ-ਡੋਨਾਲਡ ਟਰੰਪ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਨੇ ਉੱਚ ਹੁਨਰਮੰਦ ਵਿਦੇਸ਼ੀ ਕਾਮਿਆਂ ਲਈ ਵੀਜ਼ਾ ਪ੍ਰੋਗਰਾਮ ਦਾ ਸਰਮਥਨ ਕੀਤਾ ਹੈ। ਚੋਣ ਜਿੱਤਣ ਉਪਰੰਤ ਪ੍ਰਵਾਸੀ ਕਾਮਿਆਂ ਦੇ ਮੁੱਦੇ 'ਤੇ ਪਹਿਲੀ ਟਿੱਪਣੀ ਕਰਦਿਆਂ ਟਰੰਪ ਨੇ ਸੰਕੇਤ ਦਿੱਤਾ ਹੈ ਕਿ ਉੱਚ ਹੁਨਰਮੰਦ ਵਿਦੇਸ਼ੀਆਂ ਲਈ ਅਮਰੀਕਾ ਦੇ ਦਰਵਾਜ਼ੇ ਖੁਲੇ ਰਹਿਣਗੇ। ਉਨਾਂ ਦੀ ਇਸ ਟਿੱਪਣੀ ਕਾਰਨ ਉਨਾਂ ਦੇ ਸਮਰਥਕ ਵੀ ਦੋ ਹਿੱਸਿਆਂ ਵਿਚ ਵੰਡੇ ਗਏ ਹਨ। ਟਰੰਪ ਨੇ 'ਦ ਨਿਊਯਾਰਕ ਪੋਸਟ' ਨਾਲ ਗੱਲਬਾਤ ਦੌਰਾਨ ਕਿਹਾ ਕਿ ਉਹ ਐਚ-1 ਬੀ ਵੀਜ਼ਾ ਵਿਚ ਵਿਸ਼ਵਾਸ਼ ਰਖਦੇ ਹਨ। ਉਨਾਂ ਨੇ ਬੀਤੇ ਵਿਚ ਵਿਸ਼ੇਸ਼ ਅਸਾਮੀਆਂ ਭਰਨ ਲਈ ਅਮਰੀਕਾ ਸੱਦੇ ਗਏ ਹਜਾਰਾਂ ਵਿਦੇਸ਼ੀ ਕਾਮਿਆਂ ਦਾ ਹਵਾਲਾ ਵੀ ਦਿੱਤਾ। ਆਪਣੇ ਪਹਿਲੇ ਕਾਰਜਕਾਲ ਦੌਰਾਨ ਟਰੰਪ ਨੇ ਵੀਜ਼ਾ ਪ੍ਰੋਗਰਾਮ ਦੀ ਅਲੋਚਨਾ ਕਰਦਿਆਂ ਵਿਦੇਸ਼ੀ ਕਾਮਿਆਂ ਨੂੰ ਅਮਰੀਕਾ ਸੱਦਣ ਦੇ ਪ੍ਰੋਗਰਾਮ ਉਪਰ ਰੋਕ ਲਾ ਦਿੱਤੀ ਸੀ ਪਰੰਤੂ 2024 ਵਿਚ ਆਪਣੀ ਚੋਣ ਮੁਹਿੰਮ ਦੌਰਾਨ



ਉਨਾਂ ਨੇ ਸੰਕੇਤ ਦਿੱਤਾ ਸੀ ਕਿ ਜਿਨਾਂ ਵਿਦੇਸ਼ੀ ਵਰਕਰਾਂ ਨੇ ਅਮਰੀਕੀ ਯੁਨੀਵਰਸਿਟੀ ਤੋਂ ਗ੍ਰੈਜੂਏਸ਼ਨ ਕੀਤੀ ਹੈ , ਉਨਾਂ ਨੂੰ ਕਾਨੂੰਨੀ ਦਰਜਾ ਦਿੱਤਾ ਜਾ ਸਕਦਾ ਹੈ। ਟਰੰਪ ਨੇ ਗੱਲਬਾਤ ਦੌਰਾਨ ਕਿਹਾ ਕਿ ਉਹ ਹਮੇਸ਼ਾਂ ਵੀਜ਼ਾ ਪ੍ਰੋਗਰਾਮ ਸਮਰਥਕ ਰਹੇ ਹਨ। ਮੇਰੀਆਂ ਤਰਜ਼ੀਹਾਂ ਵਿਚ ਐਚ-1 ਬੀ ਵੀਜ਼ਾ ਰਿਹਾ ਹੈ, ਮੈ ਐਚ-1ਬੀ ਵੀਜ਼ੇ ਵਿਚ ਵਿਸ਼ਵਾਸ਼ ਰਖਦਾ ਹਾਂ। ਮੈ ਇਸ ਨੂੰ ਬਹੁਤ ਵਾਰ ਵਰਤਿਆ ਹੈ। ਇਹ ਬਹੁਤ ਉੱਚ ਦਰਜੇ ਦਾ ਪ੍ਰੋਗਰਾਮ ਹੈ। ਇਥੇ ਜਿਕਰਯੋਗ ਹੈ ਕਿ ਉਦਯੋਗਪਤੀ ਏਲਨ ਮਸਕ ਤੇ ਵਿਵੇਕ ਰਾਮਾਸਵਾਮੀ ਜਿਨਾਂ ਨੂੰ ਟਰੰਪ ਨੇ ਨਵੇਂ ਬਣਾਏ ਵਿਭਾਗ 'ਡਿਪਾਰਟਮੈਂਟ ਆਫ ਐਫੀਸ਼ੀਐਂਸੀ' ਦੀ ਅਗਵਾਈ ਸੌਂਪੀ ਹੈ, ਨੇ ਵਿਦੇਸ਼ੀ ਕਾਮਿਆਂ ਲਈ ਵੀਜ਼ਾ ਪ੍ਰੋਗਰਾਮ ਦਾ ਸਮਰਥਨ ਕੀਤਾ ਹੈ। ਹੁਣ ਟਰੰਪ ਦੁਆਰਾ ਇਸ ਪ੍ਰੋਗਰਾਮ ਉਪਰ ਕੀਤੀ ਹਾਂ ਪੱਖੀ ਟਿੱਪਣੀ ਨੇ ਇਸ ਮੁੱਦੇ 'ਤੇ ਨਵੀਂ ਚਰਚਾ ਛੇੜ ਦਿੱਤੀ ਹੈ। ਮਸਕ ਨੇ ਕਿਹਾ ਸੀ ਮੈ ਹੋਰ ਕਈ ਲੋਕਾਂ, ਜਿਨਾਂ ਨੇ ਸਪੇਸ ਐਕਸ, ਟੈਸਲਾ ਤੇ ਹੋਰ ਸੈਂਕੜੇ ਕੰਪਨੀਆਂ ਬਣਾਈਆਂ ਜਿਨਾਂ ਸਦਕਾ ਅਮਰੀਕਾ ਮਜਬੂਤ ਬਣਿਆ, ਵਾਂਗ ਐਚ-1ਬੀ ਵੀਜ਼ੇ ਕਾਰਨ ਹੀ ਅਮਰੀਕਾ ਵਿਚ ਹਾਂ। ਮੈ ਇਸ ਮੁੱਦੇ 'ਤੇ ਆਪਣੀ ਗੱਲ ਜੋਰਦਾਰ ਢੰਗ ਨਾਲ ਰਖਾਂਗਾ ਕਿਉਂਕਿ ਸੰਭਾਵੀ ਤੌਰ 'ਤੇ ਤੁਸੀਂ ਇਸ ਪ੍ਰਗਰਾਮ ਨੂੰ ਖਤਮ ਨਹੀਂ ਕਰ ਸਕਦੇ। ਦੱਖਣੀ ਅਫਰੀਕਾ ਵਿਚ ਪੈਦਾ ਹੋਏ ਮਸਕ ਆਪਣੀ ਮਾਂ ਸਦਕਾ ਕੈਨੇਡੀਅਨ ਨਾਗਰਿਕਤਾ ਲੈਣ ਉਪਰੰਤ ਅਮਰੀਕਾ ਵਿਚ ਇਕ ਵਿਦੇਸ਼ੀ ਵਿਦਿਆਰਥੀ ਵਜੋਂ ਆਇਆ ਸੀ ਤੇ ਬਾਅਦ ਵਿਚ ਉਸ ਨੇ ਐਚ-1ਬੀ ਵੀਜ਼ੇ ਉਪਰ ਕੰਮ ਕੀਤਾ ਸੀ। ਦੂਸਰੇ ਪਾਸੇ ਇਮੀਗ੍ਰੇਸ਼ਨ ਵਿਰੋਧੀ ਟਰੰਪ ਸਮਰਥਕ ਇਸ ਮੁੱਦੇ 'ਤੇ ਕੋਈ ਸਮਝਤਾ ਕਰਨ ਲਈ ਤਿਆਰ ਨਹੀਂ ਹਨ। ਸਾਬਕਾ ਟਰੰਪ ਸਹਾਇਕ ਸਟੀਵ ਬੈਨਨ ਟਰੰਪ ਦੇ ਉਨਾਂ ਵਫਾਦਾਰਾਂ ਵਿਚ ਸ਼ਾਮਿਲ ਹੋ ਗਏ ਹਨ ਜੋ ਵਿਦੇਸ਼ੀ ਕਾਮਿਆਂ ਨੂੰ ਅਮਰੀਕਾ ਸੱਦਣ ਦਾ ਵਿਰੋਧ ਕਰ ਰਹੇ ਹਨ। ਇਨਾਂ ਵਿਚ ਸਾਬਕਾ ਸਾਂਸਦ ਮੈਟ ਗੇਟਜ ਤੇ ਸੱਜੇ ਪੱਖੀ ਲੌਰਾ ਲੂਮਰ ਸ਼ਾਮਿਲ ਹਨ। ਸਟੀਵ ਬੈਨਨ ਨੇ ਐਚ-1ਬੀ ਵੀਜ਼ਾ ਪ੍ਰੋਗਰਾਮ ਨੂੰ ਘੋਟਾਲਾ; ਕਰਾਰ ਦਿੱਤਾ ਹੈ।

# ਨਵੇਂ ਸਾਲ ਮੌਕੇ ਅਮਰੀਕਾ ਦੀ ਮਸ਼ਹੂਰ ਸਟਰੀਟ ’ਤੇ ਟਰੱਕ ਨੇ ਹਜੂਮ ਨੂੰ ਦਰੜਿਆ; 10 ਹਲਾਕ, 30 ਜ਼ਖ਼ਮੀ

**ਨਿਊ ਰਲੀਅਨਜ(ਅਮਰੀਕਾ)-** ਨਵੇਂ ਸਾਲ ਦੇ ਪਹਿਲੇ ਦਿਨ ਅੱਜ ਨਿਊ ਓਰਲੀਅਨਜ਼ (ਲੁਸਿਆਨਾ) ਦੀ ਮਸ਼ਹੂਰ ਕੈਨਾਲ ਤੇ ਬਰਬਨ ਸਟਰੀਟ ਉਤੇ ਤੇਜ਼ਤਰਾਰ ਪਿਕਅੱਪ ਟਰੱਕ ਨੇ ਹਜੂਮ ਨੂੰ ਦਰੜ ਦਿੱਤਾ। ਹਾਦਸੇ ਵਿਚ ਦਸ ਵਿਅਕਤੀਆਂ ਦੀ ਮੌਤ ਹੋ ਗਈ ਜਦੋਂਕਿ 30 ਹੋਰ ਜ਼ਖ਼ਮੀ ਦੱਸੇ ਜਾਂਦੇ ਹਨ। ਸ਼ਹਿਰ ਦੀ ਹੰਗਾਮੀ ਹਾਲਾਤ ਦੀਆਂ ਤਿਆਰੀਆਂ ਬਾਰੇ ਏਜੰਸੀ ‘ਨੋਲਾ ਰੈਡੀ’ ਨੇ ਇਲਾਕੇ ਦੇ ਲੋਕਾਂ ਨੂੰ ਘਰਾਂ ਵਿਚ ਰਹਿਣ ਦੀ ਸਲਾਹ ਦਿੱਤੀ ਹੈ। ਪੁਲੀਸ ਵੱਲੋਂ ਇਸ ਘਟਨਾ ਦੀ ਦਹਿਸ਼ਤੀ ਹਮਲੇ ਵਜੋਂ ਜਾਂਚ ਕੀਤੀ ਜਾ ਰਹੀ ਹੈ। ਹਮਲਾ ਬੁੱਧਵਾਰ ਨੂੰ ਤੜਕੇ ਸਵਾ ਤਿੰਨ ਵਜੇ ਦੇ ਕਰੀਬ ਬਰਬਨ ਸਟਰੀਟ ਉੱਤੇ ਹੋਇਆ। ਇਸ ਸਟਰੀਟ ਨੂੰ ਨਵੇਂ ਸਾਲ ਦੀ ਪੂਰਬਲੀ ਸੰਧਿਆ ਹੁੰਦੀਆਂ ਪਾਰਟੀਆਂ ਲਈ ਜਾਣਿਆ ਜਾਂਦਾ ਹੈ। ਇਸ ਦੌਰਾਨ ਪੁਲੀਸ ਅਧਿਕਾਰੀਆਂ ਨੇ ਖ਼ਬਰ ਏਜੰਸੀ ਨੂੰ ਦੱਸਿਆ ਕਿ ਇਸ ਹਾਦਸੇ ਦਾ ਮਸ਼ਕੂਕ ਮਗਰੋਂ ਪੁਲੀਸ ਨਾਲ ਹੋਏ ਮੁਕਾਬਲੇ ਵਿਚ ਮਾਰਿਆ ਗਿਆ। ਪੁਲੀਸ ਨੇ ਮੌਕੇ ਤੋਂ ਹੈਂਡਗੰਨ ਤੇ ਏਆਰ ਸਟਾਈਲ ਰਾਈਫ਼ਲ ਬਰਾਮਦ ਕੀਤੀ ਹੈ। ਨਿਊ ਓਰਲੀਅਨਜ਼ ਦੇ ਮੇਅਰ ਲਾਟੋਇਆ ਕੈਂਟਰੈੱਲ ਨੇ ਹੱਤਿਆਵਾਂ ਨੂੰ ‘ਦਹਿਸ਼ਤੀ ਹਮਲਾ’ ਕਰਾਰ ਦਿੱਤਾ ਹੈ। ਸਿਟੀ ਪੁਲੀਸ ਦੇ ਮੁਖੀ ਨੇ ਕਿਹਾ ਕਿ ਇਹ ਗਿਣਮਿੱਥ ਕੇ ਕੀਤਾ ਗਿਆ ਹਮਲਾ ਸੀ। ਹਾਲਾਂਕਿ ਸਹਾਇਕ ਐੱਫਬੀਆਈ ਏਜੰਟ ਨੇ ‘ਦਹਿਸ਼ਤੀ ਹਮਲੇ’ ਤੋਂ ਇਨਕਾਰ ਕੀਤਾ ਹੈ। ਉਂਝ ਅਧਿਕਾਰੀਆਂ ਵੱਲੋਂ ਮੌਕੇ ’ਤੇ ਮਿਲੀ ਸ਼ੱਕੀ ਧਮਾਕਾਖੇਜ਼ ਸਮੱਗਰੀ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲੀਸ ਕਮਿਸ਼ਨਰ ਐਨੀ ਕਿਰਕਪੈਟਰਿਕ ਨੇ ਕਿਹਾ ਕਿ ਟਰੱਕ ਦਾ ਡਰਾਈਵਰ ਜਦੋਂ ਬਾਹਰ ਨਿਕਲਿਆ ਤਾਂ ਉਸ ਦੀ ਹਾਲਤ ਸਥਿਰ ਸੀ ਤੇ ਇਸ ਮਗਰੋਂ ਦੋ ਪੁਲੀਸ ਅਧਿਕਾਰੀਆਂ ’ਤੇ ਗੋਲੀ ਚੱਲੀ। ਨੋਲਾ ਰੈਡੀ ਨੇ ਕਿਹਾ ਕਿ ਜ਼ਖ਼ਮੀਆਂ ਨੂੰ ਪੰਜ ਸਥਾਨਕ ਹਸਪਤਾਲਾਂ ਵਿਚ ਦਾਖ਼ਲ ਕਰਵਾਇਆ ਗਿਆ ਹੈ। ਉਧਰ ਵ੍ਹਾਈਟ ਹਾਊਸ ਨੇ ਕਿਹਾ ਕਿ ਰਾਸ਼ਟਰਪਤੀ ਜੋਅ ਬਾਇਡਨ ਨੂੰ ਹਮਲੇ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੂੰ ਵੀ ਸੂਚਿਤ ਕੀਤਾ ਗਿਆ ਹੈ।




# ਨਵੇਂ ਵਰ੍ਹੇ ਦੀ ਆਮਦ ਮੁਲਕ ਨੂੰ ਏਕਤਾ ਦੇ ਰਾਹ ’ਤੇ ਅੱਗੇ ਲਿਜਾਣ ਦਾ ਮੌਕਾ: ਮੁਰਮੂ

ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਨਵੇਂ ਵਰ੍ਹੇ ਦੀ ਪੂਰਬਲੀ ਸ਼ਾਮ ਮੌਕੇ ਅੱਜ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ ਅਤੇ ਸਾਰਿਆਂ ਨੂੰ ‘ਸਮਾਜ ਤੇ ਦੇਸ਼’ ਨੂੰ ਏਕਤਾ ਤੇ ਉੱਤਮਤਾ ਦੇ ਰਾਹ ’ਤੇ ਅੱਗੇ ਲਿਜਾਣ ਦੀ ਅਪੀਲ ਕੀਤੀ। ਉਨ੍ਹਾਂ ਨੇ ਇੱਕ ਸੁਨੇਹੇ ’ਚ ਕਿਹਾ ਕਿ ਨਵੇਂ ਵਰ੍ਹੇ ਦੀ ਆਮਦ ਨਵੀਆਂ ਉਮੀਦਾਂ, ਸੁਫ਼ਨਿਆਂ ਅਤੇ ਖੁਹਾਇਸ਼ਾਂ ਦੀ ਸ਼ੁਰੂਆਤ ਦੀ ਪ੍ਰਤੀਕ ਹੈ। ਮੁਰਮੂ ਨੇ ਆਖਿਆ ਕਿ ਇਹ ਸਮਾਂ ‘ਸਾਡੀਆਂ ਇੱਛਾਵਾਂ’ ਪੂਰੀਆਂ ਕਰਨ ਲਈ ਨਵੇਂ ਜੋਸ਼ ਨਾਲ ਅੱਗੇ ਵਧਣ ਦਾ ਮੌਕਾ ਪ੍ਰਦਾਨ ਕਰਦਾ ਹੈ।



SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਗੁਰਦੁਆਰਾ ਅਨੰਦਗੜ ਸਾਹਿਬ ਕਰਮਨ ਵਿਖੇ ਚਾਰ ਸਾਹਿਬਜ਼ਾਦਿਆਂ ਅਤੇ ਸ਼ਹੀਦਾਂ ਦੀ ਯਾਦ ਵਿੱਚ ਹੋਏ ਵਿਸ਼ੇਸ਼ ਸਮਾਗਮ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਸਿੱਖ ਭਾਈਚਾਰੇ ਨੇ ਆਪਣੀ ਮਿਹਨਤ, ਭਾਈਚਾਰਕ ਅਤੇ ਸਮਾਜਿਕ ਸੇਵਾਵਾਂ ਕਰਕੇ ਆਪਣੀ ਪਹਿਚਾਣ ਦੁਨੀਆਂ ਵਿੱਚ ਬਣਾਈ ਹੈ। ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਨੇ ਜਿੱਥੇ ਆਪਣੇ ਜੀਵਨ ਪੱਧਰ ਨੂੰ ਖੁਸ਼ਹਾਲ ਬਣਾਉਣ ਲਈ ਮਿਹਨਤਾਂ ਕੀਤੀਆਂ, ਉੱਥੇ ਪੰਜਾਬੀ ਬੋਲੀ ਅਤੇ ਸਿੱਖ ਧਰਮ ਦੀ ਵਿਦੇਸ਼ਾਂ ਵਿੱਚ ਪ੍ਰਫੁੱਲਤਾ ਲਈ ਵੀ ਵਡਮੁੱਲਾ ਯੋਗਦਾਨ ਪਾਇਆ। ਇੱਥੋ ਦੇ ਸਕੂਲਾਂ ਵਿੱਚ ਪੰਜਾਬੀ ਦੇ ਵਿਸ਼ੇ ਦੀ ਪੜਾਈ ਅਤੇ ਸਿੱਖ ਇਤਿਹਾਸ ਪੜਾਇਆ ਜਾਂਦਾ ਹੈ। ਇਹੀ ਕਾਰਨ ਹੈ ਕਿ ਅੱਜ ਬੇਸ਼ੱਕ ਭਾਰਤ, ਖਾਸਕਰ ਪੰਜਾਬ ਦੇ ਬੱਚਿਆਂ ਨੂੰ ਇਤਿਹਾਸ ਪੂਰੀ ਤਰਾਂ ਨਾ ਪਤਾ ਹੋਵੇ, ਪਰ ਇੱਥੋ ਦੇ ਬੱਚੇ ਸਿੱਖ ਇਤਿਹਾਸ ਤੋਂ ਭਲੀਭਾਤ ਜਾਣੂ ਹਨ। ਜਿਸ ਵਿੱਚ ਗੁਰੂਘਰਾਂ ਦੁਆਰਾ ਚਲਾਏ ਜਾ ਰਹੇ ਸਕੂਲਾਂ ਦਾ ਵੀ ਵਡਮੁੱਲਾ ਯੋਗਦਾਨ ਹੈ।

ਸਿੱਖ ਇਤਿਹਾਸ ਵਿੱਚ ਚੱਲ ਰਹੇ ਦਸੰਬਰ (ਪੋਹ) ਮਹੀਨੇ ਦੇ ਆਖਰੀ ਦਿਨ ਸਿੱਖਾਂ ਲਈ ਬਹੁਤ ਮਹੱਤਵਪੂਰਨ ਹਨ। ਇੰਨਾਂ ਹੀ ਦਿਨਾਂ ਵਿੱਚ ਧੰਨ-ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ, ਮਾਤਾ ਗੁੱਜਰੀ ਜੀ ਅਤੇ ਹੋਰ ਅਨੇਕਾਂ ਸਿੱਖਾ ਨੇ ਧਰਮ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਸੇ ਇਤਿਹਾਸਕ ਸਮੇਂ ਨੂੰ ਯਾਦ ਕਰਦੇ ਹੋਏ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਕਰਮਨ ਨਿਵਾਸੀ ਸ। ਸਰਬਜੀਤ ਸਿੰਘ ਸਰਾਂ ਅਤੇ ਸੰਗਤਾਂ ਨੇ ਗੁਰਦੁਆਰਾ ਅਨੰਦਗੜ ਸਾਹਿਬ ਕਰਮਨ ਵਿਖੇ ਵਿਸ਼ੇਸ਼ ਸਮਾਗਮ ਕਰਵਾਏ। ਇਸ ਪ੍ਰੋਗਰਾਮ ਵਿੱਚ ਗੁਰੂਘਰ ਵਿਖੇ ਸਹਿਜ਼ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸੇ ਦੌਰਾਨ ਆਖਰੀ ਤਿੰਨ ਦਿਨ ਗੁਰੂਘਰ ਵਿਖੇ ਗੁਰਬਾਣੀ-ਕੀਰਤਨ ਅਤੇ ਢਾਡੀ ਦਰਬਾਰ ਸਜਾਇਆ ਗਿਆਂ। ਜਿਸ ਵਿੱਚ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਿਆ ਗਿਆ।



ਇੰਨਾਂ ਸ਼ਹੀਦੀ ਸਮਾਗਮਾਂ ਦੀ ਸਮਾਪਤੀ ਸਮੇਂ ਸਹਿਜ ਪਾਠ ਦੇ ਭੋਗ ਉਪਰੰਤ ਗੁਰੂਘਰ ਦੇ ਹਜ਼ੂਰੀ ਕੀਰਤਨੀ ਜੱਥੇ ਦੇ ਭਾਈ ਬਲਜਿੰਦਰ ਸਿੰਘ, ਭਾਈ ਸਤਿੰਦਰ ਸਿੰਘ ਅਤੇ ਭਾਈ ਨਰਿੰਦਰ ਸਿੰਘ ਨੇ ਨਿਰੋਲ ਗੁਰਬਾਣੀ ਕੀਰਤਨ ਰਾਹੀਂ ਹਾਜ਼ਰੀ ਭਰਦੇ ਹੋਏ ਸਿੱਖ ਇਤਿਹਾਸ ਸਰਵਣ ਕਰਵਾਇਆ। ਇਸ ਉਪਰੰਤ ਚੱਲੇ ਢਾਡੀ ਦਰਬਾਰ ਵਿੱਚ ਜਿਸ ਜੰਡਿਆਲਾ ਮੰਜਕੀ ਵਾਲੇ ਢਾਡੀ ਜੱਥੇ ਨੇ ਹਾਜ਼ਰੀ ਭਰੀ। ਇਸ ਸਮੇਂ ਢਾਡੀ ਜੱਥੇ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਪ੍ਰਸੰਗ ਛੋਟੀ ਉਮਰੇ ਵੱਡੀਆਂ ਕੁਰਬਾਨੀਆਂ ਬੜੇ ਵਿਸਥਾਰ ਅਤੇ ਜ਼ਜ਼ਬੇ ਨਾਲ ਸੁਣਾਇਆ ਕਿ ਇਤਿਹਾਸ ਸੁਣ ਰਹੀਆਂ ਸੰਗਤਾਂ ਦੀਆਂ ਅੱਖਾਂ ਨਮ ਦਿਖ ਰਹੀਆਂ ਸਨ। ਢਾਡੀ ਜੱਥਾਂ ਹਾਜ਼ਰ ਸੰਗਤਾਂ ਨੂੰ ਇਤਿਹਾਸ ਸੁਣਾਉਂਦੇ ਹੋਏ ਬੜੀ ਸੂਝ ਨਾਲ ਇਸ ਤਰਾਂ ਤੋਰ ਰਿਹਾ ਸੀ ਕਿ ਸੰਗਤਾਂ ਉਸ ਸਮੇਂ ਦੇ ਹਲਾਤਾ ਨੂੰ ਮਹਿਸੂਸ ਕਰ ਰਹੀਆਂ ਸਨ। ਸੰਗਤਾਂ ਦੇ ਮੂੰਹੋ ਆਪ-ਮੁਹਾਰੇ ਨਿਕਲ ਰਿਹਾ ਸੀ ਕਿ ਧੰਨ ਗੁਰੂ ਗੋਬਿੰਦ ਸਿੰਘ ਜੀ ਅਤੇ ਧੰਨ ਉਨ੍ਹਾਂ ਦੇ ਲਾਲ। ਇਸ ਸਮੇਂ ਸੰਗਤਾਂ ਵੱਲੋਂ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਵੀ ਗਜਾਏ ਗਏ। ਇਸੇ ਦੌਰਾਨ ਬੰਦਾ ਸਿੰਘ ਬਹਾਦਰ ਦਾ ਬਹਾਦਰੀ ਭਰਿਆ ਸੰਖੇਪ ਇਤਿਹਾਸ ਵੀ ਸਰਵਨ ਕਰਵਾਇਆ ਗਿਆ। ਅੰਤ ਸੰਗਤਾਂ ਵੱਲੋਂ ਢਾਡੀ ਜੱਥੇ ਦਾ ਸਨਮਾਨ ਕੀਤਾ ਗਿਆ।

ਸਮੁੱਚੇ ਪ੍ਰੋਗਰਾਮ ਵਿੱਚ ਕਰਮਨ ਸ਼ਹਿਰ ਅਤੇ ਹੋਰ ਦੂਰ-ਦੂਰਾਡੇ ਤੋਂ ਸੰਗਤਾਂ ਨੇ ਪਹੁੰਚ ਕੇ ਹਾਜ਼ਰੀਆਂ ਭਰੀਆ। ਜਿਸ ਦੌਰਾਨ ਤਿੰਨੇ ਦਿਨ ਮਰਿਆਦਾ ਅਨੁਸਾਰ ਸਾਦੇ ਗੁਰੂ ਦੇ ਲੰਗਰ ਅਤੁੱਟ ਵਰਤੇ। ਆਪਣੀ ਨਵੀਂ ਪੀੜੀ ਦੇ ਬੱਚਿਆਂ ਅਤੇ ਵਿਦੇਸ਼ਾਂ ਵਿੱਚ ਵਸਦੇ ਲੋਕਾਂ ਨੂੰ ਦੁਨੀਆਂ ਦੇ ਸਭ ਤੋਂ ਵੱਧ ਕੁਰਬਾਨੀਆਂ ਭਰੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਇਹੋ ਜਿਹੇ ਪ੍ਰੋਗਰਾਮ ਬਹੁਤ ਜ਼ਰੂਰੀ ਹਨ। ਇਸ ਤਿੰਨ ਦਿਨਾਂ ਢਾਡੀ ਦਰਬਾਰ ਅਤੇ ਗੁਰਬਾਣੀ ਕੀਰਤਨ ਦਾ ਬਹੁਤ ਵਧੀਆਂ ਪ੍ਰੋਗਰਾਮ ਉਲੀਕਣ ਲਈ ਸ। ਸਰਬਜੀਤ ਸਿੰਘ ਸਰਾਂ ਅਤੇ ਸਮੂੰਹ ਸੰਗਤਾਂ ਵਧਾਈ ਦੀਆਂ ਪਾਤਰ ਹਨ।

# ਸਰਕਾਰ ਵੱਲੋਂ ਡਾ. ਮਨਮੋਹਨ ਸਿੰਘ ਦੀ ਯਾਦਗਾਰ ਲਈ ਢੁੱਕਵੀਂ ਥਾਂ ਦੀ ਨਿਸ਼ਾਨੇਦਹੀ ਦਾ ਕੰਮ ਸ਼ੁਰੂ

**ਨਵੀਂ ਦਿੱਲੀ-** ਸਰਕਾਰ ਨੇ ਸਾਬਕਾ ਪ੍ਰਧਾਨ ਮੰਤਰੀ ਡਾ।ਮਨਮੋਹਨ ਸਿੰਘ ਦੀ ਯਾਦਗਾਰ ਵਾਸਤੇ ਥਾਂ ਦੀ ਨਿਸ਼ਾਨਦੇਹੀ ਲਈ ਅਮਲ ਸ਼ੁਰੂ ਕਰ ਦਿੱਤਾ ਹੈ। ਸਰਕਾਰ ਨੇ ਢੁੱਕਵੀਂ ਥਾਂ ਨੂੰ ਅੰਤਿਮ ਰੂਪ ਦੇਣ ਲਈ ਸਿੰਘ ਦੇ ਪਰਿਵਾਰ ਨਾਲ ਰਾਬਤਾ ਬਣਾਇਆ ਹੋਇਆ ਹੈ। ਸੂਤਰਾਂ ਨੇ ਕਿਹਾ ਕਿ ਸੀਪੀਡਬਲਿਊਡੀ ਅਧਿਕਾਰੀਆਂ ਨੇ ਰਾਸ਼ਟਰੀ ਸਮ੍ਰਿਤੀ ਸਥੱਲ ਵਿਚ ਸੰਜੈ ਗਾਂਧੀ ਦੀ ਯਾਦਗਾਰ ਨੇੜੇ ਦੌਰਾ ਕਰਕੇ ਕੁਝ ਥਾਵਾਂ ਦੀ ਸ਼ਨਾਖ਼ਤ ਕੀਤੀ ਹੈ, ਜਿੱਥੇ ਯਾਦਗਾਰ ਬਣਾਈ ਜਾ ਸਕਦੀ ਹੈ। ਸੂਤਰਾਂ ਨੇ ਕਿਹਾ ਕਿ ਸਰਕਾਰ ਸਾਬਕਾ ਪ੍ਰਧਾਨ ਮੰਤਰੀ ਦੇ ਪਰਿਵਾਰ ਦੇ ਸੰਪਰਕ ਵਿਚ ਹੈ ਤੇ ਯਾਦਗਾਰ ਦੀ ਥਾਂ ਲਈ ਤਿੰਨ ਚਾਰ ਵਿਕਲਪਾਂ ਉੱਤੇ ਵਿਚਾਰ ਚਰਚਾ ਕੀਤੀ ਗਈ ਹੈ। ਉਂਝ ਸੂਤਰਾਂ ਨੇ ਕਿਹਾ ਕਿ ਅਜੇ ਤੱਕ ਕਿਸੇ ਵੀ ਸਾਈਟ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ ਤੇ ਸਿੰਘ ਦੇ ਪਰਿਵਾਰ ਦੇ ਸਲਾਹ ਮਸ਼ਵਰੇ ਨਾਲ ਹੀ ਅਗਲਾ ਕਦਮ ਪੁੱਟਿਆ ਜਾਵੇਗਾ। ਕੇਂਦਰ ਸਰਕਾਰ ਯਾਦਗਾਰ ਲਈ ਚੋਣਵੀਂ ਥਾਂ ਅਲਾਟ ਕਰਨ ਤੋਂ ਪਹਿਲਾਂ ਟਰੱਸਟ ਸਥਾਪਿਤ ਕਰੇਗੀ। ਡਾ. ਮਨਮੋਹਨ ਸਿੰਘ ਦਾ 26 ਦਸੰਬਰ ਨੂੰ 92 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ ਸੀ। ਕਾਂਗਰਸ ਨੇ ਉਨ੍ਹਾਂ ਦੀਆਂ ਅੰਤਿਮ ਰਸਮਾਂ ਨਿਗਮਬੋਧ ਘਾਟ ਵਿਚ ਕੀਤੇ ਜਾਣ ਲਈ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ ਸੀ। ਉਦੋਂ ਤੋਂ ਹੁਣ ਤੱਕ ਸਿੰਘ ਦੀ ਯਾਦਗਾਰ ਸਥਾਪਿਤ ਕਰਨ ਨੂੰ ਲੈ ਕੇ ਭਾਜਪਾ ਤੇ ਕਾਂਗਰਸ ਦਰਮਿਆਨ ਸ਼ਬਦੀ ਜੰਗ ਜਾਰੀ ਹੈ।








KB USED AUTO SALES



8655 B Monterey Street Gilroy, CA 95020

Kashmiri Bhatia, Dealer/Broker 408-848-2365

50% OFF WARRANTY with Qualifying Car Purchase

IN HOUSE FINANCING AVALIABLE www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kamaljit Kaur Bhatia & Kashmiri Bhatia

K&K AUTO REPAIR and Car Wash

63 Muckelemi St San Juan Bautista 95045

Kashmiri Bhatia (Owner) 831-623-4702

20% OFF LABOUR on your next qualifying service

Car Care You Can Trust

# ਐਰੀਜ਼ੋਨਾ ਵਿਚ ਕੌਮਾਂਤਰੀ ਹਵਾਈ ਅੱਡੇ 'ਤੇ ਹੋਈ ਗੋਲੀਬਾਰੀ ਵਿੱਚ 3 ਜ਼ਖਮੀ , ਇਕ ਦੀ ਹਾਲਤ ਗੰਭੀਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਐਰੀਜ਼ੋਨਾ ਵਿਚ ਫੋਨਿਕਸ ਸਕਾਈ ਹਾਰਬਰ ਇੰਟਨੈਸ਼ਨਲ ਹਵਾਈ ਅੱਡੇ 'ਤੇ ਹੋਈ ਗੋਲੀਬਾਰੀ ਵਿਚ ਇਕ ਔਰਤ ਸਮੇਤ 3 ਵਿਅਕਤੀਆਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਪੁਲਿਸ ਦਾ ਕਹਿਣਾ ਹੈ ਕਿ ਇਹ ਘਟਨਾ ਘਰੇਲੂ ਝਗੜੇ ਦਾ ਸਿੱਟਾ ਹੈ ਤੇ ਘਟਨਾ ਵਿਚ ਸ਼ਾਮਿਲ ਸਾਰੇ 5 ਲੋਕ ਇਕ ਦੂਸਰੇ ਦੇ ਕਰੀਬੀ ਹਨ। ਫੋਨਿਕਸ ਪੁਲਿਸ ਸਾਰਜੈਂਟ ਮਾਇਰਾ ਰੀਸਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਗੋਲੀਬਾਰੀ ਦੀ ਘਟਨਾ ਸੁਰੱਖਿਆ ਘੇਰੇ ਤੋਂ ਬਾਹਰ ਟਰਮੀਨਲ 4 ਰੈਸਟੋਰੈਂਟ ਵਿਖੇ ਹੋਈ ਜਿਥੇ ਤਕਰੀਬਨ ਰਾਤ 9।45 ਵਜੇ ਮੌਕੇ ਉਪਰ ਪੁੱਜੇ ਪੁਲਿਸ ਅਫਸਰਾਂ ਨੂੰ 3 ਲੋਕ ਜ਼ਖਮੀ ਹਾਲਤ ਵਿਚ ਮਿਲੇ ਜਿਨਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਉਨਾਂ ਕਿਹਾ ਕਿ ਬਾਅਦ ਵਿਚ ਪੁਲਿਸ ਨੇ ਪਾਰਕਿੰਗ ਗੈਰਾਜ ਖੇਤਰ ਵਿਚੋਂ ਇਕ ਨਬਾਲਗ ਕੁੜੀ ਤੇ ਇਕ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਹੈ। ਵਿਅਕਤੀ ਦੇ ਚਾਕੂ ਵੱਜਾ ਹੋਇਆ ਸੀ। ਰੀਸਨ ਅਨੁਸਾਰ ਉਸ ਦਾ ਵਿਸ਼ਵਾਸ਼ ਹੈ ਕਿ ਇਹ ਘਟਨਾ ਘਰੇਲੂ ਝਗੜੇ ਦਾ ਸਿੱਟਾ ਹੈ ਜੋ ਵਧ ਗਿਆ ਤੇ ਗੋਲੀ ਚੱਲ ਗਈ। ਜ਼ਖਮੀਆਂ ਨੂੰ ਹਸਪਤਾਲ ਲਿਜਾਇਆ ਗਿਆ ਹੈ ਜਿਨਾਂ ਵਿਚੋਂ ਇਕ ਔਰਤ ਦੀ ਹਾਲਤ ਗੰਭੀਰ ਹੈ ਜਦ ਕਿ ਬਾਕੀ ਸਥਿੱਰ ਹਾਲਤ ਵਿਚ ਹਨ। ਰੀਸਨ ਨੇ ਕਿਹਾ ਹੈ ਕਿ ਘਟਨਾ ਵਿਚ ਵਰਤਿਆ ਗਿਆ ਹਥਿਆਰ ਬਰਾਮਦ ਕਰ ਲਿਆ ਗਿਆ ਹੈ। ਉਨਾਂ ਇਹ ਵੀ ਕਿਹਾ ਕਿ ਗ੍ਰਿਫਤਾਰ ਕੀਤੀ ਇਕ ਨਬਾਲਗ ਕੁੜੀ ਤੇ ਇਕ ਵਿਅਕਤੀ ਵਿਰੁੱਧ ਅਜੇ ਦੋਸ਼ ਦਾਇਰ ਨਹੀਂ ਕੀਤੇ ਗਏ ਹਨ। ਉਨਾਂ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਿਸ ਨੇ ਇਹ ਵੀ ਕਿਹਾ ਹੈ ਕਿ ਇਹ ਅਜੇ ਸਪੱਸ਼ਟ ਨਹੀਂ ਹੈ ਕਿ ਘਟਨਾ ਵਿਚ ਸ਼ਾਮਿਲ ਲੋਕਾਂ ਦੀ ਸਫਰ ਕਰਨ ਦੀ ਯੋਜਨਾ ਸੀ ਜਾਂ ਹੋਰ ਕਿਸੇ ਕਾਰਨ ਹਵਾਈ ਅੱਡੇ 'ਤੇ ਆਏ ਸਨ। ਰੀਸਨ ਅਨੁਸਾਰ ਹਾਲਾਂ ਕਿ ਘਟਨਾ ਉਪਰੰਤ ਖਾਣ ਪੀਣ ਵਾਲੇ ਖੇਤਰ ਵਿਚਲੇ ਸਾਰੇ ਰੈਸਟੋਰੈਂਟ ਬੰਦ ਕਰ ਦਿੱਤੇ ਗਏ ਸਨ ਪਰੰਤੂ ਬਾਅਦ ਵਿਚ ਸਭ ਕੁਝ ਆਮ ਵਾਂਗ ਹੋ ਗਿਆ ਹੈ।




# ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਿਮੀ ਕਾਰਟਰ ਦਾ ਦੇਹਾਂਤ



**ਵਾਸ਼ਿੰਗਟਨ (ਬਿਊਰੋ)**– ਅਮਰੀਕਾ ਦੇ 39ਵੇਂ ਰਾਸ਼ਟਰਪਤੀ ਅਤੇ ਭਾਰਤ ਆਉਣ ਵਾਲੇ ਤੀਜੇ ਅਮਰੀਕੀ ਆਗੂ ਜਿਮੀ ਕਾਰਟਰ ਦਾ ਬੀਤੇ ਦਿਨ 100 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਹ ਅਮਰੀਕੀ ਇਤਿਹਾਸ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਜਿਊਂਦੇ ਰਹਿਣ ਵਾਲੇ ਰਾਸ਼ਟਰਪਤੀ ਸਨ। ਉਨ੍ਹਾਂ ਦੇ ਸਨਮਾਨ ਵਿੱਚ ਹਰਿਆਣਾ ਦੇ ਇੱਕ ਪਿੰਡ ਦਾ ਨਾਮ ਕਾਰਟਰਪੁਰੀ ਰੱਖਿਆ ਗਿਆ ਸੀ।

# ਯੂਕੇ ਵੱਲੋਂ ਭਾਰਤ ਦੌਰੇ ਸਬੰਧੀ ਐਡਵਾਈਜ਼ਰੀ ਜਾਰੀ



**ਲੰਡਨ–** ਯੂਕੇ ਸਰਕਾਰ ਨੇ ਭਾਰਤ ਦੀ ਯਾਤਰਾ ਲਈ ਐਡਵਾਈਜ਼ਰੀ ਨੂੰ ਅਪਡੇਟ ਕਰਦਿਆਂ ਬਰਤਾਨਵੀ ਨਾਗਰਿਕਾਂ ਨੂੰ ਬਿਨਾਂ ਲਾਇਸੈਂਸ ਤੋਂ ਭਾਰਤ ਵਿੱਚ ਸੈਟੇਲਾਈਟ ਫੋਨ ਲਿਜਾਣ ਜਾਂ ਵਰਤੋਂ ਕਰਨ ਖ਼ਿਲਾਫ਼ ਚਿਤਾਵਨੀ ਦਿੱਤੀ ਹੈ। ਵਿਦੇਸ਼, ਰਾਸ਼ਟਰਮੰਡਲ ਤੇ ਵਿਕਾਸ ਦਫ਼ਤਰ (ਐੱਫਸੀਡੀਓ) ਨੇ ਭਾਰਤ ਲਈ ਆਪਣੀ ਐਡਵਾਈਜ਼ਰੀ ਦੀ 'ਰੱਖਿਆ ਤੇ ਸੁਰੱਖਿਆ' ਸਮੀਖਿਆ ਕੀਤੀ, ਜਿਸ ਵਿੱਚ ਦੱਸਿਆ ਗਿਆ ਕਿ ਬਰਤਾਨੀਆ ਦੇ ਲੋਕਾਂ ਨੂੰ ਭਾਰਤ ਵਿੱਚ ਗ਼ੈਰਕਾਨੂੰਨੀ ਤੌਰ 'ਤੇ ਅਜਿਹੇ ਉਪਕਰਨ ਲਿਜਾਣ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ।

# ਨਵੇਂ ਸਾਲ 'ਚ ਕੇਂਦਰੀ ਕੈਬਨਿਟ ਵੱਲੋਂ ਖੇਤੀ ਨੂੰ ਸਮਰਪਿਤ ਕਈ ਫੈਸਲੇ

**ਨਵੀਂ ਦਿੱਲੀ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਆਰਥਿਕ ਮਾਮਲਿਆਂ ਬਾਰੇ ਕੇਂਦਰੀ ਕੈ-ਬਨਿਟ ਨੇ ਨਵੇਂ ਸਾਲ ਦੇ ਪਹਿਲੇ ਦਿਨ ਹੀ ਕਿਸਾਨਾਂ ਲਈ ਕਈ ਅਹਿਮ ਫ਼ੈਸਲੇ ਲਏ ਹਨ। ਸ੍ਰੀ ਮੋਦੀ ਨੇ ਕਿਹਾ ਕਿ ਕੇਂਦਰੀ ਕੈਬਨਿਟ ਦੇ ਇਹ ਫੈਸਲੇ ਕਿਸਾਨਾਂ ਨੂੰ ਸਮਰਪਿਤ ਹਨ। ਕੇਂਦਰ ਨੇ ਕਿਸਾਨਾਂ ਨੂੰ ਸਸਤੇ ਭਾਅ 'ਤੇ ਡੀਏਪੀ ਖਾਦ ਦੀ ਸਪਲਾਈ ਯਕੀਨੀ ਬਣਾਉਣ ਲਈ ਯੱਕਮੁਸ਼ਤ ਵਿਸ਼ੇਸ਼ ਪੈਕੇਜ 31 ਦਸੰਬਰ, 2024 ਤੋਂ ਅੱਗੇ ਵਧਾਉਣ ਦਾ ਫ਼ੈਸਲਾ ਕੀਤਾ ਹੈ। ਇਸ ਨਾਲ ਖ਼ਜ਼ਾਨੇ 'ਤੇ 3,850 ਕਰੋੜ ਰੁਪਏ ਦਾ ਬੋਝ ਪਏਗਾ, ਪਰ ਕਿਸਾਨਾਂ ਨੂੰ ਡੀਏਪੀ ਦੀ 50 ਕਿਲੋ ਵਜ਼ਨ ਦੀ ਬੋਰੀ 1,350 ਰੁਪਏ 'ਚ ਹੀ ਮਿਲੇਗੀ। ਸਰਕਾਰ ਨੇ ਦੋ ਫ਼ਸਲ ਬੀਮਾ ਯੋਜਨਾਵਾਂ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ (ਪੀ ਐੱਮ ਐੱਫ ਬੀ ਵਾਈ) ਅਤੇ ਪੁਨਰਗਠਿਤ ਮੌਸਮ ਆਧਾਰਿਤ ਫ਼ਸਲ ਬੀਮਾ ਯੋਜਨਾ (ਆਰ ਡਬਲਿਊਬੀ ਸੀ ਆਈ ਐੱਸ) ਨੂੰ 2025-26 ਤੱਕ ਵਧਾ ਦਿੱਤਾ ਹੈ। ਇਨ੍ਹਾਂ ਦੋਵਾਂ ਯੋਜਨਾਵਾਂ ਲਈ ਵਿੱਤੀ ਸਾਲ 2025-26 ਵਾਸਤੇ 69,515।71 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ। ਇਸੇ ਤਰ੍ਹਾਂ ਅਹਿਮ ਯੋਜਨਾਵਾਂ ਲਾਗੂ ਕਰਨ ਲਈ ਤਕਨਾਲੋਜੀ ਦੀ ਵਰਤੋਂ ਵਾਸਤੇ 824।77 ਕਰੋੜ ਰੁਪਏ ਦਾ ਇਕ ਵੱਖਰਾ ਫੰਡ ਬਣਾਇਆ ਗਿਆ ਹੈ।



# ਹਿਊਸਟਨ ਵਿਚ ਲੁੱਟਖੋਹ ਦੀ ਕੋਸ਼ਿਸ਼ ਦੌਰਾਨ ਹੋਈ ਗੋਲੀਬਾਰੀ ਵਿੱਚ 3 ਲੜਕੇ ਜ਼ਖਮੀ, 1 ਦੀ ਹਾਲਤ ਗੰਭੀਰ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਹਿਊਸਟਨ ਵਿਚ ਕੁਝ ਨੌਜਵਾਨਾਂ ਵੱਲੋਂ ਇਕ 25 ਸਾਲਾ ਵਿਅਕਤੀ ਨੂੰ ਲੁੱਟਣ ਦਾ ਯਤਨ ਕੀਤਾ ਗਿਆ । ਉਸ ਵਿਅਕਤੀ ਵੱਲੋਂ ਆਪਣੇ ਬਚਾਅ ਲਈ ਆਪਣੇ ਰਿਵਾਲਰ ਤੋਂ ਚਲਾਈਆਂ ਗੋਲੀਆਂ ਨਾਲ 3 ਨੌਜਵਾਨ ਜ਼ਖਮੀ ਹੋ ਜਾਣ ਦੀ ਖਬਰ ਹੈ। ਹੈਰਿਸ ਕਾਊਂਟੀ ਸ਼ੈਰਿਫ ਦਫਤਰ ਦੇ ਮੇਜਰ ਸੌਲ ਸੁਆਰਜ਼ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਲੁੱਟਖੋਹ ਦੀ ਘਟਨਾ ਅੱਧੀ ਰਾਤ ਤੋਂ ਬਾਅਦ ਵਾਪਰੀ। ਸੂਚਨਾ ਮਿਲਣ 'ਤੇ ਜਦੋਂ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਉਨਾਂ ਨੂੰ 12 ਤੋਂ 14 ਸਾਲ ਦੇ ਉਮਰ ਦੇ 3 ਲੜਕੇ ਜ਼ਖਮੀ ਹਾਲਤ ਵਿਚ ਮਿਲੇ ਜਿਨਾਂ ਨੂੰ ਨੇੜੇ ਦੇ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਅਨੁਸਾਰ ਇਕ ਲੜਕੇ ਦੀ ਹਾਲਤ ਗੰਭੀਰ ਹੈ ਜਦ ਕਿ ਬਾਕੀ 2 ਸਥਿੱਰ ਹਾਲਤ ਵਿਚ ਹਨ। ਪੁਲਿਸ ਅਨੁਸਾਰ ਲੁੱਟਖੋਹ ਦੀ ਕੋਸ਼ਿਸ਼ ਵਿਚ ਇਕ ਲੜਕਾ ਸ਼ਾਮਿਲ ਸੀ । ਗੋਲੀ ਚਲਾਉਣ ਵਾਲੇ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਅਜੇ ਇਹ ਸਪੱਸ਼ਟ ਨਹੀਂ ਹੈ ਕਿ ਗ੍ਰਿਫਤਾਰ ਵਿਅਕਤੀ ਵਿਰੁੱਧ ਮਾਮਲਾ ਦਰਜ ਕੀਤਾ ਜਾਵੇਗਾ ਜਾਂ ਨਹੀਂ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED TIRES

WASH, LUBE, BRAKES

Call:

650-642-0697

3525 Highway 99, West Corning, CA 96021

Across the Street from TA Truck Stop

ਦੇਸ਼ ਦੁਆਬਾ

## 3 ਜਨਵਰੀ 1831

# ਭੁਲਾ ਦਿੱਤੀ ਗਈ ਨਾਇਕਾ ਸਵਿੱਤਰੀ ਬਾਈ ਫੂਲੇ




ਸਮਾਜ ਸੇਵਿਕਾ, ਕਵੀ ਅਤੇ ਦਲਿਤਾਂ ਲਈ ਅਵਾਜ ਉਠਾਉਣ ਵਾ.ਲੀ ਸਾਵਿੱਤਰੀ ਬਾਈ ਫੂਲੇ ਦੇ ਜੀਵਨ ਬਾਰੇ ਅਜੇ ਵੀ ਦੇਸ਼ ਦੇ ਬਹੁਤੇ ਲੋਕ ਨਹੀਂ ਜਾਣਦੇ। ਇੱਥੋਂ ਤੱਕ ਕਿ ਬਹੁਤ ਸਾਰੀਆਂ ਔਰਤਾਂ ਵੀ ਇਸ ਗੱਲ ਤੋਂ ਅਣਜਾਣ ਹਨ ਕਿ ਅੱਜ ਜੇ ਉਹ ਸਿੱਖਿਅਤ ਹਨ, ਰੁਜ਼ਗਾਰ ਦੇ ਕਾਬਿਲ ਹਨ ਤਾਂ ਇਸ ਵਿੱਚ ਸਾਵਿੱਤਰੀ ਬਾਈ ਫੂਲੇ ਦੀਆਂ ਅਣਥੱਕ ਕੋਸ਼ਿਸ਼ਾਂ ਦਾ ਬਹੁਤ ਯੋਗਦਾਨ ਹੈ।

ਸਾਵਿੱਤਰੀ ਬਾਈ ਫੂਲੇ ਦਾ ਜਨਮ 3 ਜਨਵਰੀ 1831 ਨੂੰ ਮਹਾਂਰਾਸ਼ਟਰ ਵਿੱਚ ਪੂਨੇ ਤੋਂ 50 ਕਿਲੋਮੀਟਰ ਦੂਰ ਨਈਗਾਓਂ ਵਿੱਚ ਹੋਇਆ। ਸਾਵਿੱਤਰੀ ਬਾਈ ਇੱਕ ਅਜਿਹੀ ਔਰਤ ਸੀ ਜਿਸਨੇ ਬਾਲ ਵਿਆਹ, ਛੂਆ-ਛੂਤ, ਜਾਤ-ਪਾਤ ਅਤੇ ਵਿਧਵਾ ਵਿਆਹ 'ਤੇ ਰੋਕ ਜਿਹੀਆਂ ਕੁਰੀਤੀਆਂ ਖਿਲਾਫ ਸੰਘਰਸ਼ ਕੀਤਾ। ਉਹਨਾਂ ਸਮਾਜਿਕ ਕੁਰੀਤੀਆਂ 'ਤੇ ਸੱਟ ਮਾਰਨ ਤੇ ਔਰਤਾਂ ਨੂੰ ਸਿੱਖਿਅਤ ਕਰਨ ਦਾ ਕੰਮ ਉਹਨਾਂ ਸਮਿਆਂ ਵਿੱਚ ਕੀਤਾ ਜਦੋਂ ਇੱਕ ਪਾਸੇ ਭਾਰਤ ਅੰਗਰੇਜ਼ਾਂ ਦਾ ਗੁਲਾਮ ਸੀ ਤੇ ਦੂਜੇ ਪਾਸੇ ਸਮਾਜ ਵਿੱਚ ਜਗੀਰੂ ਕਦਰਾਂ-ਕੀਮਤਾਂ ਦਾ ਬੋਲਬਾਲਾ ਸੀ ਜਿੱਥੇ ਔਰਤਾਂ ਦਾ ਪੜਨਾ-ਲਿਖਣਾ ਤੇ ਕਿਸੇ ਸਮਾਜਿਕ ਲਹਿਰ ਦਾ ਹਿੱਸਾ ਬਣਨਾ ਤਾਂ ਦੂਰ ਸਗੋਂ ਉਹਨਾਂ ਦਾ ਘਰੋਂ ਬਾਹਰ ਨਿੱਕ.ਲਣਾ ਵੀ ਮੁਸ਼ਕਿਲ ਸੀ।

1897 ਵਿੱਚ ਮਹਾਂਰਾਸ਼ਟਰ ਵਿੱਚ ਪਲੇਗ ਦੀ ਭਿਆਨਕ ਮਹਾਂਮਾਰੀ ਫੈਲ ਗਈ। ਪੂਨੇ ਦੇ ਖੇਤਰ ਵਿੱਚ ਸੈਂਕੜੇ ਲੋਕ ਪਲੇਗ ਨਾਲ ਮਰ ਰਹੇ ਸਨ। ਸਾਵਿੱਤਰੀ ਬਾਈ ਅਤੇ ਉਹਨਾਂ ਦੇ ਬੇਟੇ ਯਸ਼ਵੰਤ ਨੇ ਮਿ.ਲ ਕੇ ਸ਼ਹਿਰ ਦੇ ਬਾਹਰ ਬਿਮਾਰਾਂ ਦੀ ਮਦਦ ਲਈ ਹਸਪਤਾਲ ਖੋਲ਼ਿਆ। ਉਹ ਮਰੀਜਾਂ ਕੋ.ਲ ਜਾਂਦੀ ਅਤੇ ਆਪ ਉਹਨਾਂ ਨੂੰ ਹਸਪਤਾਲ ਲੈ ਕੇ ਆਉਂਦੀ, ਭਾਵੇਂ ਕਿ ਉਹ ਜਾਣਦੀ ਸੀ ਕਿ ਪਲੇਗ ਇੱਕ ਛੂਤ ਦੀ ਬਿਮਾਰੀ ਹੈ। 10 ਮਾਰਚ 1897 ਨੂੰ ਪਲੇਗ ਕਾਰਨ ਸਾਵਿੱਤਰੀ ਬਾਈ ਦੀ ਮੌਤ ਹੋ ਗਈ। ਉਨਾਂ ਦਾ ਸਾਰਾ ਜੀਵਨ ਦਲਿਤਾਂ ਅਤੇ ਔਰਤਾਂ ਦੇ ਸੰਘਰਸ਼ ਲਈ ਬੀਤਿਆ। ਉਹਨਾਂ ਇਹ ਵੀ ਜਾਣ ਲਿਆ ਸੀ ਕਿ ਅੰਗਰੇਜ਼ਾਂ ਦੀ ਵੀ ਦਲਿਤਾਂ ਤੇ ਦੱਬੇ-ਕੁਚਲੇ ਲੋਕਾਂ ਨਾ.ਲ ਕੋਈ ਹਮਦਰਦੀ ਨਹੀਂ ਹੈ। ਉਹਨਾਂ ਨੇ 'ਕਿਸਾਨ ਦਾ ਕੋੜਾ' ਵਿੱਚ ਲਿਖਿਆ ਹੈ ਕਿ ਅੰਗਰੇਜ਼ ਅਫਸਰਸ਼ਾਹੀ ਜਾਂ ਬ੍ਰਾਹਮਣਵਾਦੀ ਜਗੀਰਦਾਰ ਦੋਵਾਂ ਦੀ ਚਮੜੀ ਉਧੇੜੀ ਜਾਵੇ ਤਾਂ ਅੰਦਰੋ ਇੱਕ ਹੀ ਖ਼ੂਨ ਮਿ.ਲੇਗਾ, ਭਾਵ ਦੋਹਾਂ ਵਿੱਚ ਕੋਈ ਅੰਤਰ ਨਹੀਂ ਹੈ।

ਭਾਰਤ ਦੇ ਹਾਕਮਾਂ ਨੇ ਸਾਵਿੱਤਰੀ ਬਾਈ ਫੂਲੇ ਨੂੰ ਭੁਲਾ ਦਿੱਤਾ ਹੈ ਪਰ ਕਿਰਤੀ ਲੋਕਾਂ ਦੀ ਬਿਹਤਰੀ ਲਈ ਜੂਝਣ ਵਾਲੇ ਨੌਜਵਾਨਾਂ ਨੂੰ ਆਪਣੀ ਮਹਾਨ ਵਿਰਾਸਤ ਦੇ ਤੌਰ 'ਤੇ ਸਾਵਿੱਤਰੀ ਬਾਈ ਫੂਲੇ ਨੂੰ ਯਾਦ ਰੱਖਣਾ ਚਾਹੀਦਾ ਹੈ ਤੇ ਉਸਦੇ ਜੀਵਨ ਤੇ ਕੰਮਾਂ ਨੂੰ ਲੋਕਾਂ ਵਿੱਚ ਲਿਜਾਣਾ ਚਾਹੀਦਾ ਹੈ। ਸਾਵਿੱਤਰੀ ਬਾਈ ਫੂਲੇ ਨੇ ਸਭ ਲਈ ਸਿੱਖਿਆ, ਔਰਤਾਂ ਤੇ ਦਲਿਤਾਂ ਦੀ ਬਿਹਤਰੀ ਲਈ ਜੋ ਸੁਪਨਾ ਦੇਖਿਆ ਸੀ ਉਹਨਾਂ ਨੂੰ ਪੂਰਾ ਕਰਨ ਲਈ ਅੱਜ ਦੇ ਸਮਾਜ ਦੀਆਂ ਚੁਣੌਤੀਆਂ ਦਾ ਡਟ ਕੇ ਸਾਹਮਣਾ ਕਰਨਾ ਚਾਹੀਦਾ ਹੈ। ਅਦਾਰਾ 'ਦੇਸ਼ ਦੁਆਬਾ' ਉਹਨਾਂ ਦੇ ਜਨਮ ਦਿਨ 'ਤੇ ਉਹਨਾਂ ਦੇ ਯੋਗਦਾਨ ਨੂੰ ਪ੍ਰਣਾਮ ਕਰਦਾ ਹੈ।

# ਡਾ. ਮਨਮੋਹਨ ਸਿੰਘ ਅਤੇ ਸਾਂਝ ਦੀ ਸਿਆਸਤ

**ਜਯੋਤੀ ਮਲਹੋਤਰਾ**

ਕਾਂਗਰਸੀ ਆਗੂ ਮਨੀਸ਼ ਤਿਵਾੜੀ ਅਤੇ ਸਾਥੀ ਪੱਤਰਕਾਰ ਪ੍ਰਦੀਪ ਮੈਗਜ਼ੀਨ ਨੇ ਕਈ ਹੋਰਾਂ ਦੇ ਨਾਲ ਡਾ। ਮਨਮੋਹਨ ਸਿੰਘ ਦੇ ਦੇਹਾਂਤ ਉਤੇ ਸੋਸ਼ਲ ਮੀਡੀਆ 'ਤੇ ਪਿਛਲੇ ਕੁਝ ਘੰਟੇ ਇਸ ਗੱਲ 'ਤੇ ਚਿੰਤਨ ਕਰਦਿਆਂ ਬਿਤਾਏ ਕਿ ਕਿਉਂ ਮੀਡੀਆ ਦੇ ਕੁਝ ਹਿੱਸਿਆਂ ਨੇ ਡਾਬਰਮੈਨ ਪਿੰਸਚਰ ਦੀਆਂ ਕਈ ਵਿਸ਼ੇਸ਼ਤਾਵਾਂ ਨੂੰ ਅਪਣਾਇਆ (ਕੁੱਤੇ ਦੀ ਇਕ ਨਸਲ- ਡਾਬਰਮੈਨ ਤੋਂ ਬਣਦੀ ਮੁਆਫ਼ੀ ਮੰਗਦਿਆਂ) ਤੇ 2014 'ਚ ਪ੍ਰਧਾਨ ਮੰਤਰੀ ਕਾਰਜਕਾਲ ਦੇ ਆਖ਼ਿਰੀ ਮਹੀਨਿਆਂ ਦੌਰਾਨ ਬੜੇ ਅਨੋਖੇ ਢੰਗ ਨਾਲ ਉਨ੍ਹਾਂ ਦੇ ਮਗਰ ਪਿਆ ਰਿਹਾ। ਐਕਸ 'ਤੇ ਇਸ ਪ੍ਰਸੰਗ ਵਿਚ ਮੈਗਜ਼ੀਨ ਦੀ ਟਿੱਪਣੀ ਆਪਣੇ ਆਪ 'ਚ ਬਹੁਤ ਕੁਝ ਕਹਿੰਦੀ ਹੈ।

ਉਨ੍ਹਾਂ ਲਿਖਿਆ, "ਉਹ ਡਰਾਉਣਾ ਅਹਿਸਾਸ: ਭਾਰਤ ਨੂੰ ਅਪਮਾਨਿਤ ਹੋਏ ਮਨਮੋਹਨ ਸਿੰਘ ਦੇ ਅਪਰਾਧ ਬੋਧ ਨਾਲ ਜਿਊਣਾ ਪਵੇਗਾ।"

ਸਾਡੇ ਵਿੱਚੋਂ ਜਿਨ੍ਹਾਂ ਵਿਕਸਿਤ ਸਮਝ ਵਾਲਿਆਂ ਕਈਆਂ ਨੇ 2012-2014 ਤੱਕ ਇਸ ਮਨਹੂਸ ਕਹਾਣੀ ਨੂੰ ਉਸਰਦਿਆਂ ਤੱਕਿਆ, ਨਿਰਸੰਦੇਹ ਉਹ ਵੀ ਨਿੰਦਕਾਂ ਵਿੱਚ ਹੀ ਸਨ। ਅਸੀਂ ਸਦਨ ਨੂੰ ਟੁਕੜੇ-ਟੁਕੜੇ ਹੁੰਦੇ ਤੇ ਢੇਰੀ ਬਣਦਿਆਂ ਦੇਖਿਆ। 2013 ਵਿਚ ਪ੍ਰੈੱਸ ਕਲੱਬ 'ਚ ਰਾਹੁਲ ਗਾਂਧੀ ਨੂੰ ਉਹ ਆਰਡੀਨੈਂਸ ਪਾੜਦਿਆਂ ਵੀ ਦੇਖਿਆ ਜਿਸ ਨੂੰ ਮਨਮੋਹਨ ਸਿੰਘ ਸਦਨ 'ਚੋਂ ਪਾਸ ਕਰਵਾਉਣ ਦੀ ਜੱਦੋਜਹਿਦ ਕਰ ਰਹੇ ਸਨ ਤਾਂ ਕਿ ਦੋਸ਼ੀ ਸਿਆਸਤਦਾਨਾਂ ਨੂੰ ਆਰਜ਼ੀ ਰਾਹਤ ਮਿਲ ਸਕੇ- ਉਹ ਵੀ ਉਦੋਂ, ਜਦ ਭਾਜਪਾ ਡਾ। ਮਨਮੋਹਨ ਸਿੰਘ ਉਤੇ ਗਾਂਧੀ ਪਰਿਵਾਰ ਦੀ 'ਕਠਪੁਤਲੀ' ਬਣਨ ਦਾ ਦੋਸ਼ ਲਾ ਰਹੀ ਸੀ। ਅਸੀਂ ਉਹ ਵੀ ਦੇਖਿਆ ਜਦ ਭਾਜਪਾ ਨੇ ਉਸ ਤੋਂ ਬਾਅਦ ਸੰਸਦ ਦਾ ਸਰਦ ਰੁੱਤ ਸੈਸ਼ਨ ਨਹੀਂ ਚੱਲਣ ਦਿੱਤਾ ਤੇ ਭਾਜਪਾ ਨੇਤਾ ਅਰੁਣ ਜੇਤਲੀ ਸਦਨ ਦੀ ਕਾਰਵਾਈ ਠੱਪ ਕਰਨ ਦੇ ਆਪਣੀ ਪਾਰਟੀ ਦੇ ਰੁਖ਼ ਦਾ ਬਚਾਅ ਕਰਦੇ ਰਹੇ। ਇਸ ਤੋਂ ਪਹਿਲਾਂ 2008 ਵਿਚ ਅਸੀਂ ਪ੍ਰੈੱਸ ਗੈਲਰੀਆਂ ਤੋਂ ਦੇਖਿਆ ਸੀ ਕਿ ਕਿਵੇਂ ਭਾਜਪਾ ਨੇ ਸੰਸਦ ਵਿਚ ਪ੍ਰਧਾਨ ਮੰਤਰੀ ਨੂੰ ਭਾਰਤ-ਅਮਰੀਕਾ ਪਰਮਾਣੂ ਸਮਝੌਤੇ ਦੇ ਪੱਖ ਵਿਚ ਬੋਲਣ ਨਹੀਂ ਦਿੱਤਾ ਅਤੇ ਸਦਨ ਲਗਭਗ ਉਦੋਂ ਮੂੰਹ ਭਾਰ ਡਿੱਗ ਹੀ ਪਿਆ ਜਦ ਸੰਸਦ ਮੈਂਬਰਾਂ ਦੀਆਂ ਵੋਟਾਂ ਨੂੰ ਇੱਧਰ-ਉੱਧਰ ਕਰਨ ਖਾਤਰ ਲਿਆਂਦੀ ਨਗ਼ਦੀ ਸ਼ਰੇਆਮ ਲੱਭੀ ਗਈ।



ਬਿਲਕੁਲ ਯੂਪੀਏ ਕੋਲ ਲੋੜੀਂਦੀ ਗਿਣਤੀ ਸੀ, ਤੇ ਉਹ ਵੋਟਿੰਗ ਜਿੱਤ ਲਈ ਗਈ- ਜੌਰਜ ਬੁਸ਼ ਨਾਲ ਪਰਮਾਣੂ ਸਮਝੌਤਾ ਵੀ ਸਿਰੇ ਚੜ੍ਹ ਗਿਆ। ਜ਼ਿਆਦਾਤਰ ਮੈਂਬਰ, ਜਿਨ੍ਹਾਂ ਵਿਚ ਸੀਪੀਐੱਮ ਦੇ ਪ੍ਰਕਾਸ਼ ਕਰਾਤ ਵੀ ਸ਼ਾਮਲ ਸਨ, ਇਹ ਸਮਝਣ ਤੋਂ ਮੁੱਕਰ ਹੀ ਗਏ ਕਿ ਪਰਮਾਣੂ ਸੌਦਾ ਕੀ ਸੀ- ਇਹ ਕਿਸੇ ਵਿਦੇਸ਼ੀ ਤਾਕਤ ਦੇ ਥੱਲੇ ਲੱਗਣ ਬਾਰੇ ਨਹੀਂ ਸੀ ਬਲਕਿ ਆਲਮੀ ਜ਼ਿੰਮੇਵਾਰੀ ਨੂੰ ਦ੍ਰਿੜਤਾ ਨਾਲ ਸਾਹਮਣੇ ਰੱਖਣ ਨਾਲ ਸਬੰਧਿਤ ਸੀ; ਅਮਰੀਕਾ ਨਾਲ ਸੁਖਾਵੇਂ ਸਬੰਧ ਰੱਖਣਾ ਵਿਦੇਸ਼ੀ ਨਿਵੇਸ਼ ਲਈ ਰਾਹ ਖੋਲ੍ਹਦਾ ਸੀ ਜਿਸ ਦੀ ਭਾਰਤ ਨੂੰ ਬਹੁਤ ਲੋੜ ਸੀ ਤਾਂ ਕਿ ਇਸ ਨਾਲ ਇਹ ਮੁੜ ਆਪਣੀ ਪਛਾਣ ਕਾਇਮ ਕਰ ਸਕੇ।

ਡੇਂਗ ਦਾ ਪਸੰਦੀਦਾ ਨਾਅਰਾ ਯਾਦ ਹੈ, "ਜਦ ਤੱਕ ਬਿੱਲੀ ਚੂਹੇ ਫੜ ਸਕਦੀ ਹੈ, ਤੁਸੀਂ ਇਹ ਨਹੀਂ ਪੁੱਛ ਸਕਦੇ ਕਿ ਉਹ ਕਾਲੀ ਹੈ ਜਾਂ ਚਿੱਟੀ।" ਚੀਨ ਦਾ ਇਹ ਬੰਦਾ ਜੋ ਚੀਨੀ ਕਮਿਊਨਿਸਟ ਪਾਰਟੀ ਦਾ ਜਨਰਲ ਸਕੱਤਰ ਵੀ ਰਿਹਾ, ਬੇਸ਼ੱਕ ਪੱਛਮੀ ਮੁਲਕਾਂ ਨਾਲ ਭਾਈਵਾਲੀ ਦੀ ਲੋੜ ਵੱਲ ਇਸ਼ਾਰਾ ਕਰ ਰਿਹਾ ਸੀ ਕਿਉਂਕਿ ਉਨ੍ਹਾਂ ਕੋਲ ਚੀਨ 'ਚ ਨਿਵੇਸ਼ ਦੀ ਸਮਰੱਥਾ ਸੀ। ਜੇ ਚੀਨੀਆਂ ਨੂੰ ਆਪਣੇ ਵਿਚਾਰਧਾਰਕ ਦੁਸ਼ਮਣਾਂ ਨੂੰ ਗ.ਲ ਲਾਉਣ ਦੀ ਲੋੜ ਸਮਝ ਆ ਸਕਦੀ ਹੈ ਤਾਂ ਪ੍ਰਕਾਸ਼ ਕਰਾਤ ਨੂੰ ਕਿਉਂ ਨਹੀਂ ਆ ਸਕੀ? ਡਾ। ਮਨਮੋਹਨ ਸਿੰਘ ਇਹ ਸਵਾਲ ਪੁੱਛਦੇ- ਜਾਂ ਘੱਟੋ-ਘੱਟ ਪੀਐੱਮਓ 'ਚ ਤਤਕਾਲੀ ਕੇਂਦਰੀ ਰਾਜ ਮੰਤਰੀ ਰਹੇ ਪ੍ਰਿਥਵੀਰਾਜ ਚਵਾਨ ਜੋ ਮਨਮੋਹਨ ਸਿੰਘ ਦੇ ਕਾਫੀ ਕਰੀਬੀ ਸਨ, ਇਹ ਸਵਾਲ ਪੁੱਛਦੇ ਰਹਿੰਦੇ।

ਮਨਮੋਹਨ ਸਿੰਘ ਇਹ ਵੀ ਜਾਣਦੇ ਸਨ ਕਿ ਅਮਰੀਕਾ ਨਾਲ ਦੋਸਤੀ ਚੀਨੀਆਂ ਨੂੰ ਫਿਕਰਾਂ 'ਚ ਪਾਏਗੀ; ਸ਼ਾਇਦ ਇਹ ਇਸ ਨੂੰ ਭਾਰਤ ਨਾਲ ਹੋਰ ਵਧੀਆ ਵਤੀਰਾ ਰੱਖਣ ਲਈ ਵੀ ਮਨਾਏ; ਤੇ 2005 ਵਿਚ ਇਹੀ ਹੋਇਆ, ਭਾਰਤ ਤੇ ਚੀਨ ਨੇ ਸਰਹੱਦੀ ਵਿਵਾਦ ਹੱਲ ਕਰਨ ਲਈ ਗੱਲਬਾਤ ਸ਼ੁਰੂ ਕੀਤੀ- ਚੀਨ ਮਗਰੋਂ ਇਸ ਪੇਸ਼ਕਸ਼ ਤੋਂ ਹਾਲਾਂਕਿ ਪਿੱਛੇ ਹਟ ਗਿਆ ਜਦ ਇਸ ਨੇ ਭਾਰਤ ਨੂੰ ਦੁਨੀਆ ਤੋਂ ਪਾਸੇ ਹੁੰਦਿਆਂ, ਕਮਜ਼ੋਰ ਹੁੰਦਿਆਂ ਤੱਕਿਆ ਪਰ ਉਹ ਬਾਅਦ ਦੀ ਗੱਲ ਹੈ।

ਤ੍ਰਾਸਦੀ ਇਹ ਹੈ ਕਿ ਸੀਤਾਰਾਮ ਯੇਚੁਰੀ ਜਿਨ੍ਹਾਂ ਭਾਰਤ-ਅਮਰੀਕਾ ਸੌਦੇ ਨੂੰ ਘਰੇਲੂ ਸਿਆਸਤ ਨਾਲ ਜੋੜਨ ਦੇ ਸੀਪੀਐੱਮ ਦੇ ਫੈਸਲੇ ਦਾ ਖੁੱਲ੍ਹੇਆਮ ਵਿਰੋਧ ਕੀਤਾ ਸੀ, ਨੂੰ ਆਪਣੀ ਹੀ ਪਾਰਟੀ ਨੇ ਅਣਗੌਲਿਆਂ ਕਰ ਦਿੱਤਾ। ਯੇਚੁਰੀ ਹਾਰ ਗਏ, ਕਰਾਤ ਜਿੱਤ ਗਏ ਤੇ ਯੂਪੀਏ ਤੋਂ ਸਮਰਥਨ ਇਕਦਮ ਵਾਪਸ ਲੈ ਲਿਆ। ਵਿਅੰਗ ਇਹ ਹੈ ਕਿ ਕਈ ਸਾਲਾਂ ਬਾਅਦ ਪ੍ਰਕਾਸ਼ ਕਰਾਤ ਦੇ ਕੱਟੜ ਭਾਈਵਾਲ ਪਿਨਾਰਈ ਵਿਜਯਨ ਦੀ ਅਗਵਾਈ ਵਾਲੀ ਕੇਰਲਾ ਦੀ ਖੱਬੇ ਪੱਖੀ ਸਰਕਾਰ ਨੇ ਲੰਡਨ ਸ਼ੇਅਰ ਬਾਜ਼ਾਰ ਵਿਚ 'ਮਸਾਲਾ ਬਾਂਡਜ਼' ਲਏ ਜਿਸ ਤੋਂ ਮਿਲੇ ਪੈਸੇ ਨਾਲ ਕੇਰਲਾ 'ਚ ਬੇਮਿਸਾਲ ਸਿਹਤ ਤੇ ਸਿੱਖਿਆ ਉੱਦਮ ਕੀਤੇ ਗਏ ਜਿਨ੍ਹਾਂ ਨਾਲ ਰਾਜ ਦੀ ਦਿੱਖ ਬਦਲੀ।

ਕੇਰਲਾ ਨੂੰ ਛੱਡ, ਬਾਕੀ ਭਾਰਤ ਵਿਚ ਸੀਪੀਐੱਮ ਹੌਲੀ-ਹੌਲੀ ਕਮਜ਼ੋਰ ਹੁੰਦਿਆਂ ਖ਼ਤਮ ਹੋ ਗਈ। ਸਮੇਂ ਨਾਲ ਅੱਗੇ ਵਧਣ ਦਾ ਮਨਮੋਹਨ ਸਿੰਘ ਦਾ ਮੰਤਰ ਪੂਰੇ ਭਾਰਤ ਵਿਚ ਗੂੰਜਿਆ- ਇਸ ਨੇ ਖੱਬੀ ਧਿਰ ਨੂੰ ਲਗਭਗ ਖ਼ਤਮ ਕਰ ਦਿੱਤਾ ਤੇ ਨਿਵੇਸ਼ਕਾਂ ਅਤੇ ਖ਼ਪਤਕਾਰਾਂ ਨੂੰ ਸੰਪੂਰਨ ਆਜ਼ਾਦੀ ਦੇ ਦਿੱਤੀ ਜਿਸ ਨਾਲ ਭਾਰਤੀ ਉੱਦਮੀਆਂ ਨੂੰ ਆਲਮੀ ਪੱਧਰ 'ਤੇ ਕਈ ਨਵੇਂ ਖੇਤਰਾਂ ਵਿਚ ਅਜਿਹੀ ਬੇਮਿਸਾਲ ਤਰੱਕੀ ਕਰਨ ਦਾ ਮੌਕਾ ਮਿਲਿਆ ਜਿਸ ਬਾਰੇ ਡਾ। ਮਨਮੋਹਨ ਸਿੰਘ ਨੇ ਉਦੋਂ ਸ਼ਾਇਦ ਹੀ ਕਦੇ ਸੋਚਿਆ ਹੋਵੇਗਾ ਜਦੋਂ ਉਹ ਤੇ ਉਨ੍ਹਾਂ ਦਾ ਪਰਿਵਾਰ 1947 ਵਿਚ ਰੈਡਕਲਿਫ ਰੇਖਾ ਪਾਰ ਕਰ ਕੇ ਭਾਰਤ ਆਏ ਸਨ।

ਡਾ. ਮਨਮੋਹਨ ਸਿੰਘ ਦਾ ਦੇਹਾਂਤ ਸਾਨੂੰ ਦੋ 'ਕਲਪਨਾਵਾਂ' 'ਚ ਖੁੱਭਣ ਵੱਲ ਤੋਰਦਾ ਹੈ। ਪਹਿਲੀ, ਕਲਪਨਾ ਕਰੋ ਕਿ ਜੇ ਮਨਮੋਹਨ ਸਿੰਘ ਚੀਨੀਆਂ ਨਾਲ ਸਰਹੱਦੀ ਵਿਵਾਦ ਹੱਲ ਕਰਨ ਵਿਚ ਸਫਲ ਹੋ ਜਾਂਦੇ; ਗਲਵਾਨ ਕਦੇ ਨਾ ਵਾਪਰਿਆ ਹੁੰਦਾ, ਚੀਨੀ ਚਾਰ ਸਾਲ ਸਾਡੀਆਂ ਸਰਹੱਦਾਂ 'ਤੇ ਬੈਠ ਉਪਰੋਂ ਸਾਨੂੰ ਨਾ ਘੂਰਦੇ ਰਹੇ ਹੁੰਦੇ। ਐਲਏਸੀ 'ਤੇ ਸ਼ਾਂਤੀ ਕਾਇਮ ਹੋ ਗਈ ਹੁੰਦੀ।

ਇਹ ਵੀ ਕਲਪਨਾ ਕਰੋ ਕਿ ਜੇ ਮਨਮੋਹਨ ਸਿੰਘ 2008 ਵਿਚ ਆਪਣੀ ਜਨਮਭੂਮੀ 'ਗਾਹ' ਗਏ ਹੁੰਦੇ। ਪਾਕਿਸਤਾਨ ਨਾਲ ਸਭ ਕੁਝ ਸੁਖਾਵਾਂ ਚੱਲ ਰਿਹਾ ਸੀ। ਕੁਝ ਸਮੇਂ ਤੱਕ ਦੋਸਤੀ ਦੀ ਉਮੀਦ ਬੱਝੀ ਹੋਈ ਸੀ। ਮੁਸ਼ੱਰਫ 2005 ਵਿਚ ਕ੍ਰਿਕਟ ਮੈਚ ਦੇਖਣ ਦਿੱਲੀ ਆਏ ਸਨ ਤੇ ਉਨ੍ਹਾਂ ਡਾ। ਮਨਮੋਹਨ ਸਿੰਘ ਨੂੰ ਪਾਕਿਸਤਾਨ ਦੌਰੇ ਦਾ ਸੱਦਾ ਦਿੱਤਾ ਸੀ; ਮਨਮੋਹਨ ਸਿੰਘ ਨੇ ਸਿਆਚਿਨ ਦਾ ਸੰਖੇਪ ਦੌਰਾ ਕਰਦਿਆਂ ਉਸ ਨੂੰ 'ਸ਼ਾਂਤੀ ਪਾਰਕ' ਗਰਦਾਨਿਆ ਸੀ। ਉਹ ਹਰ ਤਰ੍ਹਾਂ ਦੇ ਭਾਰਤੀ ਨਾਲ ਗੱਲ ਕਰਨ ਲਈ ਕਸ਼ਮੀਰ ਦੇ ਇਕ ਦਿਨਾ ਦੌਰੇ ਉਤੇ ਵੀ ਗਏ ਤੇ ਉੱਥੇ ਗੱਲਬਾਤ ਨੂੰ ਜਾਰੀ ਰੱਖਣ ਲਈ 8 ਰਾਊਂਡ ਟੇਬਲ ਕਾਇਮ ਕੀਤੇ- ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਇਨ੍ਹਾਂ ਵਿਚੋਂ ਰਾਜਨੀਤਕ ਚਰਚਾ ਵਾਲੇ ਟੇਬਲ ਦੀ ਅਗਵਾਈ ਕਰਦੇ ਰਹੇ।

ਇਸੇ ਦੌਰਾਨ ਭਾਰਤੀ ਤੇ ਪਾਕਿਸਤਾਨੀ ਲੋਕਾਂ ਨੇ ਪਹਿਲਾਂ ਹੀ ਫੈਸਲਾ ਕਰ ਲਿਆ ਸੀ ਕਿ ਰੈਡਕਲਿਫ ਰੇਖਾ ਨੂੰ ਇਤਿਹਾਸ ਬਣਾ ਦਿੱਤਾ ਜਾਵੇ- ਤਾਂ ਕਿ ਲੋਕ ਇੱਧਰ-ਉੱਧਰ ਆ ਤੇ ਜਾ ਸਕਣ, ਪਾਕਿਸਤਾਨੀ ਗਾਇਕਾਂ ਨੇ ਬੌਲੀਵੁੱਡ ਫਿਲਮਾਂ ਵਿਚ ਗੀਤ ਗਾਏ ਤੇ ਅੰਮ੍ਰਿਤਸਰ ਅਤੇ ਲਾਹੌਰ ਵਿਚ ਜ਼ਮੀਨਾਂ ਦੇ ਭਾਅ ਵਧ ਗਏ। ਮੁਸ਼ੱਰਫ ਨੇ ਗਾਹ ਨੂੰ ਰੁਸ਼ਨਾਉਣ ਲਈ ਸਟ੍ਰੀਟ ਲਾਈਟਾਂ ਦੀ ਵਿਸ਼ੇਸ਼ ਪ੍ਰਵਾਨਗੀ ਦਿੱਤੀ ਜਿਸ ਦੀ ਨਿਗਰਾਨੀ 'ਟੇਰੀ' ਦੇ ਆਰਕੇ ਪਚੌਰੀ ਕੋਲ ਰਹੀ। ਜਿਸ ਸਕੂਲ ਵਿਚ ਮਨਮੋਹਨ ਸਿੰਘ ਪੜ੍ਹੇ ਸਨ, ਉਸ ਦੀ ਹਾਲਤ ਸੁਧਾਰੀ ਗਈ। ਦੋਵਾਂ ਸ਼ਹਿਰਾਂ ਦੀ ਚਰਚਾ ਦਾ ਕੇਂਦਰ ਸੀ- 'ਰਸਤੇ ਜਲਦੀ ਹੀ ਖੁੱਲ੍ਹ ਜਾਣਗੇ।'

2008 ਦੇ ਮੁੰਬਈ ਹਮਲਿਆਂ ਨੇ ਰਸਤੇ ਬੰਦ ਕਰ ਦਿੱਤੇ। 2009 ਤੱਕ ਪਾਕਿਸਤਾਨ ਵਿਚ ਵਕੀਲਾਂ ਦਾ ਅੰਦੋਲਨ ਤਿੱਖਾ ਹੋ ਗਿਆ ਤੇ ਮੁਸ਼ੱਰਫ ਸੱਤਾ ਤੋਂ ਬਾਹਰ ਹੋ ਗਏ। 2014 ਦੀਆਂ ਚੋਣਾਂ ਤੋਂ ਪਹਿਲਾਂ ਤੱਕ ਗੱਲਬਾਤ ਮੁੜ ਸ਼ੁਰੂ ਕਰਨ ਦੇ ਯਤਨ ਆਰੰਭ ਤੇ ਬੰਦ ਹੁੰਦੇ ਰਹੇ, ਅੰਮ੍ਰਿਤਸਰ ਤੋਂ ਲਾਹੌਰ ਤੱਕ ਪਾਈਪ ਲਾਈਨ ਪਾਉਣ ਉਤੇ ਵੀ ਗੰਭੀਰਤਾ ਨਾਲ ਵਿਚਾਰ ਹੋਇਆ।

ਨਰਿੰਦਰ ਮੋਦੀ ਨੇ ਪਾਈਪ ਲਾਈਨ ਚਰਚਾ ਅੱਗੇ ਨਹੀਂ ਵਧਾਈ ਪਰ ਮਨਮੋਹਨ ਸਿੰਘ ਦੀ ਨਕਲ ਕਰਦਿਆਂ ਆਪਣੇ ਸਹੁੰ ਚੁੱਕ ਸਮਾਗਮ ਲਈ ਦੱਖਣ ਏਸ਼ੀਆ ਦੇ ਸਾਰੇ ਨੇਤਾਵਾਂ ਨੂੰ ਸੱਦਾ ਜ਼ਰੂਰ ਦਿੱਤਾ।

ਅਟਲ ਬਿਹਾਰੀ ਵਾਜਪਈ ਅਤੇ ਮਨਮੋਹਨ ਸਿੰਘ ਦੋਵਾਂ (ਜੇ ਨਹਿਰੂ ਜਾਂ ਸ਼ਾਸਤਰੀ ਜਾਂ ਇੰਦਰਾ ਤੱਕ ਪਿੱਛੇ ਨਾ ਜਾਈਏ) ਨੂੰ ਇਹ ਅਹਿਸਾਸ ਸੀ ਕਿ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਸਾਰੇ ਲੋਕਾਂ ਨੂੰ ਨਾਲ ਲੈ ਕੇ ਚੱਲਣਾ ਚਾਹੀਦਾ ਹੈ, ਚਾਹੇ ਉਨ੍ਹਾਂ ਤੁਹਾਡੇ ਲਈ ਵੋਟ ਨਹੀਂ ਵੀ ਪਾਈ; ਕਿ ਭਾਰਤ ਵਰਗੇ ਵੰਨ-ਸਵੰਨੇ ਮੁਲਕ ਨੂੰ ਫਿਰਕੂ ਜਾਂ ਨਸਲੀ ਜਾਂ ਕੱਟੜਵਾਦੀ ਲੀਹਾਂ ਉਤੇ ਨਹੀਂ ਵੰਡਿਆ ਜਾ ਸਕਦਾ; ਕਿ ਘਰ ਦੀ ਸ਼ਾਂਤੀ ਦਾ ਗੁਆਂਢ ਦੀ ਸ਼ਾਂਤੀ ਨਾਲ ਸਿੱਧਾ ਲੈਣ-ਦੇਣ ਹੈ।

ਕਲਪਨਾ ਕਰੋ, ਜੇ ਭਾਰਤ ਦੀ ਸਿਆਸੀ ਜਮਾਤ ਅੱਜ ਇਸ ਸੰਯੁਕਤ ਵਿਰਾਸਤ ਨੂੰ ਲਾਗੂ ਕਰ ਸਕੇ...

# ਬਸਪਾ ਪੰਜਾਬ ਦੇ ਸਾਬਕਾ ਪ੍ਰਧਾਨ ਜਸਵੀਰ ਗੜ੍ਹੀ 'ਆਪ' ਵਿਚ ਸ਼ਾਮਲ



**ਚੰਡੀਗੜ੍ਹ-** ਬਹੁਜਨ ਸਮਾਜ ਪਾਰਟੀ (ਬਸਪਾ) ਪੰਜਾਬ ਦੇ ਸਾਬਕਾ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਬੁੱਧਵਾਰ ਨੂੰ ਨਵੇਂ ਸਾਲ ਵਾਲੇ ਦਿਨ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ 'ਆਪ' ਵਿਚ ਸ਼ਾਮਲ ਕਰਵਾਇਆ। ਦੱਸਣਯੋਗ ਹੈ ਕਿ ਗੜ੍ਹੀ ਨੂੰ ਬੀਤੇ ਨਵੰਬਰ ਮਹੀਨੇ ਬਸਪਾ ਸੁਪਰੀਮੋ ਕੁਮਾਰੀ ਮਾਇਆਵਤੀ ਦੇ ਹੁਕਮਾਂ ਤਹਿਤ ਬਸਪਾ ਪੰਜਾਬ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਨੇ ਸੂਬਾ ਪ੍ਰਧਾਨ ਦੇ ਅਹੁਦੇ ਤੋਂ ਹਟਾ ਕੇ ਪਾਰਟੀ ਵਿਚੋਂ ਕੱਢ ਦਿੱਤਾ ਸੀ। ਪਾਰਟੀ ਨੇ ਉਨ੍ਹਾਂ ਉਤੇ ਅਨੁਸ਼ਾਸਨਹੀਣਤਾ ਦਾ ਦੋਸ਼ ਲਾਇਆ ਸੀ। ਇਸ ਦੇ ਨਾਲ ਹੀ ਪਾਰਟੀ ਹਾਈਕਮਾਨ ਨੇ ਗੜ੍ਹੀ ਦੀ ਥਾਂ ਸਾਬਕਾ ਮੈਂਬਰ ਰਾਜ ਸਭਾ ਤੇ ਸਾਬਕਾ ਵਿਧਾਇਕ ਅਵਤਾਰ ਸਿੰਘ ਕਰੀਮਪੁਰੀ ਨੂੰ ਨਵਾਂ ਸੂਬਾ ਪ੍ਰਧਾਨ ਥਾਪ ਦਿੱਤਾ ਸੀ। ਕਰੀਮਪੁਰੀ ਪਹਿਲਾਂ ਵੀ ਕਈ ਸਾਲ ਬਸਪਾ ਪੰਜਾਬ ਦੇ ਪ੍ਰਧਾਨ ਰਹਿ ਚੁੱਕੇ ਹਨ।

ਹੁਣ ਜਸਵੀਰ ਸਿੰਘ ਗੜ੍ਹੀ ਨੇ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਸਵੇਰੇ 'ਨਵਾਂ ਸਾਲ ਮੁਬਾਰਕ, ਨਵੇਂ ਰਸਤੇ 'ਤੇ ਚੱਲਕੇ ਪੁਰਾਣੀਆਂ ਮੰਜ਼ਲਾਂ ਸਰ ਕਰਾਂਗੇ' ਸਿਰਲੇਖ ਤਹਿਤ ਫੇਸਬੁੱਕ ਉਤੇ ਇਕ ਬੜੀ ਜਜ਼ਬਾਤੀ ਲਾਈਵ ਵੀਡੀਓ ਪਾ ਕੇ ਨਵਾਂ ਰਾਹ ਅਖ਼ਤਿਆਰ ਕਰਨ ਦਾ ਸੰਕੇਤ ਦਿੱਤਾ। ਉਨ੍ਹਾਂ ਇਸ ਵੀਡੀਓ ਵਿਚ ਮੌਜੂਦਾ ਬਸਪਾ ਪੰਜਾਬ ਪ੍ਰਧਾਨ ਸਮੇਤ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਉਤੇ ਕਈ ਤਰ੍ਹਾਂ ਦੇ ਦੋਸ਼ ਲਾਏ ਹਨ। ਉਨ੍ਹਾਂ ਅਤੀਤ ਵਿਚ ਪਾਰਟੀ ਨੂੰ ਛੱਡ ਕੇ ਗਏ ਪਾਰਟੀ ਦੇ ਪੁਰਾਣੇ ਕਾਰਕੁਨਾਂ ਤੇ ਆਗੂਆਂ ਦੇ ਪਾਰਟੀ ਛੱਡਣ ਦੇ ਫ਼ੈਸਲਿਆਂ ਲਈ ਵੀ ਪਾਰਟੀ ਲੀਡਰਸ਼ਿਪ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਬਸਪਾ ਲੀਡਰਸ਼ਿਪ ਉਤੇ ਆਪਣੇ ਸਮੇਤ ਹੋਰ ਆਗੂਆਂ ਦੇ 'ਸਿਆਸੀ ਕਤਲ' ਕਰਨ ਦੇ ਦੋਸ਼ ਲਾਏ ਹਨ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ



# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2025 ਦੀਆਂ ਲੱਖ-ਲੱਖ ਵਧਾਈਆਂ



**Ram Murti Saroay**

**Cell (510) 368-3983**



# SUNSHINE AUTO CARE INC.

## WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

We do Truck Smoke Test & Alignment FOR ALL CUSTOMERS

hablamos español

We Speak English, Spanish & Punjabi

We Provide Towing & 24/7 Mobile Road Services For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA MasterCard AMERICAN EXPRESS DISCOVER NETWORK





**209-239-1551**

**1003 MOFFAT BLVD., MANTECA, CA 95336**



# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2025 ਦੀਆਂ ਲੱਖ-ਲੱਖ ਵਧਾਈਆਂ

**Amrik Chand**
(CPA)

We are in this business since 1989.
Your satisfaction is our goal.



959 Corporate Way, Fremont, CA. 94539

**Phone : 510-490-8200**
**Fax : 510-490-8202**



RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

**Dil Nijjar** REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004



Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ। ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ। ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।


**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

## ਮਹਾਰਾਸ਼ਟਰ 'ਚ "ਡਾ. ਅੰਬੇਡਕਰ ਅੰਦੋਲਨ ਵਿਚ ਚਮਾਰ ਔਰਤਾਂ ਦਾ ਯੋਗਦਾਨ" ਵਿਸ਼ੇ 'ਤੇ ਸੈਮੀਨਾਰ ਮੌਕੇ ਡਾ. ਸਾਵਰਕਰ ਨੂੰ ਚਾਂਦੀ ਦਾ ਮੈਡਲ ਭੇਟ ਕੀਤਾ ਗਿਆ







ਸ੍ਰੀ ਗੁਰੂ ਰਵਿਦਾਸ ਪ੍ਰਚਾਰ ਸੰਸਥਾ ਪੰਜਾਬ (ਰਜਿ:) ਅਤੇ ਡਾ. ਬੀ. ਆਰ. ਅੰਬੇਡਕਰ ਚੇਤਨਾ ਸੁਸਾਇਟੀ ਭੋਗਪੁਰ (ਰਜਿ:) ਵਲੋਂ ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼ ਦੇ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਦੀ ਪ੍ਰੇਰਨਾ ਅਤੇ ਸਹਿਯੋਗ ਦੁਆਰਾ ਮਿਤੀ 01-01-2025 ਦਿਨ ਬੁੱਧਵਾਰ ਨੂੰ ਠੀਕ ਸ਼ਾਮ 6-00 ਤੋਂ 9-00 ਵਜੇ ਤੱਕ ਵਜੇ ਪਿੰਡ ਬਿਨਪਾਲਕੇ ਵਿਖੇ ਕਰਵਾਇਆ ਜਾ ਰਿਹਾ ਹੈ। ਜਿਸ ਵਿਚ ਮਹਾਂਰਾਸ਼ਟਰ ਤੋਂ ਪੰਜਾਬ ਆਏ ਡਾ। ਸੁਨੀਤਾ ਸਾਵਰਕਰ ਦਾ ਵਿਸ਼ੇਸ਼ ਸਨਮਾਨ ਮੌਕੇ ਉਨਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੀ ਆਰਤੀ ਦੀ ਤਸਵੀਰ, ਸ਼ਾਲ, ਅਤੇ ਚਾਂਦੀ ਦਾ ਮੈਡਲ ਭੇਟ ਕੀਤਾ ਗਿਆ। ਇਸ ਮੌਕੇ ਉਨਾਂ ਨੇ ਆਪਣੇ ਸੈਮੀਨਾਰ ਜਿਸ ਦਾ ਵਿਸ਼ਾ ਦਾ ਵਿਸ਼ਾ "ਡਾ. ਅੰਬੇਡਕਰ ਅੰਦੋਲਨ ਵਿਚ ਚਮਾਰ ਔਰਤਾਂ ਦਾ ਯੋਗਦਾਨ " ਤਹਿਤ ਬੋਲਦਿਆਂ ਔਰਤਾਂ ਦੇ ਯੋਗਦਾਨ ਸਬੰਧੀ ਬਹੁਤ ਵਡਮੁੱਲੀ ਅਤੇ ਵਿਸਥਾਰ ਪੂਰਵਕ ਜਾਣਕਾਰੀ ਪ੍ਰਦਾਨ ਕੀਤੀ। ਇਸ ਸਮਾਗਮ ਵਿੱਚ ਸ਼੍ਰੀਮਤੀ ਜਗਦੀਸ਼ ਕੌਰ ਮੁਖ ਸੰਚਾਲਕ ਸ੍ਰੀ ਗੁਰੂ ਰਵਿਦਾਸ ਬਾਣੀ ਅਤੇ ਆਦਿ ਧਰਮ ਖੋਜ ਕੇਂਦਰ ਲੁਧਿਆਣਾ ਅਤੇ ਐਡਵੋਕੇਟ ਬਲਵਿੰਦਰ ਕੁਮਾਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਸੂਰਤੀ ਲਾਲ ਨੇ ਨਿਭਾਈ।ਇਸ ਮੌਕੇ ਬਾਮਸੇਫ ਦੇ ਮੈਂਬਰਾਂ ਅਤੇ ਨਾਲ ਲੱਗਦੇ ਪਿੰਡਾਂ ਤੋਂ ਮਿਸ਼ਨਰੀ ਸਾਥੀਆਂ ਅਤੇ ਔਰਤਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ।

ਸਾਰੇ ਸਮਾਗਮ ਦੀ ਵੀਡੀਓਗ੍ਰਾਫੀ ਕੀਤੀ ਗਈ। ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਅਤੇ ਡਾ. ਬੀ. ਆਰ. ਅੰਬੇਡਕਰ ਚੇਤਨਾ ਸੋਸਾਇਟੀ (ਰਜਿ.) ਭੋਗਪੁਰ ਦੇ ਸਮੂਹ ਮੈਂਬਰਾਂ ਅਤੇ ਹੋਰ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ।

**ਰਿਪੋਰਟ:- ਚਰਨਜੀਤ ਸਿੰਘ ਬਿਨਪਾਲਕੇ**

## 2025 ਮੁਬਾਰਕ !

ਵੀਹ ਸੌ ਚੌਵੀ ਦੇ ਗੁਜ਼ਰੇ ਤੇ ਗੁਜ਼ਰ ਗਈਆਂ ਸਭ ਰਾਤਾਂ
ਵੀਹ ਸੌ ਪੱਚੀ ਦੀਆਂ ਹੀ ਮਿੱਤਰੋ ਵੇਖਾਂਗੇ ਹੁਣ ਪ੍ਰਭਾਤਾਂ

ਕਿੱਦਾਂ ਤੁਹਾਡੇ ਹਾਲ ਨੇ ਸੱਭ ਦੇ ਤੇ ਕੀ ਹਨ ਗੱਲਾਂ ਬਾਤਾਂ
ਬਹੁਤ ਚਿਰਾਂ ਤੋਂ ਹੋਈਆਂ ਨਹੀ ਤੁਹਾਡੇ ਨਾਲ ਮੁਲਾਕਾਤਾਂ

ਪਬਲਿਕ ਨੂੰ ਤਾਂ ਮਾਰ ਲਿਆ ਇਸ ਮੁਲਕ ਦੇ ਹਾਲਾਤਾਂ
ਦੇਸ਼ ਦਾ ਸੱਤਿਆਨਾਸ ਕਰ ਰਹੇ ਧਰਮ ਤੇ ਜਾਤਾਂ ਪਾਤਾਂ

ਗੱਪਾਂ ਮਾਰਨ ਨੂੰ ਤਾਂ ਮਾਰੀ ਜਾਓ ਕੇ ਭਾਰਤ ਦੇਸ਼ ਮਹਾਨ
ਫ਼ਿਰਕੂ ਟੋਲੇ ਖ਼ਰਾਬ ਕਰ ਰਹੇ ਇਸ ਦੀ ਆਨ ਤੇ ਸ਼ਾਨ

ਪੰਜਾਬੀਆਂ ਦੇ ਦਿਲਾਂ ਵਿੱਚ ਸਨ ਬਹੁਤ ਜ਼ਿਆਦਾ ਅਰਮਾਨ
ਚੜ੍ਹਤ ਬੜੀ ਸੀ ਪਰ ਢਿੱਲੇ ਹੀ ਪੈ ਗਏ ਹੁਣ ਭਗਵੰਤ ਮਾਨ

ਨੀਲੀਆਂ ਚਿੱਟੀਆਂ ਪੀਲ਼ੀਆਂ ਪੱਗਾਂ ਵਾਲੇ ਕੀ ਕੀ ਕਰ ਗਏ
ਇਨ੍ਹਾਂ ਦੇ ਕਾਰਨਾਮੇ ਵੇਖ ਕੇ ਪੰਜਾਬੀਆਂ ਦੇ ਮਨ ਭਰ ਗਏ

ਈ।ਡੀ । ਵਾਲੀ ਗੁਲੇਲ ਤੋਂ ਰਾਜਨੀਤਕ ਪੰਛੀ ਡਰ ਗਏ
ਆਪਣੇ ਆਲ੍ਹਣੇ ਛੱਡ ਛੱਡ ਕੇ ਕਿਤੇ ਹੋਰ ਉਡਾਰੀ ਭਰ ਗਏ

ਆਮ ਆਦਮੀ ਪਾਰਟੀ ਵੀ ਰਹੀ ਫਿਰਦੀ ਮਾਰੀ ਮਾਰੀ
ਕੇਜਰੀਵਾਲ ਸਾਹਿਬ ਦੀ ਜਦੋਂ ਹੋ ਗਈ ਸੀ ਗ੍ਰਿਫ਼ਤਾਰੀ

ਆਪ ਵਾਲਿਆਂ ਦੀ ਪੈ ਨਹੀ ਸਕੀ ਨਾ ਕਾਂਗਰਸੀਆਂ ਨਾਲ ਯਾਰੀ
ਪਤਾ ਨਹੀ ਇਨ੍ਹਾਂ ਪਾਰਟੀਆਂ ਨੇ ਕੀ ਕੀ ਮਨ ਵਿੱਚ ਧਾਰੀ

ਇੰਡੀਆ ਗੱਠਜੋੜ ਵਾਲਿਓ ਤੁਹਾਡਾ ਇਹੋ ਹੋਣਾ ਸੀ ਹਸ਼ਰ
ਗ਼ਲਤੀਆਂ ਕਰਨ ਵਿੱਚ ਤੁਸੀਂ ਵੀ ਕੋਈ ਛੱਡੀ ਨਹੀਂ ਕਸਰ

ਭਾਜਪਾ ਨੇ ਤੁਹਾਨੂੰ ਰੋਲਿਆ ਹੋਇਆ ਤਾਂ ਵੀ ਨਹੀਂ ਤੁਹਾਡੇ ਉੱਤੇ ਅਸਰ
ਤੁਸੀ ਤਾਂ ਆਪਸ ਵਿਚ ਹੀ ਕਰਦੇ ਰਹਿ ਗਏ ਘੁਸਰ ਮੁਸਰ

ਸ਼ੁਰੂ ਤੋਂ ਹੀ ਖਾਂਦਾ ਰਿਹਾ ਪੰਜਾਬ ਦੇ ਨਾਲ ਜੋ ਖ਼ਾਰ
ਉਸ ਕਰਕੇ ਵੀ ਹੋਈ ਏਥੇ ਪਾਰਟੀ ਉਹਦੀ ਦੀ ਹਾਰ

ਨਤੀਸ਼ ਅਤੇ ਨਾਇਡੂ ਦਾ ਬਣ ਗਿਆ ਰਾਤੋ ਰਾਤ ਉਹ ਯਾਰ
ਕਹਿੰਦਾ ਸੀ ਜੋ ਇਸ ਵਾਰ ਕਰੇਗਾ ਚਾਰ ਸੌ ਨੂੰ ਉਹ ਪਾਰ

ਭ੍ਰਿਸ਼ਟਾਚਾਰ ਮਹਿੰਗਾਈ ਉਸ ਤੋਂ ਵੀ ਨਹੀਂ ਗਈ ਰੋਕੀ
ਜੁਮਲੇਬਾਜ਼ ਦੀ ਜੁਮਲੇਬਾਜ਼ੀ ਵੀ ਨਿਕਲੀ ਹੈ ਫੋਕੀ

ਚੋਣਾਂ ਦੀ ਭੱਠੀ ਵਿੱਚ ਹਰ ਵਾਰ ਖ਼ਲਕਤ ਜਾਂਦੀ ਝੋਕੀ
ਦੁਖੀ,ਲਾਚਾਰ,ਮਜਬੂਰ ਤੇ ਬੇਵੱਸ ਏਥੋਂ ਦੇ ਹਨ ਲੋਕੀ

ਐਵੇਂ ਹੀ ਨਾ ਕਰੀ ਜਾਓ ਤੁਸੀਂ ਆਪਣੀ ਹੀ ਮਨਮਾਨੀ
ਧਰਮਾਂ ਦੇ ਵਿੱਚ ਨਾ ਉਲ਼ਝਾਓ ਹਰ ਇੱਕ ਹਿੰਦੋਸਤਾਨੀ

ਨਾ ਕਰੋ ਏਨੀ ਈਰਖਾ ਨਫ਼ਰਤ ਇਸ ਨਾਲ ਹੋਵੇਗੀ ਹਾਨੀ
ਤੁਹਾਡੀਆਂ ਫਜ਼ੂਲ ਹਰਕਤਾਂ ਦਾ ਮੁੱਲ ਨਹੀਂ ਪੈਣਾ ਦੁਆਨੀ

ਅਕਾਲ ਤਖ਼ਤ ਸਾਹਿਬ ਉੱਤੇ ਆ ਕੇ ਗਲਾਂ ਵਿੱਚ ਪਾ ਲਏ ਪੱਲੇ
ਦਾਗ਼ੀਆਂ ਅਤੇ ਬਾਗ਼ੀਆਂ ਆਪਣੀਆਂ ਧੌਣਾਂ ਸੁੱਟ ਲਈਆਂ ਥੱਲੇ

ਸਿੰਘ ਸਹਿਬਾਨਾਂ ਨੇ ਫ਼ੈਸਲਾ ਕੀਤਾ ਤਾਂ ਹੋ ਗਈ ਬੱਲੇ ਬੱਲੇ
ਚਰਚਾ ਛਿੜੀ ਰਹੀ ਫ਼ੈਸਲੇ ਦੀ ਫਿਰ ਹਰ ਘਰ ਗਲੀ ਮੁਹੱਲੇ

ਸਿਰ ਧੜ ਦੀ ਬਾਜ਼ੀ ਲਾ ਗਏ ਗੱਲ ਹੈ ਇਹ ਹਕੀਕੀ
ਕਿਸਾਨਾਂ ਨਾਲ ਸਰਕਾਰਾਂ ਨੇ ਕੀਤੀ ਬਹੁਤ ਵਧੀਕੀ

ਕਿਸਾਨਾਂ ਨੇ ਵੀ ਇੱਕ ਮੁੱਠ ਹੋ ਕੇ ਵਿਉਂਤ ਨਹੀ ਕੋਈ ਉਲੀਕੀ
ਡੱਲੇਵਾਲ ਸਾਹਿਬ ਖਨੌਰੀ ਬੈਠੇ ਕਿਸਾਨਾਂ ਨੂੰ ਗਏ ਉਡੀਕੀ
ਜਗਜੀਤ ਸਿੰਘ ਡੱਲੇਵਾਲ ਜੀ ਤੁਹਾਡੇ ਸਿਦਕ ਨੂੰ ਸਲਾਮ
ਪੰਜਾਬ ਦੀ ਹਿਸਟਰੀ ਵਿੱਚ ਰਹੇਗਾ ਤੁਹਾਡਾ ਵੀ ਹੁਣ ਨਾਮ

ਨਰਿੰਦਰ ਮੋਦੀ ਦੇਣ ਨਹੀਂ ਆਇਆ ਤੁਹਾਨੂੰ ਤੁਹਾਡਾ ਇਨਾਮ
ਜ਼ਿੰਦਗੀ ਦੀ ਸਿਖ਼ਰ ਦੁਪਹਿਰੇ ਹੀ ਤੁਸੀਂ ਪਾ ਬੈਠੇ ਹੋ ਸ਼ਾਮ

ਸਾਡੇ ਹੀ ਚੁਣੇ ਹੋਏ ਲੀਡਰਾਂ ਦੇ ਇਰਾਦੇ ਨਹੀਂ ਹਨ ਨੇਕ
ਬਸ ਉਹ ਜਾਣਦੇ ਰੀਬਨ ਕੱਟਣੇ ਜਾਂ ਫਿਰ ਕੱਟਣੇ ਕੇਕ

ਬਹੁਤ ਕੁਝ ਏਥੇ ਨਿਕਲਿਆ ਹੈ ਜਾਅਲੀ ਨਕਲੀ ਫੇਕ
ਜੁਡੀਸ਼ਰੀ ਉੱਤੇ ਹੀ ਰਹਿ ਗਈ ਹੈ ਹੁਣ ਲੋਕਾਂ ਦੀ ਟੇਕ

ਅੱਖਾਂ 'ਤੇ ਪੱਟੀ ਬੰਨ ਕੇ ਨਿਆਂ ਦੀ ਦੇਵੀ ਰਹੀ ਹੈ ਰੋ
ਸਭ ਕੁਝ ਵੇਖ ਕੇ ਆਤਮਾ ਉਸ ਦੀ ਦੁਖੀ ਰਹੀ ਹੈ ਹੋ

ਤਿੱਪ ਤਿੱਪ ਕਰਕੇ ਉਸ ਦੀਆਂ ਅੱਖਾਂ 'ਚੋਂ ਹੰਝੂ ਰਹੇ ਨੇ ਚੋ
ਹੈਰਾਨ ਹੋਈ ਜਾ ਰਹੀ ਨਿਆਂ ਦੀ ਦੇਵੀ ਕਿ ਕੀ ਕੁਝ ਰਿਹਾ ਹੈ ਹੋ

ਮਨਮੋਹਨ ਸਿੰਘ ਜੀ ਅਲਵਿਦਾ ਸਾਡਾ ਤੁਹਾਡੇ ਅੱਗੇ ਝੁੱਕਦਾ ਸੀਸ
ਬਹੁਤ ਜ਼ਿਆਦਾ ਪੜ੍ਹੇ ਲਿਖੇ ਸੀ ਤੁਸੀਂ ਤੇ ਬੜੇ ਕਾਬਲ ਅਤੇ ਨਫ਼ੀਸ

ਭਾਰਤ ਮਾਤਾ ਨੇ ਪੀ। ਐਮ। ਬਣਨ ਦੀ ਦਿੱਤੀ ਸੀ ਤੁਹਾਨੂੰ ਅਸੀਸ
ਤੁਸੀਂ ਜਦੋਂ ਵਿਛੜੇ ਤਾਂ ਭਾਰਤ ਮਾਤਾ ਦੇ ਅੰਦਰੋਂ ਨਿਕਲੀ ਚੀਸ

ਮਨਮੋਹਨ ਸਿੰਘ ਜੀ ਸਿਆਸਤ ਵਿਚ ਤੁਸੀਂ ਖ਼ੁਦ ਰਹੇ ਬੇਦਾਗ਼
ਇਮਾਨਦਾਰੀ ਅਤੇ ਸਾਦਗੀ ਦਾ ਤੁਸੀਂ ਲਾ ਕੇ ਤੁਰ ਗਏ ਜਾਗ

ਨਵੇਂ ਸਾਲ ਉੱਤੇ ਵੇਖਾਂਗੇ ਹੁਣ ਨਵੀਆਂ ਹੀ ਪ੍ਰਭਾਤਾਂ
ਵੇਖਾਂਗਾ ਕਿੱਦਾਂ ਦਿਨ ਬੀਤਦੇ ਤੇ ਕਿੱਦਾਂ ਬੀਤਣੀਆਂ ਰਾਤਾਂ

ਵੀਹ ਸੌ ਪੱਚੀ 'ਚ ਮਿਲ ਜਾਣ ਤੁਹਾਨੂੰ ਸਾਰੀਆਂ ਹੀ ਦਾਤਾਂ
ਟੇਰਕਿਆਨਾ ਵੱਲੋਂ ਹਨ ਇਹ ਸਤਰਾਂ ਤੁਹਾਡੇ ਲਈ ਸੁਗਾਤਾਂ

**ਰਘਵੀਰ ਸਿੰਘ ਟੇਰਕਿਆਨਾ, ਐਡਵੋਕੇਟ**
**9814173402**

# ਅਮਰੀਕਾ ਵਿਚ ਬਾਈਡਨ ਪ੍ਰਸ਼ਾਸਨ ਦੇ ਯਤਨਾਂ ਦੇ ਬਾਵਜੂਦ ਬੇਘਰੇ ਲੋਕਾਂ ਦੀ ਗਿਣਤੀ ਵਧੀ

## ਅਮਰੀਕੀ ਮਹਿੰਗਾਈ ਕਾਰਨ ਵਧੀਆਂ ਲਾਗਤਾਂ ਤੋਂ ਹੋ ਰਹੇ ਹਨ ਪ੍ਰੇਸ਼ਾਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਬਾਈਡਨ ਪ੍ਰਸ਼ਾਸਨ ਵੱਲੋਂ ਬੇਘਰਿਆਂ ਲਈ ਘਰ ਬਣਾਉਣ ਦੇ ਯਤਨਾਂ ਦੇ ਬਾਵਜੂਦ ਅਮਰੀਕਾ ਵਿਚ ਬੇਘਰੇ ਲੋਕਾਂ ਦੀ ਗਿਣਤੀ ਵਧੀ ਹੈ। 2023 ਦੀ ਤੁਲਨਾ ਵਿਚ 2024 ਦੌਰਾਨ ਵਧ ਲੋਕ ਨੀਲੇ ਅਸਮਾਨ ਹੇਠਾਂ ਪਾਰਕਾਂ ਵਿਚ ਜਾਂ ਸੜਕਾਂ ਦੇ ਕੰਢਿਆਂ ਉਪਰ ਸੌਣ ਲਈ ਮਜਬੂਰ ਹੋਏ ਹਨ। ਇਹ ਐਲਾਨ ਸੰਘੀ ਅਧਿਕਾਰੀਆਂ ਨੇ ਕੀਤਾ ਹੈ। ਪੂਰੇ ਅਮਰੀਕਾ ਵਿਚ ਜਨਵਰੀ 2024 ਵਿੱਚ ਇਕ ਰਾਤ ਨੂੰ ਇਕੋ ਵੇਲੇ ਸ਼ਰਨਗਾਹਾਂ, ਪਾਰਕਾਂ ਤੇ ਸੜਕਾਂ ਉਪਰ ਸੌਣ ਵਾਲੇ ਲੋਕਾਂ ਦੀ ਕੀਤੀ ਗਈ ਗਿਣਤੀ ਅਨੁਸਾਰ 7,71,800 ਤੋਂ ਵਧ ਲੋਕ ਬੇਘਰੇ ਸਨ। ਇਹ ਗਿਣਤੀ 2023 ਨਾਲੋਂ 18.1% ਵਧ ਹੈ ਜਦੋਂ ਬੇਘਰੇ ਲੋਕਾਂ ਦੀ ਗਿਣਤੀ 6,50,000 ਸੀ। 2022 ਵਿਚ ਬੇਘਰੇ ਲੋਕਾਂ ਦੀ ਗਿਣਤੀ 5,80,000 ਸੀ। ਘਰਾਂ ਦੀ ਸਮੱਸਿਆ ਨੂੰ ਖਤਮ ਕਰਨ ਲਈ ਗਠਿਤ ਨੈਸ਼ਨਲ ਅਲਾਇੰਸ ਦੇ ਸੀ ਈ ਓ ਅਨਾ ਓਲੀਵਾ ਨੇ ਕਿਹਾ ਹੈ ਕਿ ਇਹ ਗਿਣਤੀ ਮੇਰੇ ਮੰਨ ਵਿਚ ਸ਼ੰਕਾ ਪੈਦਾ ਕਰਦੀ ਹੈ। ਪਿਛਲੇ ਸਾਲਾਂ ਦੌਰਾਨ ਬਹੁਤ ਸਾਰੇ ਸ਼ਹਿਰਾਂ ਵਿਚ ਲੋਕਾਂ ਨੂੰ



ਵਧੀਆਂ ਲਾਗਤਾਂ ਕਾਰਨ ਘਰ ਬਣਾਉਣ ਲਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੈ। ਕਈ ਥਾਵਾਂ 'ਤੇ ਸਖਤ ਕਾਨੂੰਨ ਲਾਗੂ ਕਰਕੇ ਖੁਲੇ ਵਿਚ ਟੈਂਟ ਲਾ ਕੇ ਸੌਣ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਇਸ ਲਈ ਬੇਘਰੇ ਲੋਕ ਲਾਚਾਰ ਨਜਰ ਆਏ ਹਨ। ਆਰਥਕ ਮਾਹਿਰਾਂ ਅਨੁਸਾਰ ਹੋਰ ਸਥਾਨਕ ਆਗੂਆਂ ਨੂੰ ਅੱਗੇ ਆਉਣਾ ਪਵੇਗਾ ਤਾਂ ਜੋ ਬੇਘਰਿਆਂ ਲਈ ਘਰ ਬਣਾਉਣ ਵਾਸਤੇ ਨੀਤੀਗੱਤ ਨਿਵੇਸ਼ ਵਧਾਇਆ ਜਾ ਸਕੇ। ਜੇਕਰ ਨੀਤੀਗੱਤ ਢੰਗ ਨਾਲ ਹੋਰ ਨਿਵੇਸ਼ ਨਹੀਂ ਹੁੰਦਾ ਤਾਂ ਬੇਘਰਿਆਂ ਦੀ ਗਿਣਤੀ ਨਿਰੰਤਰ ਵਧਦੀ ਜਾਵੇਗੀ। ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਕਹਿਣਾ ਹੈ ਕਿ ਘਰ ਬਣਾਉਣ ਲਈ ਵਧੀਆਂ ਲਾਗਤਾਂ, ਸ਼ਰਨ ਸਥਾਨਾਂ ਵਿਚ ਪ੍ਰਵਾਸੀਆਂ ਦੀ ਵਧੀ ਗਿਣਤੀ ਤੇ ਜੰਗਲੀ ਅੱਗ ਵਰਗੀਆਂ ਕੁੱਦਰਤੀ ਆਫਤਾਂ ਕਾਰਨ ਬੇਘਰੇ ਲੋਕਾਂ ਦੀ ਗਿਣਤੀ ਵਧੀ ਹੈ। ਅਧਿਕਾਰੀਆਂ ਅਨੁਸਾਰ ਇਸ ਸਾਲ ਜੂਨ ਵਿਚ ਰਾਸ਼ਟਰਪਤੀ ਜੋ ਬਾਈਡਨ ਨੇ ਸਰਹੱਦ ਪਾਰੋਂ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਵਾਲੇ ਲੋਕਾਂ 'ਤੇ ਸ਼ਿਕੰਜਾ ਕੱਸਿਆ ਸੀ ਜਿਸ ਕਾਰਨ ਸ਼ਰਨ ਸਥਾਨਾਂ 'ਤੇ ਦਬਾਅ ਘਟਿਆ ਹੈ।

ਡੈਨਵਰ ਤੇ ਸ਼ਿਕਾਗੋ ਨੇ ਹਾਲ ਹੀ ਵਿਚ ਪ੍ਰਵਾਸੀਆਂ ਲਈ ਸ਼ਰਨ ਸਥਾਨ ਖਤਮ ਕਰਨ ਦਾ ਐਲਾਨ ਕੀਤਾ ਹੈ। ਮਕਾਨ ਤੇ ਸ਼ਹਿਰੀ ਵਿਕਾਸ ਵਿਭਾਗ ਅਨੁਸਾਰ ਡਲਾਸ, ਲਾਸ ਏਂਜਲਸ ਤੇ ਚੈਸਟਰ ਕਾਊਂਟੀ, ਪੈਨਸਿਲਵਾਨੀਆ ਵਿਚ ਬੇਘਰੇ ਲੋਕਾਂ ਦੀ ਵਰਨਣਯੋਗ ਗਿਣਤੀ ਘਟੀ ਹੈ।

ਬਜ਼ੁਰਗ ਬੇਘਰੇ ਲੋਕਾਂ ਲਈ ਘਰ ਬਣਾਉਣ ਦੇ ਬਾਈਡਨ ਪ੍ਰਸ਼ਾਸਨ ਦੇ ਯਤਨ ਜਰੂਰ ਰੰਗ ਲਿਆਏ ਹਨ। ਜੋ ਬਾਈਡਨ ਦੇ ਕਾਰਜਕਾਲ ਦੌਰਾਨ ਬਜ਼ੁਰਗ ਬੇਘਰੇ ਲੋਕਾਂ ਦੀ ਗਿਣਤੀ ਤਕਰੀਬਨ 12% ਘਟੀ ਹੈ। 2022 ਵਿਚ ਬਾਈਡਨ ਨੇ ਆਪਣੇ ਪਹਿਲੇ ਕਾਰਜਕਾਲ ਦੇ ਖਤਮ ਹੋਣ ਤੋਂ ਪਹਿਲਾਂ ਬੇਘਰੇ ਲੋਕਾਂ ਦੀ ਗਿਣਤੀ ਘਟਾਉਣ ਦੇ ਟੀਚੇ ਦਾ ਐਲਾਨ ਕੀਤਾ ਸੀ ਪਰੰਤੂ ਇਸ ਐਲਾਨ ਦੇ ਉਲਟ ਬੇਘਰਿਆਂ ਦੀ ਗਿਣਤੀ ਵਧਣੀ ਨਿਸਚਤ ਤੌਰ 'ਤੇ ਚਿੰਤਾ ਦਾ ਵਿਸ਼ਾ ਹੈ। ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਸਮੱਸਿਆ ਨਾਲ ਕਿਵੇਂ ਨਜਿੱਠਦੇ ਹਨ ਇਹ ਵੀ ਵੇਖਣ ਵਾਲੀ ਗੱਲ ਹੋਵੇਗੀ।

# ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਦਾ ਕਵੀ ਦਰਬਾਰ-ਪੰਜਾਬੀ ਲਿਖਾਰੀ ਸਭਾ(ਰਜਿ.) ਸਿਆਟਲ ਵੱਲੋਂ

**ਸਿਆਟਲ–** ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਨੂੰ ਸਮਰਪਿਤ ਰੱਖੇ ਗਏ ਸਹਿਜ ਪਾਠ ਦੇ ਭੋਗ ਅਤੇ ਰਸ-ਭਿੰਨੇ ਕੀਰਤਨ ਤੋਂ ਬਾਅਦ 'ਸੱਚਾ ਮਾਰਗ ਗੁਰਦੁਆਰਾ, ਆਬਰਨ (ਸਿਆਟਲ, ਵਾਸ਼ਿੰਗਟਨ) ਵਿਖੇ ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ:) ਵੱਲੋਂ ਕਵੀ ਦਰਬਾਰ ਕਰਵਾਇਆ ਗਿਆ। ਦੁਸ਼ਟ-ਦਮਨ, ਸਰਬੰਸ ਦਾਨੀ, ਸਾਹਿਬੇ-ਕਲਾਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨ ਲਈ, ਆਪਣੇ ਜ਼ਜਬਾਤਾਂ-ਭਾਵਨਾਵਾਂ ਨੂੰ ਸ਼ਬਦਾਂ ਦਾ ਜਾਮਾ ਪਹਿਨਾ ਕੇ, ਸਾਹਿਤਕਾਰਾਂ, ਕਵੀਆਂ ਅਤੇ ਖ਼ਾਸ ਕਰਕੇ ਨੌਜਵਾਨਾਂ ਅਤੇ ਬੱਚਿਆਂ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ, ਕਾਵਿ ਦੀਆਂ ਵੱਖ ਵੱਖ ਵੰਨਗੀਆਂ ਸਾਧ-ਸੰਗਤ ਦੇ ਰੂ-ਬ-ਰੂ ਕੀਤੀਆਂ। ਕਵੀ ਦਰਬਾਰ ਦੇ ਸ਼ੁਰੂ ਵਿੱਚ ਸਭਾ ਦੇ ਪ੍ਰਧਾਨ ਬਲਿਹਾਰ ਸਿੰਘ ਲੇਹਲ ਨੇ ਵਾਹਿਗੁਰੂ ਨੂੰ ਯਾਦ ਕਰਦਿਆਂ ਆਈਆਂ ਸੰਗਤਾਂ ਅਤੇ ਕਵੀ ਕਵਿਤਰੀਆਂ ਨੂੰ 'ਜੀ ਆਇਆਂ' ਕਿਹਾ। ਸਾਹਿਤ ਅਤੇ ਇਤਿਹਾਸ ਨਾਲ ਬੱਚਿਆਂ ਦੀ ਸਾਂਝ ਪੀਡੀ ਕਰਨ ਲਈ ਸਭਾ ਦੇ ਯਤਨਾਂ ਤਹਿਤ ਸਭਾ ਦੇ ਅਹੁਦੇਦਾਰਾਂ ਮੈਂਬਰਾਂ-ਹਰਸ਼ਿੰਦਰ ਸਿੰਘ ਸੰਧੂ, ਪ੍ਰਿਤਪਾਲ ਸਿੰਘ ਟਿਵਾਣਾ, ਮੰਗਤ ਕੁਲਜਿੰਦ, ਅਵਤਾਰ ਸਿੰਘ ਆਦਮਪੁਰੀ, ਲਾਲੀ ਸੰਧੂ, ਰਣਜੀਤ ਸਿੰਘ ਮੱਲ੍ਹੀ,ਜਾਗੀਰ ਸਿੰਘ, ਸ਼ਸ਼ੀ ਪ੍ਰਾਸ਼ਰ ਆਦਿ ਨੇ ਸੇਵਾਵਾਂ ਦਿੱਤੀਆਂ। ਸਟੇਜ ਸਕੱਤਰ ਦਾ ਕੰਮ ਰਣਜੀਤ ਸਿੰਘ ਮੱਲ੍ਹੀ ਅਤੇ ਪ੍ਰਿਤਪਾਲ ਸਿੰਘ ਟਿਵਾਣਾ ਨੇ ਸੰਭਾਲਿਆ। ਸ਼ੁਰੂ ਵਿੱਚ ਬੱਚੀ ਪ੍ਰਭਦੀਪ ਕੌਰ, ਕਾਕਾ ਮਨਰਾਜ ਸਿੰਘ,ਬੱਚੀ ਤ੍ਰਿਮਨ ਕੌਰ, ਨੇ ਆਪਣੇ ਆਪਣੇ ਗੀਤਾਂ,ਕਵਿਤਾਵਾਂ ਨੂੰ, ਆਪਣੀ ਸੁਰੀਲੀ ਆਵਾਜ਼ ਸੰਗ ਗਾਉਂਦਿਆਂ, ਸਾਜ਼ਾਂ ਦੀਆਂ ਧੁਨੀਆਂ ਰਾਹੀਂ ਮਾਹੌਲ ਨੂੰ ਅਲੌਕਿਕ ਰੰਗ ਬਖਸ਼ਿਆ। ਬੱਚਿਆਂ ਬਨਰੂਪ ਸਿੰਘ, ਅਮਨਜੋਤ ਸਿੰਘ, ਆਰਿਆਨ ਸਿੰਘ, ਸਦਾ ਕੌਰ, ਜੈਸਮਨ ਕੌਰ, ਗੁਨੀਤ ਕੌਰ, ਅਰਮਾਨਦੀਪ ਸਿੰਘ ਰੰਧਾਵਾ, ਗੁਰਫਤਿਹ ਸਿੰਘ, ਰੁਚੰਤ ਕੌਰ, ਹਰਜੀਤ ਕੌਰ, ਜਸਲੀਨ ਕੌਰ ਨੇ ਆਪਣੀਆਂ ਕਾਵਿ ਵੰਨਗੀਆਂ ਨਾਲ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਦੀਆਂ ਜ਼ੋਸ਼ ਭਰੀਆਂ ਕੁਰਬਾਨੀਆਂ ਨੂੰ ਯਾਦ ਕੀਤਾ। ਜਿੱਥੇ ਕਈ ਬੱਚਿਆਂ ਨੇ ਜਜ਼ਬਾਤੀ ਸ਼ਬਦਾਂ ਵਿਚ ਚਿੱਤਰਣ ਕੀਤਾ ਉਥੇ ਕੁੱਝ ਕੁ ਨੇ ਬੜੇ ਜ਼ੋਸ਼ੀਲੇ ਸ਼ਬਦਾਂ ਰਾਹੀਂ ਸੰਗਤ ਵਿੱਚ ਜ਼ੋਸ਼ ਭਰਿਆ। ਅਵਤਾਰ ਸਿੰਘ ਆਦਮਪੁਰੀ ਜੀ ਨੇ- 'ਚੇਤੇ ਜੀਸਿਸ ਨੂੰ ਵੀ ਰੱਖੋ, ਸਾਹਿਬਜ਼ਾਦਿਆਂ ਦਾ ਪੂਰਾ ਸਨਮਾਨ ਰੱਖਿਓ' ਖ਼ੂਬਸੂਰਤ ਸ਼ਬਦਾਂ ਰਾਹੀਂ ਮਾਨਵਤਾ ਦੀ ਸੇਵਾ ਦਾ ਸੰਨੇਹਾ ਦਿੱਤਾ ਉਥੇ ਦਵਿੰਦਰ ਸਿੰਘ ਹੀਰਾ ਨੇ, ' ਨੈਣੋਂ ਅੱਥਰੂ ਕਿਰੀ ਜਾਵਣ ਨਾਲੇ ਮੁੱਖ 'ਚੋਂ ਪਿਆ ਉਚਾਰੇ, ਧੰਨ ਧੰਨ ਗੁਰੂ ਬਾਜ਼ਾ ਵਾਲਿਆਂ, ਚਾਰੇ ਲਾਲ ਨੇ ਕੌਮ 'ਤੋਂ ਵਾਰੇ' ਗਾਕੇ ਸੱਭ ਦੀਆਂ ਅੱਖਾਂ ਵਿੱਚ ਅੱਥਰੂ ਲਿਆ ਦਿੱਤੇ। ਅਮਰੀਕਾ ਕੈਨੇਡਾ ਇੰਗਲੈਂਡ ਦੀ ਧਰਤੀ ਤੇ ਆਪਣੀ ਆਵਾਜ਼ ਦੀ ਧਾਂਕ ਜਮਾਈ ਬੈਠੇ ਉੱਘੇ ਗਾਇਕ ਅਵਤਾਰ ਸਿੰਘ ਬਿੱਲਾ ਨੇ ਦੋ ਗੀਤਾਂ- 'ਸਾਹਿਬਜ਼ਾਦਿਆਂ ਦੇ ਮੌਤ ਲਾੜੀ ਨੂੰ ਵਿਆਹੁਣ ਦਾ ਪ੍ਰਸੰਗ ਅਤੇ ਮਾਸੂਮ ਜ਼ਿੰਦਾ ਵੱਲੋਂ ਆਪਣੇ ਪਿੰਡੇ ਹੰਢਾਏ ਤਸੀਹਿਆਂ ਦਾ ਜ਼ਿਕਰ ਕਰਦੇ ਗੀਤ ਸਾਂਝੇ ਕੀਤੇ, ਉਥੇ ਮਸ਼ਹੂਰ ਗਾਇਕ ਸੁਰਜੀਤ ਸਿੰਘ ਬੈਂਸ, 'ਸੂਬੇ ਦੀ ਕਚਹਿਰੀ ਵਿੱਚ ਦੋਨੋਂ ਹਿੱਕ ਤਾਣ ਖੜੇ ਨੇ, ਉਮਰਾਂ ਨਿਆਣੀਆਂ ਤੇ ਸਾਕੇ ਬੜੇ ਬੜੇ ਨੇ' ਗੀਤ ਰਾਹੀਂ ਸੰਗਤ ਨੂੰ ਇਤਿਹਾਸ ਦੇ ਸਾਹਮਣੇ ਜਾ ਖੜਾਇਆ। ਮੰਗਤ ਕੁਲਜਿੰਦ ਨੇ ਆਪਣੇ ਗੀਤ, 'ਕੰਧ ਅਤੇ ਅੰਬਰ ਦੇ ਸੰਵਾਦ ਰਾਹੀਂ- 'ਧੌਣੋਂ ਫੜ੍ਹ ਅੱਤਿਆਚਾਰੀ, ਗੋਡਿਆਂ ਹੇਠ ਲੈਣਾ ਸੀ' ਜ਼ਾਲਮਾਂ ਦੇ ਮਾਸੂਮਾਂ ਨੂੰ ਕੰਧਾਂ 'ਚ ਚਿਣਵਾਉਣ ਦੀ ਘਿਨਾਉਣੀ ਹਰਕਤ ਪੇਸ਼ ਕੀਤੀ।ਮਲਕੀਤ ਸਿੰਘ ਗਿੱਲ ਨੇ ਆਪਣੀ ਲੰਬੀ ਕਵਿਤਾ ਰਾਹੀਂ ਮਾਂ ਗੁਜਰੀ ਜੀ ਦੀ ਕੁਰਬਾਨੀ ਨੂੰ ਚਿੱਤਰਿਆ। ਬਲਵੰਤ ਸਿੰਘ ਸੋਹਲ ਨੇ ਆਪਣੇ ਕਾਵਿਕ ਸ਼ਬਦਾਂ ਦੇ ਨਾਲ ਸੰਗਤ ਨੂੰ ਸਿੱਖ-ਇਤਿਹਾਸ ਦੇ ਵਰਕਿਆਂ ਦੇ ਸਨਮੁੱਖ ਕਰਵਾਇਆ।ਬੀਬੀ ਹਰਕੀਰਤ ਕੌਰ ਨੇ ਮਾਂ ਗੁਜਰੀ ਦੇ ਸੰਵੇਦਨਾਵਾਂ ਭਰੇ ਜਜ਼ਬਾਤ, ਘੋੜੀਆਂ ਦੇ ਰੂਪ 'ਚ ਪੇਸ਼ ਕੀਤੇ। ਨੌਜਵਾਨ ਭਗੀਰਥ ਸਿੰਘ ਢੀਂਡਸਾ ਅਤੇ ਹਰਜੋਤ ਸਿੰਘ ਢੀਂਡਸਾ ਨੇ ਪੰਜਾਬ ਦੀ ਜ਼ੋਸ਼ੀਲੀ ਕਾਵਿ-ਕਲਾ ਕਵੀਸ਼ਰੀ ਦੇ ਰਾਹੀਂ ਸਿੱਖ ਇਤਿਹਾਸ ਦੇ ਚੜਦੀ ਕਲਾ ਵਾਲੇ ਪਲਾਂ ਨੂੰ ਯਾਦ ਕੀਤਾ।




ਜੁੱਗਾਂ ਜੁੱਗਾਂ ਤੋਂ ਅਟੱਲ ਪਾਵਨ ਪਵਿੱਤਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਜੁੜੀ ਸਾਧ ਸੰਗਤ ਨੇ ਕਵੀ ਦਰਬਾਰ ਦਾ ਆਨੰਦ ਤਾਂ ਮਾਣਿਆ ਹੀ, ਨਾਲ ਦੀ ਨਾਲ ਮਾਨਵ ਇਤਿਹਾਸ ਵਿੱਚ ਖਾਲਸਾ ਪੰਥ ਜਿਹੀ ਲੋਕ-ਸੇਵਕ ਸੰਸਥਾ ਨੂੰ ਕਾਇਮ ਕਰਕੇ ਗਊ ਗਰੀਬ ਨੂੰ ਅੱਤਿਆਚਾਰਾਂ ਤੋਂ ਬਚਾਉਣ ਲਈ ਅਤੇ ਊਚ-ਨੀਚ ਨੂੰ ਖਤਮ ਕਰਕੇ ਬਰਾਬਰਤਾ ਦਾ ਅਧਿਕਾਰ ਦਿਵਾਉਣ ਵਾਲੇ ਦਸਮ-ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਪਰਿਵਾਰ ਦਾ ਇਤਿਹਾਸ ਵਿਦਵਾਨਾਂ ਦੀ ਰਸਨਾ ਤੋਂ ਸਰਵਣ ਕੀਤਾ। ਕਵੀ ਦਰਬਾਰ ਦੇ ਉਪਰੰਤ, ਬਠਿੰਡਾ ਤੋਂ ਨਿਕਲਦੇ ਤਿਮਾਹੀ ਮੈਗਜ਼ੀਨ 'ਸ਼ਬਦ ਤ੍ਰਿੰਜਣ' ਨੂੰ ਲੋਕ ਅਰਪਨ ਕੀਤਾ ਗਿਆ। ਸਭਾ ਵੱਲੋਂ ਬੱਚਿਆਂ ਦੀ ਹੌਸਲਾਂ ਅਫਜ਼ਾਈ ਕੀਤੀ ਗਈ। ਅਖੀਰ ਵਿੱਚ ਸਭਾ ਦੇ ਪ੍ਰਧਾਨ ਬਲਿਹਾਰ ਸਿੰਘ ਲੇਹਲ ਨੇ ਸਾਹਿਤਕ ਸ਼ਬਦਾਂ ਰਾਹੀਂ ਗੁਰਦਵਾਰਾ ਸਾਹਿਬ ਦੇ ਪ੍ਰਬੰਧਕਾਂ, ਨਾਜਰ ਸਿੰਘ ਭੱਟੀ ਪਰਿਵਾਰ, ਪੰਜਾਬੀ ਸਕੂਲ ਦੇ ਅਧਿਆਪਕਾਂ, ਬੱਚਿਆਂ ਦੇ ਮਾਪਿਆਂ ਅਤੇ ਸਮੂਹ ਸੰਗਤ ਦਾ ਧੰਨਵਾਦ ਕੀਤਾ।ਸਾਰੇ ਪ੍ਰੋਗਰਾਮ ਨੂੰ ਸੋਸ਼ਲ ਮੀਡੀਏ ਤੇ ਲਿਜਾਣ ਲਈ ਸ਼ਸ਼ੀ ਪ੍ਰਾਸਰ ਨੇ ਕੈਮਰੇ ਨੂੰ ਅੱਖ ਝਪਕਣ ਤੋਂ ਰੋਕੀ ਰੱਖਿਆ।

**ਬਲਿਹਾਰ ਸਿੰਘ ਲ੍ਹੇਲ ਪ੍ਰਧਾਨ +1 206 244 4663**
**ਪ੍ਰਿਤਪਾਲ ਸਿੰਘ ਟਿਵਾਣਾ ਸਕੱਤਰ**
**+1 206 765 9069**
**ਮੰਗਤ ਕੁਲਜਿੰਦ ਪ੍ਰੈ।ਸਕੱਤਰ +1 425 286 0163**
**ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.)**

**Golden State Truck Sales Inc.**

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2025 ਦੀਆਂ ਲੱਖ-ਲੱਖ ਵਧਾਈਆਂ





## Momi Brothers

DAYS INN
Holiday Inn EXPRESS HOTEL & SUITES
momi



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2025 ਦੀਆਂ ਲੱਖ-ਲੱਖ ਵਧਾਈਆਂ

Shingara Singh Ralh



President

Shri Guru Ravidass Temple

1480 HAYNE AVE., YUBA CITY, CA.



HAPPY BAZAAR

HAPPY BAZAAR

Indian, Pakistani & Fijjian Groceries

WE ARE OPEN

7 DAYS A WEEK

9:00 am to 8:30 pm

RENT DVDS & BUY CLOTHES

ENJOY YOUR DAY WITH HOPES

We sell Air Tickets

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ

CALL US

Ph: (209) 478-0285

Fax: (209) 477-3206

EVERY SATURDAY & SUNDAY

SPECIAL DISCOUNT ON GROCERIES

1304 E Hammer Lane # 7 Stockton CA 95212

EMAIL : indiabazaar08@yahoo.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2025 ਦੀਆਂ ਲੱਖ-ਲੱਖ ਵਧਾਈਆਂ





Late Bihari Lal Chahal



Amardeep Chahal with his wife Promila Chahal

ਸਮੂਹ ਸ੍ਰੀ ਬਿਹਾਰੀ ਲਾਲ ਚਾਹਲ ਪਰਿਵਾਰ

# ਪੁਲਿਸ, ਫ਼ੌਜ, ਪੀ.ਸੀ.ਐਸ, ਐਸ.ਆਈ ਆਦਿ ਦੀਆਂ ਪ੍ਰੀਖਿਆਵਾਂ ਲਈ ਮੁਫ਼ਤ ਸਿਖਲਾਈ ਪ੍ਰੋਗਰਾਮ ਦੀ ਕੀਤੀ ਸ਼ੁਰੂਆਤ


**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹੇ ਦੇ ਨੌਜਵਾਨਾਂ ਦੇ ਸਸ਼ਕਤੀਕਰਨ ਵੱਲ ਇਕ ਅਹਿਮ ਕਦਮ ਚੁੱਕਦਿਆਂ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਰੈਡ ਕਰਾਸ ਸੁਸਾਇਟੀ ਦੇ ਸਹਿਯੋਗ ਨਾਲ ਮੁਫ਼ਤ ਸਿਖਲਾਈ ਪ੍ਰੋਗਰਾਮ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਸ ਪਹਿਲਕਦਮੀ ਦਾ ਉਦੇਸ਼ ਨੌਜਵਾਨਾਂ ਵਿਚ ਇਕ ਸਿਹਤਮੰਦ



ਅਤੇ ਲਾਭਕਾਰੀ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਦਿਆਂ ਪੁਲਿਸ ਭਰਤੀ, ਪੀ.ਸੀ.ਐਸ, ਐਸ.ਆਈ, ਅਗਨੀਵੀਰ ਅਤੇ ਫ਼ੌਜ ਵਰਗੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਨ ਵਾਲੇ ਚਾਹਵਾਨ ਉਮੀਦਵਾਰਾਂ ਨੂੰ ਸਿਖਲਾਈ ਦੇਣਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਦੱਸਿਆ ਕਿ ਇਹ ਸਿਖਲਾਈ ਕੈਂਪ ਆਈ.ਟੀ.ਆਈ. ਗਰਾਊਂਡ, ਨਵਾਂਸ਼ਹਿਰ ਵਿਖੇ 18 ਤੋਂ 28 ਸਾਲ ਦੀ ਉਮਰ ਦੇ ਨੌਜਵਾਨਾਂ ਲਈ ਖੁੱਲ੍ਹਾ ਹੈ। ਉਨ੍ਹਾਂ ਦੱਸਿਆ ਕਿ ਭਾਗੀਦਾਰਾਂ ਨੂੰ ਕਿਤਾਬਾਂ, ਸਿਖਲਾਈ ਸਮੱਗਰੀ, ਬੂਟ ਅਤੇ ਇਨ੍ਹਾਂ ਪ੍ਰੀਖਿਆਵਾਂ ਲਈ ਜ਼ਰੂਰੀ ਸਰੀਰਕ ਮਾਪਦੰਡਾਂ ਬਾਰੇ ਵਿਸਥਾਰਤ ਜਾਣਕਾਰੀ ਸਮੇਤ ਵਿਆਪਕ ਮਾਰਗਦਰਸ਼ਨ ਪ੍ਰਦਾਨ ਕੀਤਾ ਜਾਵੇਗਾ। ਪ੍ਰੋਗਰਾਮ ਦਾ ਮੁੱਖ ਉਦੇਸ਼ ਸਰੀਰਕ ਤੰਦਰੁਸਤੀ, ਅਨੁਸ਼ਾਸਨ ਅਤੇ ਕਰੀਅਰ ਆਧਾਰਿਤ ਵਿਕਾਸ 'ਤੇ ਜ਼ੋਰ ਦਿੰਦਿਆਂ ਨੌਜਵਾਨਾਂ ਨੂੰ ਅਰਥਪੂਰਨ ਅਤੇ ਉਤਪਾਦਕ ਗਤੀਵਿਧੀਆਂ ਵਿਚ ਸ਼ਾਮਲ ਕਰਨਾ ਹੈ। ਉਨ੍ਹਾਂ ਦੱਸਿਆ ਕਿ ਨੌਜਵਾਨਾਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਦੋਵਾਂ 'ਤੇ ਧਿਆਨ ਕੇਂਦ੍ਰਿਤ ਕਰਕੇ ਇਕ ਅਜਿਹੀ ਪੀੜ੍ਹੀ ਦਾ ਨਿਰਮਾਣ ਕਰਨ ਦੀ ਕੋਸ਼ਿਸ਼ ਕਰਨਾ ਹੈ, ਜੋ ਸਮਾਜ ਵਿਚ ਸਕਾਰਾਤਮਕ ਯੋਗਦਾਨ ਪਾਉਣ ਲਈ ਸਿਹਤਮੰਦ, ਵਧੇਰੇ ਸਵੈ-ਨਿਰਭਰ ਅਤੇ ਬਿਹਤਰ ਢੰਗ ਨਾਲ ਲੈਸ ਹੋਵੇ। ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਦੱਸਿਆ ਕਿ "ਸਾਡਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਜ਼ਿਲ੍ਹੇ ਵਿਚ ਕੋਈ ਵੀ ਚਾਹਵਾਨ ਉਮੀਦਵਾਰ ਸਾਧਨਾਂ ਜਾਂ ਮਾਰਗਦਰਸ਼ਨ ਦੀ ਘਾਟ ਕਾਰਨ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਦੇ ਮੌਕੇ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਸਿਰਫ਼ ਪ੍ਰੀਖਿਆ ਦੀ ਤਿਆਰੀ ਬਾਰੇ ਹੀ ਨਹੀਂ ਹੈ, ਸਗੋਂ ਨੌਜਵਾਨਾਂ ਵਿਚ ਤੰਦਰੁਸਤੀ ਅਤੇ ਸਵੈ-ਅਨੁਸ਼ਾਸਨ ਨੂੰ ਉਤਸ਼ਾਹਿਤ ਕਰਨ ਲਈ ਵੀ ਹੈ। ਉਨ੍ਹਾਂ ਕਿਹਾ ਕਿ ਇਹ ਮੁਫ਼ਤ ਸਿਖਲਾਈ ਉਮੀਦਵਾਰਾਂ ਲਈ ਤਜ਼ਰਬੇਕਾਰ ਟ੍ਰੇਨਰਾਂ ਦੀ ਨਿਗਰਾਨੀ ਹੇਠ ਆਪਣੀ ਤਿਆਰੀ ਨੂੰ ਵਧਾਉਣ ਦਾ ਸੁਨਹਿਰੀ ਮੌਕਾ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਇਨ੍ਹਾਂ ਪ੍ਰੀਖਿਆਵਾਂ ਵਿਚ ਸਫਲਤਾ ਲਈ ਲੋੜੀਂਦੇ ਅਕਾਦਮਿਕ ਅਤੇ ਸਰੀਰਕ ਤੰਦਰੁਸਤੀ ਦੇ ਪਹਿਲੂਆਂ 'ਤੇ ਧਿਆਨ ਕੇਂਦਰਿਤ ਕਰੇਗਾ।

ਉਨ੍ਹਾਂ ਦੱਸਿਆ ਕਿ ਟ੍ਰੇਨਿੰਗ ਸੈਸ਼ਨ ਦਾ ਸਮਾਂ ਸਵੇਰੇ 9 ਤੋਂ 11 ਵਜੇ ਤੱਕ ਅਤੇ ਸ਼ਾਮ 4 ਤੋਂ 6 ਵਜੇ ਤੱਕ ਦਾ ਹੋਵੇਗਾ। ਉਨ੍ਹਾਂ ਕਿਹਾ ਕਿ ਚਾਹਵਾਨ ਨੌਜਵਾਨ ਵਧੇਰੇ ਜਾਣਕਾਰੀ ਜਾਂ ਸਹਾਇਤਾ ਲਈ ਜ਼ਿਲ੍ਹਾ ਰੈਡ ਕ੍ਰਾਸ ਸੁਸਾਇਟੀ ਦੇ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ।

# ਅੰਬੇਡਕਰ ਮਿਸ਼ਨ ਸੁਸਾਇਟੀ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਦਿੱਤੀ ਸ਼ਰਧਾਂਜਲੀ






**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੀ ਕਾਰਜਕਾਰਨੀ ਕਮੇਟੀ ਦੀ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਸੁਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ। ਮਨਮੋਹਨ ਸਿੰਘ ਨੂੰ ਅੰਬੇਡਕਰ ਮਿਸ਼ਨ ਸੁਸਾਇਟੀ, ਅੰਬੇਡਕਰ ਭਵਨ ਟਰੱਸਟ (ਰਜਿ.) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਯੂਨਿਟ ਦੇ ਮੈਂਬਰਾਂ ਵੱਲੋਂ ਨਿੱਘੀ ਸ਼ਰਧਾਂਜਲੀ ਦਿੱਤੀ ਗਈ। ਉਨ੍ਹਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਵੀ ਰੱਖਿਆ ਗਿਆ। ਡਾ. ਮਨਮੋਹਨ ਸਿੰਘ ਜੀ ਦੀਆਂ ਦੇਸ਼ ਪ੍ਰਤੀ ਸੇਵਾਵਾਂ ਨੂੰ ਯਾਦ ਕੀਤਾ ਗਿਆ ਅਤੇ ਉਨ੍ਹਾਂ 'ਤੇ ਚਰਚਾ ਕੀਤੀ ਗਈ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਵਿੱਚ ਦਿੱਤੀ। ਬਲਦੇਵ ਭਾਰਦਵਾਜ ਨੇ ਕਿਹਾ ਕਿ 1972 ਵਿੱਚ, ਡਾ. ਮਨਮੋਹਨ ਸਿੰਘ ਵਿੱਤ ਮੰਤਰਾਲੇ ਵਿੱਚ ਮੁੱਖ ਆਰਥਿਕ ਸਲਾਹਕਾਰ ਸਨ ਅਤੇ 1976 ਵਿੱਚ ਉਹ ਵਿੱਤ ਮੰਤਰਾਲੇ ਵਿੱਚ ਸਕੱਤਰ ਸਨ। 1980-1982 ਵਿੱਚ ਉਹ ਯੋਜਨਾ ਕਮਿਸ਼ਨ ਵਿੱਚ ਸੀ ਅਤੇ 1982 ਵਿੱਚ, ਉਸ ਨੂੰ ਉਸ ਸਮੇਂ ਦੇ ਵਿੱਤ ਮੰਤਰੀ ਪ੍ਰਣਬ ਮੁਖਰਜੀ ਦੇ ਅਧੀਨ ਭਾਰਤੀ ਰਿਜ਼ਰਵ ਬੈਂਕ ਦਾ ਗਵਰਨਰ ਨਿਯੁਕਤ ਕੀਤਾ ਗਿਆ ਸੀ ਅਤੇ 1985 ਤੱਕ ਇਸ ਅਹੁਦੇ 'ਤੇ ਰਹੇ। ਸਿੰਘ ਨੂੰ ਪ੍ਰਧਾਨ ਮੰਤਰੀ ਪੀ।ਵੀ। ਨਰਸਿਮਹਾ ਰਾਓ ਦੀ ਅਗਵਾਈ ਵਾਲੀ ਸਰਕਾਰ ਦੁਆਰਾ 1991 ਵਿੱਚ ਵਿੱਤ ਮੰਤਰੀ ਨਿਯੁਕਤ ਕੀਤਾ ਗਿਆ ਸੀ। ਉਹ 1991 ਵਿੱਚ ਆਪਣੇ ਪਹਿਲੇ ਬਜਟ ਭਾਸ਼ਣ ਦੌਰਾਨ ਸੰਸਦ ਵਿੱਚ ਇਹ ਕਹਿੰਦੇ ਹੋਏ ਮਸ਼ਹੂਰ ਹੋਏ ਸਨ ਕਿ "ਧਰਤੀ ਦੀ ਕੋਈ ਵੀ ਤਾਕਤ ਇੱਕ ਵਿਚਾਰ ਨੂੰ ਰੋਕ ਨਹੀਂ ਸਕਦੀ ਜਿਸਦਾ ਸਮਾਂ ਆ ਗਿਆ ਹੈ"।

ਭਾਰਦਵਾਜ ਨੇ ਕਿਹਾ ਕਿ ਡਾ. ਮਨਮੋਹਨ ਸਿੰਘ ਦੇ ਕਾਰਜਕਾਲ, ਭਾਰਤ ਦੇ ਪ੍ਰਧਾਨ ਮੰਤਰੀ ਵਜੋਂ, ਖਾਸ ਤੌਰ 'ਤੇ 2004 ਅਤੇ 2009 ਦੇ ਵਿਚਕਾਰ, ਦੇਸ਼ ਦੀ ਜੀਡੀਪੀ ਲਗਭਗ 8% ਦੀ ਇੱਕ ਸਿਹਤਮੰਦ ਔਸਤ ਰਫ਼ਤਾਰ ਨਾਲ ਵਧੀ, ਜੋ ਕਿ ਪ੍ਰਮੁੱਖ ਅਰਥਚਾਰਿਆਂ ਵਿੱਚ ਦੂਜਾ ਸਭ ਤੋਂ ਤੇਜ਼ ਸੀ। ਵਿਰੋਧੀਆਂ ਵੱਲੋਂ ਉਨ੍ਹਾਂ ਤੇ ਕੁਝ ਦੋਸ਼ ਵੀ ਲਗਾਏ ਗਏ ਪਰ ਆਪਣੇ 'ਤੇ ਲਗਾਏ ਗਏ ਦੋਸ਼ਾਂ ਦੇ ਜਵਾਬ ਵਿੱਚ, ਉਨ੍ਹਾਂ ਨੇ ਪ੍ਰਧਾਨ ਮੰਤਰੀ ਵਜੋਂ ਆਪਣੀ ਆਖਰੀ ਪ੍ਰੈਸ ਕਾਨਫਰੰਸ ਵਿੱਚ 2014 ਵਿੱਚ ਪੱਤਰਕਾਰਾਂ ਨੂੰ ਕਿਹਾ ਸੀ ਕਿ ਉਸਨੂੰ ਉਮੀਦ ਹੈ ਕਿ ਇਤਿਹਾਸ ਉਸਦਾ ਵੱਖਰਾ ਨਿਰਣਾ ਕਰੇਗਾ। ਪ੍ਰਧਾਨ ਮੰਤਰੀ ਵਜੋਂ, ਡਾ. ਮਨਮੋਹਨ ਸਿੰਘ ਨੇ ਕਈ ਦੂਰਗਾਮੀ ਫੈਸਲੇ ਲਏ ਜੋ ਅੱਜ ਵੀ ਭਾਰਤੀ ਲੋਕਤੰਤਰ ਦੀ ਸਿਹਤ 'ਤੇ ਪ੍ਰਭਾਵ ਪਾਉਂਦੇ ਹਨ। ਉਨ੍ਹਾਂ ਨੇ ਨਵੇਂ ਕਾਨੂੰਨ ਪੇਸ਼ ਕੀਤੇ ਜੋ ਸਰਕਾਰ ਤੋਂ ਜਾਣਕਾਰੀ ਲੈਣ ਦੇ ਅਧਿਕਾਰ ਨੂੰ ਮਜ਼ਬੂਤ ਅਤੇ ਗਾਰੰਟੀ ਦਿੰਦੇ ਹਨ, ਜਿਸ ਨਾਲ ਨਾਗਰਿਕਾਂ ਨੂੰ ਅਧਿਕਾਰੀਆਂ ਨੂੰ ਜਵਾਬਦੇਹ ਬਣਾਉਣ ਦੀ ਅਸਾਧਾਰਣ ਸ਼ਕਤੀ ਮਿਲਦੀ ਹੈ। ਉਨ੍ਹਾਂ ਨੇ ਇੱਕ ਪੇਂਡੂ ਰੁਜ਼ਗਾਰ ਯੋਜਨਾ ਵੀ ਪੇਸ਼ ਕੀਤੀ ਜੋ ਘੱਟੋ ਘੱਟ 100 ਦਿਨਾਂ ਲਈ ਰੋਜ਼ੀ-ਰੋਟੀ ਦੀ ਗਾਰੰਟੀ ਦਿੰਦੀ ਹੈ, ਇੱਕ ਮਾਪ ਅਰਥਸ਼ਾਸਤਰੀਆਂ ਨੇ ਕਿਹਾ ਕਿ ਪੇਂਡੂ ਆਮਦਨ ਅਤੇ ਗਰੀਬੀ ਘਟਾਉਣ 'ਤੇ ਡੂੰਘਾ ਪ੍ਰਭਾਵ ਪਿਆ। ਉਸਨੇ ਇੱਕ ਕਾਨੂੰਨ ਵੀ ਲਿਆਂਦਾ ਜੋ 6 ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਲਈ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਦੀ ਗਰੰਟੀ ਦਿੰਦਾ ਹੈ, ਸਕੂਲ ਛੱਡਣ ਦੀਆਂ ਦਰਾਂ ਨੂੰ ਮਹੱਤਵਪੂਰਣ ਰੂਪ ਵਿੱਚ ਘਟਾਉਂਦਾ ਹੈ।

ਉਨ੍ਹਾਂ ਦੀ ਸਰਕਾਰ ਨੇ ਵਿੱਤੀ ਸਮਾਵੇਸ਼ ਨੂੰ ਬਿਹਤਰ ਬਣਾਉਣ ਅਤੇ ਗਰੀਬਾਂ ਨੂੰ ਭਲਾਈ ਲਾਭ ਪਹੁੰਚਾਉਣ ਲਈ ਆਧਾਰ ਨਾਮਕ ਇੱਕ ਵਿਲੱਖਣ ਪਛਾਣ ਪ੍ਰੋਜੈਕਟ ਵੀ ਪੇਸ਼ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਚਲਾਈ ਜਾ ਰਹੀ ਮੌਜੂਦਾ ਸੰਘੀ ਸਰਕਾਰ ਨੇ ਆਪਣੀਆਂ ਕਈ ਨੀਤੀਆਂ ਲਈ ਆਧਾਰ ਨੂੰ ਆਧਾਰ ਬਣਾਉਣਾ ਜਾਰੀ ਰੱਖਿਆ ਹੈ। ਭਾਰਦਵਾਜ ਨੇ ਅੱਗੇ ਕਿਹਾ ਕਿ ਇਸੇ ਹੀ ਮੀਟਿੰਗ ਵਿੱਚ ਮੈਂਬਰਾਂ ਨੇ ਆਪਣੇ ਬਹੁਤ ਹੀ ਸੀਨੀਅਰ ਉੱਘੇ ਅੰਬੇਡਕਰੀ ਅਤੇ ਬੁੱਧਿਸਟ ਮਿਸ਼ਨਰੀ ਸਾਥੀ ਸ੍ਰੀ ਮਨੋਹਰ ਲਾਲ ਬਾਲੀ (ਨਵਾਂ ਸ਼ਹਿਰ) ਦੇ ਜਵਾਨ ਬੇਟੇ ਸਿਧਾਰਥ ਬਾਲੀ ਦੇ 19 ਦਸੰਬਰ 2024 ਨੂੰ ਅਚਾਨਕ ਦੇਹਾਂਤ ਹੋਣ ਤੇ ਵੀ ਗਹਿਰਾ ਦੁੱਖ ਪ੍ਰਗਟ ਕੀਤਾ ਅਤੇ ਦੋ ਮਿੰਟ ਦਾ ਮੌਨ ਰੱਖ ਕੇ ਸਿਧਾਰਥ ਬਾਲੀ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਸਰਬ ਸ਼੍ਰੀ ਸੋਹਨ ਲਾਲ, ਡਾ। ਜੀ। ਸੀ। ਕੌਲ, ਪ੍ਰੋ। ਬਲਬੀਰ, ਬਲਦੇਵ ਰਾਜ ਭਾਰਦਵਾਜ, ਮਹਿੰਦਰ ਸੰਧੂ, ਤਿਲਕ ਰਾਜ, ਪਰਮਿੰਦਰ ਸਿੰਘ ਖੁਤਨ ਅਤੇ ਨਿਰਮਲ ਬਿੰਜੀ ਹਾਜ਼ਰ ਸਨ।

# ਫਲੋਰਿਡਾ ਵਿਚ ਰੇਲ ਗੱਡੀ ਅੱਗ ਬੁਝਾਉਣ ਵਾਲੀ ਗੱਡੀ ਨਾਲ ਟਕਰਾਈ, 15 ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਡੇਲਰੇਅ ਬੀਚ, ਫਲੋਰਿਡਾ ਵਿਚ ਇਕ ਰੇਲ ਗੱਡੀ ਅੱਗ ਬੁਝਾਉਣ ਵਾਲੀ ਗੱਡੀ ਨਾਲ ਟਕਰਾਅ ਜਾਣ ਦੀ ਖਬਰ ਹੈ। ਇਸ ਘਟਨਾ ਵਿਚ ਅੱਗ ਬੁਝਾਉਣ ਵਾਲੇ ਅਮਲੇ ਦੇ 3 ਮੁਲਾਜ਼ਮ ਤੇ 12 ਯਾਤਰੀ ਜ਼ਖਮੀ ਹੋਏ ਹਨ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੰਦਿਆਂ ਕਿਹਾ ਹੈ ਕਿ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਡੇਲਰੇਅ ਬੀਚ ਪੁਲਿਸ




ਵਿਭਾਗ, ਆਪਰੇਟਰ ਬਰਾਈਟਲਾਈਨ ਤੇ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਦੇ ਅਧਿਕਾਰੀਆਂ ਵੱਲੋਂ ਕੀਤੀ ਜਾ ਰਹੀ ਹੈ। ਬਰਾਈਟਲਾਈਨ ਕੰਪਨੀ ਓਰਲੈਂਡੋ ਤੇ ਮਿਆਮੀ ਵਿਚਾਲੇ ਰੇਲ ਸੇਵਾਵਾਂ ਦਿੰਦੀ ਹੈ। ਡੇਲਰੇਅ ਬੀਚ ਅੱਗ ਬੁਝਾਊ ਦਫਤਰ ਦੇ ਜ਼ਖਮੀ ਹੋਏ 3 ਮੁਲਾਜ਼ਮਾਂ ਨੂੰ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ ਹੈ ਜਿਨਾਂ ਦੀ ਹਾਲਤ ਸਥਿਰ ਹੈ। ਪੁਲਿਸ ਅਨੁਸਾਰ ਇਸ ਹਾਦਸੇ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ। ਪੁਲਿਸ ਅਨੁਸਾਰ ਹਾਦਸਾ ਸਵੇਰੇ 10.45 ਵਜੇ ਹੋਇਆ ਜਿਸ ਕਾਰਨ ਆਰਜੀ ਤੌਰ 'ਤੇ ਸੜਕ ਬੰਦ ਕਰ ਦਿੱਤੀ ਗਈ।

# ਭਾਸ਼ਾ ਵਿਭਾਗ ਤੋਂ ਡਾ. ਜਸਵੰਤ ਰਾਏ ਦਾ ਹੋਇਆ ਤਾਮਿਲਨਾਡੂ ਵਿਖੇ ਵਿਸ਼ੇਸ਼ ਸਨਮਾਨ

ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਵਿਖੇ ਬਤੌਰ ਖੋਜ ਅਫ਼ਸਰ ਸੇਵਾ ਨਿਭਾਅ ਰਹੇ ਡਾ. ਜਸਵੰਤ ਰਾਏ ਦਾ ਤਾਮਿਲਨਾਡੂ ਦੇ ਜ਼ਿਲ੍ਹਾ ਤਿਰੁਚੀਰਪੱਲੀ ਵਿਖੇ ਫੈ-ੱਡਰੇਸ਼ਨ ਆਫ ਰੈਸ਼ਨਲਿਸਟ ਐਸੋਸੀਏਸ਼ਨ ਅਤੇ ਡੀ.ਕੇ. ਵੱਲੋਂ ਉਲੀਕੇ ਸਮਾਗਮ ਵਿੱਚ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਹ ਸਨਮਾਨ ਮਹਾਨ ਸਮ-ਾਜਿਕ ਅਤੇ ਤਰਕਸ਼ੀਲ ਆਗੂ ਈ.ਵੀ.ਰਾਮਾਸਾਮੀ ਪੇਰੀਆਰ ਦੇ ਜੀਵਨ ਅਤੇ ਲਿਖਤਾਂ ’ਤੇ ਅਧਾਰਿਤ ਪੁਸਤਕ 'ਕਲੈਕਟਿਡ ਵਰਕਸ ਆਫ ਪੇਰੀਆਰ’ ਜਿਸਨੂੰ ਅੰਨਾਮਲੱਈ ਯੂਨੀਵਰਸਿਟੀ ਦੇ ਸਾਬਕਾ ਵਾਇਸ ਚਾਂਸਲਰ ਅਤੇ ਡੀ.ਕੇ. ਦੇ ਪ੍ਰਧਾਨ ਡਾ. ਕੇ ਵੀਰਾਂਮਨੀ ਨੇ ਅੰਗਰੇਜ਼ੀ ਵਿੱਚਸੰਪਾਦਿਤ ਕੀਤਾ ਸੀ ਦੇ ਡਾ. ਜਸਵੰਤ ਰਾਏ ਵੱਲੋਂ ਪੰਜਾਬੀ ਅਨੁਵਾਦ ਲਈ ਦਿੱਤਾ ਗਿਆ। ਡਾ. ਜਸਵੰਤ ਰਾਏ ਵੱਲੋਂ ਅਨੁਵਾਦਿਤ ਪੁਸਤਕ ਦਾ ਨਾਂ 'ਪੇਰੀਆਰ ਰਚਨਾਵਲੀ:ਨਵੇਂ ਯੁਗ ਦਾ ਸੁਕਰਾਤ’ ਹੈ ਜਿਸਨੂੰ ਕਿ ਪ੍ਰਸਿੱਧ ਪ੍ਰਕਾਸ਼ਕ ਐੱਟਮ ਆਰਟ ਪਟਿਆਲਾ ਨੇ ਪ੍ਰਕਾਸ਼ਿਤ ਕੀਤਾ ਹੈ।ਪੇਰੀਆਰ ਆਪਣੇ ਸਮੇਂ ਦਾ ਪ੍ਰਸਿੱਧ ਸਮਾਜਿਕ ਕਾਰਕੁੰਨ ਸੀ ਜਿਸਨੇ ਹਾਸ਼ੀਆਗਤ ਲੋਕਾਂ ਦੇ ਹੱਕਾਂ ਲਈ ਲੰਬੀ ਲੜਾਈ ਲੜੀ।ਔਰਤਾਂ ਦੀ ਸਿੱਖਿਆ,



ਸਮਾਜਿਕ ਸਮਾਨਤਾ, ਤਰਕਸ਼ੀਲਤਾ, ਸਾਇੰਸ, ਮਾਤ ਭਾਸ਼ਾ ਵਿੱਚ ਸਿੱਖਿਆ ਜਿਹੇ ਅਨੇਕਾਂ ਵਿਸ਼ਿਆਂ ’ਤੇ ਕੰਮ ਕਰਨ ਵਾਲੇ ਪੇਰ-ੀਆਰ ਨੇ ਆਪਣੀ ਸਾਰੀ ਜ਼ਿੰਦਗੀ 'ਸੈਲਫ ਰਿਸਪੈਕਟ ਮੂਵਮੈਂਟ’ ਦੇ ਨਾਂ ਲਾ ਦਿੱਤੀ। ਕਰੋੜਾਂ ਰੁਪਏ ਦੀ ਸੰਪੱਤੀ ਦੇ ਮਾਲਕ ਪੇਰ-ੀਆਰ ਨੇ ਸਾਰੀ ਪ੍ਰਾਪਰਟੀ ਸਮਤਾ ਸਮਾਨਤਾ ਅੰਦੋਲਨ ਦੇ ਨਾਂ ਲਾ ਦਿੱਤੀ ਅਤੇ ਤਮਾਮ ਉਮਰ ਦੋ ਫੁਲਕੇ ਖਾ ਕੇ ਸਾਦਾ ਜ਼ਿੰਦਗੀ ਗੁਜ਼ਾਰਦੇ ਲੋਕਾਈ ਦੀ ਭਲਾਈ ਲਈ ਤੱਤਪਰ ਰਹੇ। ਡਾ. ਜਸਵੰਤ ਰਾਏ ਨੇ ਇਸ ਤੋਂ ਪਹਿਲਾਂ ਪੰਜਾਬੀ ਲੋਕ ਕਥਾਵਾਂ, ਗ਼ਦਰ ਲਹਿਰ, ਆਦਿ ਧਰਮ ਲਹਿਰ, ਮਦਨ ਵੀਰੇ ਦੀ ਕਵਿਤਾ ਦੇ ਕਾਵਿ ਸ਼ਾਸਤਰ, ਮਹਾਤਮਾ ਜੋਤੀਬਾ ਰਾਓ ਫੂਲੇ ਦੀਆਂ ਲਿਖਤਾਂ ਨੂੰ ਪੰਜਾਬੀ ਵਿੱਚ ਅਨੁਵਾਦ ਕਰਕੇ ਗੁਰਮੁਖੀ ਸਾਹਿਤ ਵਿੱਚ ਮਾਣਮੱਤਾ ਯੋਗਦਾਨ ਪਾਇਆ ਹੈ। ਦੱਖਣ ਭਾਰਤ ਦੀਆਂ ਆਦਿ ਲਹਿਰਾਂ ਦੀਆਂ ਲਿਖਤਾਂ ਦਾ ਪੰਜਾਬੀ ਅਨੁਵਾਦ ਕਰਨ ਬਦਲੇ ਡਾ. ਜਸਵੰਤ ਰਾਏ ਅਤੇ ਉਨ੍ਹਾਂ ਦੀ ਬੈਟਰ ਹਾਫ ਬਬੀਤਾ ਰਾਣੀ ਦਾ ਫੈੱਡਰੇਸ਼ਨ ਆਫ ਰੈਸ਼ਨਲਿਸਟ ਐਸੋਸੀਏਸ਼ਨ ਅਤੇ ਡੀ. ਕੇ. ਦੇ ਅਹੁਦੇਦਾਰਾਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਸਮੇਂ ਡਾ. ਕੇ. ਵੀਰਾਂਮਨੀ, ਨਰਿੰਦਰ ਨਾਇਕ ਪ੍ਰਧਾਨ ਫਿਰਾ, ਪ੍ਰਿੰਸ ਏਨਾਰਸ ਪੇਰੀਆਰ,ਵੀ. ਅੰਬੂਰਾਜ, ਵੀਰਾਂਮਨੀ ਰਾਜੂ, ਆਰ. ਤਮਿਲ ਸੇਲਵਨ, ਡਾ. ਸੁਦੇਸ਼ ਘੋਡੇਰਾਓ, ਸੁਮੀਤ ਸਿੰਘ, ਦਮਨਜੀਤ ਕੌਰ, ਆਤਮਾ ਸਿੰਘ, ਲੈਕ. ਰਜਿੰਦਰ ਕੌਰ ਅਤੇ ਦੇਸ਼ ਵਿਦੇਸ਼ ਤੋਂ ਹਜ਼ਾਰਾਂ ਦੀ ਤਦਾਦ ਵਿੱਚ ਵਿਦਵਾਨ, ਸਿੱਖਿਆ ਸ਼ਾਸਤਰੀ, ਬੁਧੀਜੀਵੀ, ਸਮਾਜਿਕ ਕਾਰਕੁੰਨ ਅਤੇ ਵਿਦਿਆਰਥੀ ਮੌਜੂਦ ਸਨ।

ਜੈ ਗੁਰੂਦੇਵ ! ਸੋਹੰ ਧੰਨ ਗੁਰੂਦੇਵ !

ਸ੍ਰੀ ਗੁਰੂ ਰਵਿਦਾਸ ਪ੍ਰਚਾਰ ਸੰਸਥਾ ਪੰਜਾਬ (ਰਜਿ:) ਬਿਨਪਾਲਕੇ
ਅਤੇ ਡਾ. ਬੀ. ਆਰ. ਅੰਬੇਡਕਰ ਚੇਤਨਾ ਸੁਸਾਇਟੀ (ਰਜਿ:) ਭੋਗਪੁਰ ਵਲੋਂ



ਮਾਤਾ ਸਵਿੱਤਰੀ
ਬਾਈ ਫੂਲੇ ਜੀ ਦੇ ਜਨਮ
ਦਿਵਸ ਨੂੰ ਸਮਰਪਿਤ



## ਵਿਸ਼ੇਸ਼ ਸਨਮਾਨ ਅਤੇ ਸੈਮੀਨਾਰ ਸਮਾਰੋਹ



ਵਿਸ਼ੇਸ਼ ਸਨਮਾਨ ਅਤੇ ਮੁੱਖ ਬੁਲਾਰੇ

### ਡਾ. ਸੁਨੀਤਾ ਸਾਵਰਕਰ

ਐਮ.ਏ., ਐਮ.ਫਿਲ, ਪੀ.ਐਚ.ਡੀ.
ਸਹਾਇਕ ਪ੍ਰੋਫੈਸਰ, ਇਤਿਹਾਸ ਵਿਭਾਗ, ਡਾ. ਬੀ.ਆਰ. ਅੰਬੇਡਕਰ
ਮਰਾਠਵਾੜਾ ਯੂਨੀਵਰਸਿਟੀ ਔਰੰਗਾਬਾਦ (ਮਹਾਰਾਸ਼ਟਰ)

ਵਿਸ਼ਾ : ਅੰਬੇਡਕਰੀ ਅੰਦੋਲਨ ਵਿੱਚ ਚਮਾਰ ਔਰਤਾਂ ਦਾ ਯੋਗਦਾਨ

ਮਿਤੀ ਜਨਵਰੀ 01-2025 ਦਿਨ ਬੁੱਧਵਾਰ
ਸ਼ਾਮ 05-00 ਵਜੇ ਪਿੰਡ ਬਿਨਪਾਲਕੇ ਜ਼ਿਲ੍ਹਾ ਜਲੰਧਰ ਵਿਖੇ

ਵਿਸ਼ੇਸ਼ ਸਹਿਯੋਗ :- ਸ੍ਰੀ ਪੀ. ਕੇ. ਚੁੰਬਰ (ਮੁੱਖ ਸੰਪਾਦਕ )
ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼ ਕੈਲੀਫੋਰਨੀਆ

ਮਿਸ਼ਨਰੀ ਸਾਥੀਆਂ ਨੂੰ ਜ਼ਰੂਰ ਪਹੁੰਚਣ ਲਈ ਬੇਨਤੀ ਹੈ ਜੀ । ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹ ਰਹੀਆਂ ਲੜਕੀਆਂ ਦੇ ਮਾਤਾ ਪਿਤਾ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਲੜਕੀਆਂ ਨੂੰ ਇਸ ਸਮਾਰੋਹ ਵਿੱਚ ਭੇਜਣ ਤਾਂ ਕਿ ਉਹ ਡਾ. ਸੁਨੀਤਾ ਸਾਵਰਕਰ ਤੋਂ ਪ੍ਰੇਰਨਾ ਲੈ ਕੇ ਹੋਰ ਅੱਗੇ ਵਧਣ।

ਚਰਨਜੀਤ ਸਿੰਘ ਜਨਰਲ ਸਕੱਤਰ
ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) # 98722-42944

ਦਲਿਤ ਸਮਾਜ ਨੂੰ ਸਮਰਪਿਤ ਬੁੱਧੀਜੀਵੀ ਲੇਖਿਕਾ ਡਾ. ਸਨੀਤਾ ਸਾਵਰਕਰ

## ਪੰਜਾਬ ਯਾਤਰਾ ਦਾ ਵੇਰਵਾ

* ਪੰਜਾਬੀ ਯੂਨੀਵਰਸਿਟੀ ਪਟਿਆਲਾ ਮਿਤੀ 29 ਤੋਂ 31 ਦਸੰਬਰ 2024 ਤਿੰਨ ਦਿਨਾਂ ਨੈਸ਼ਨਲ ਹਿਸਟਰੀ ਕਾਨਫਰੰਸ ਤੇ ਖੋਜ ਪੱਤਰ ਪੜ੍ਹਨਗੇ।
* ਡੇਰਾ ਸੱਚਖੰਡ ਬੱਲਾਂ ਦੇ ਦਰਸ਼ਨ ਮਿਤੀ 01 ਜਨਵਰੀ 2025
* ਪਿੰਡ ਬਿਨਪਾਲਕੇ ਵਿਖੇ ਵਿਸ਼ੇਸ਼ ਸਨਮਾਨ ਅਤੇ ਸੈਮੀਨਾਰ 01ਜਨਵਰੀ 2025
* ਆਦਿਧਰਮੀ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੇ ਜਨਮ ਸਥਾਨ ਪਿੰਡ ਮੁਗੋਵਾਲ ਅਤੇ ਮੁਗੋਵਾਲ ਦੇ ਸਰਕਾਰੀ ਸਕੂਲ ਅਤੇ ਗੜ੍ਹਸ਼ੰਕਰ ਵਿਖੇ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦੀ ਪਾਰਕ ਦੀ ਯਾਤਰਾ। 2 ਜਨਵਰੀ
* ਸ੍ਰੀ ਗੁਰੂ ਰਵਿਦਾਸ ਜੀ ਦੇ ਇਤਿਹਾਸਿਕ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਅਤੇ ਸ੍ਰੀ ਚਰਨ ਛੋਹ ਗੰਗਾ ਦੇ ਦਰਸ਼ਨ 2 ਜਨਵਰੀ
* ਸ੍ਰੀ ਗੁਰੂ ਰਵਿਦਾਸ ਹਾਈ ਸਕੂਲ ਕਿਸ਼ਨਪੁਰਾ ਚੌਂਕ ਜਲੰਧਰ 03 ਜਨਵਰੀ
* ਡਾ. ਅੰਬੇਡਕਰ ਸਕੂਲ ਫੂਲਪੁਰ (ਧਨਾਲ) ਜਲੰਧਰ ਦੀ ਯਾਤਰਾ 3 ਜਨਵਰੀ
* ਸਤਿਗੁਰੂ ਰਵਿਦਾਸ ਧਾਮ ਬੂਟਾ ਮੰਡੀ ਜਲੰਧਰ 3 ਜਨਵਰੀ
* ਬੁੱਧ ਵਿਹਾਰ ਸਿਧਾਰਥ ਨਗਰ, ਬੂਟਾ ਮੰਡੀ ਜਲੰਧਰ 3 ਜਨਵਰੀ
* ਡਾਕਟਰ ਅੰਬੇਡਕਰ ਭਵਨ ਜਲੰਧਰ ਵਿਖੇ ਸੈਮੀਨਾਰ 3 ਜਨਵਰੀ
* ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ 04 ਜਨਵਰੀ
* ਜਲਿਆਂ ਵਾਲਾ ਬਾਗ ਸ੍ਰੀ ਅੰਮ੍ਰਿਤਸਰ ਦੀ ਯਾਤਰਾ 04 ਜਨਵਰੀ
* ਭਗਵਾਨ ਮਹਾਰਿਸ਼ੀ ਵਾਲਮੀਕਿ ਤੀਰਥ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ04 ਜਨਵਰੀ
* ਵਾਪਸੀ ਔਰੰਗਾਬਾਦ (ਮਹਾਰਾਸ਼ਟਰ) 05 ਜਨਵਰੀ ਸਵੇਰੇ

ਡਾ. ਸਾਵਰਕਰ ਦੀ ਪੰਜਾਬ ਯਾਤਰਾ ਅਤੇ ਉਨ੍ਹਾਂ ਦੇ ਸੈਮੀਨਾਰ, ਸਨਮਾਨ ਸਮਾਰੋਹ ਅਤੇ ਇੰਟਰਵਿਊ ਦੀ ਵੀਡੀਓਗ੍ਰਾਫੀ ਕਰਕੇ ਡਾਕੂਮੈਂਟਰੀ ਤਿਆਰ ਕੀਤੀ ਜਾਵੇਗੀ।

ਡਾ. ਸੁਨੀਤਾ ਸਾਵਰਕਰ ਦੀ ਪੰਜਾਬ ਯਾਤਰਾ ਦਾ ਪ੍ਰਬੰਧ ਸ੍ਰੀ ਪ੍ਰੇਮ ਕੁਮਾਰ ਚੁੰਬਰ ਸੰਪਾਦਕ ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼ ਅਖ਼ਬਾਰਾਂ ਕੈਲੀਫੋਰਨੀਆ ਦੀ ਪ੍ਰੇਰਨਾ ਦੁਆਰਾ ਡਾ. ਗਿਆਨ ਚੰਦ ਕੌਲ ਦੀ ਅਗਵਾਈ ਵਿੱਚ ਸਮੂਹ ਮੈਂਬਰ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਮੁੱਖ ਦਫਤਰ ਪਿੰਡ ਬਿਨਪਾਲਕੇ ਜ਼ਿਲ੍ਹਾ ਜਲੰਧਰ ਵੱਲੋਂ ਕੀਤਾ ਗਿਆ ਹੈ।

ਰਿਪੋਰਟ :- ਚਰਨਜੀਤ ਸਿੰਘ ਬਿਨਪਾਲਕੇ

## ਦਲਿਤ ਸਮਾਜ ਨੂੰ ਸਮਰਪਿਤ ਬੁੱਧੀਜੀਵੀ ਲੇਖਿਕਾ ਡਾ. ਸਨੀਤਾ ਸਾਵਰਕਰ



ਡਾ. ਸੁਨੀਤਾ ਸਾਵਰਕਰ ਸਹਾਇਕ ਪ੍ਰੋਫੈਸਰ, ਇਤਿਹਾਸ ਵਿਭਾਗ, ਡਾ. ਬੀ.ਆਰ. ਅੰਬੇਡਕਰ ਮਰਾਠਵਾੜਾ ਯੂਨੀਵਰਸਿਟੀ ਔਰੰਗਾਬਾਦ (ਮਹਾਰਾਸ਼ਟਰ)

ਮਹਾਰਾਸ਼ਟਰ ਦੇ ਅੰਬੇਡਕਰਾਈ ਚਮਾਰ ਪਰਿਵਾਰ ਵਿੱਚ ਪੈਦਾ ਹੋਈ ਡਾ: ਸੁਨੀਤਾ ਸਾਵਰਕਰ। ਉਸਦੇ ਪਿਤਾ ਮਹਾਰਾਸ਼ਟਰ ਦੇ ਦਲਿਤ ਸਮਾਜ ਸੁਧਾਰ ਅੰਦੋਲਨ ਵਿੱਚ ਸਰਗਰਮੀ ਨਾਲ ਕੰਮ ਕਰ ਰਹੇ ਸਨ। ਉਸਦੇ ਪਿਤਾ ਨੇ 2001 ਵਿੱਚ ਸੰਤ ਰਵਿਦਾਸ ਬਹੁਉਦੇਸ਼ੀ ਸੰਸਥਾ ਦੇ ਸਕੱਤਰ ਦੀ ਸਥਾਪਨਾ ਕੀਤੀ ਸੀ। ਡਾ: ਸੁਨੀਤਾ ਨੇ ਇਤਿਹਾਸ ਵਿਭਾਗ ਅਤੇ ਏ ਆ ਈ ਸੀ ਡਾ ਬਾਬਾ ਸਾਹਿਬ ਅੰਬੇਡਕਰ ਮਰਾਠਵਾੜਾ ਯੂਨੀਵਰਸਿਟੀ ਤੋਂ ਇਤਿਹਾਸ ਵਿੱਚ ਆਪਣੀ ਐਮ.ਏ., ਐਮ.ਫਿਲ, ਅਤੇ ਪੀਐਚ.ਡੀ. ਪੂਰੀ ਕੀਤੀ ਹੈ ਸੰਭਾਜੀ ਨਗਰ (ਔਰੰਗਾਬਾਦ)। ਉਸਨੇ ਦੋ ਡਿਪਲੋਮੇ ਪੂਰੇ ਕੀਤੇ ਹਨ ਪਹਿਲਾ ਡਾ. ਬਾਬਾ ਸਾਹਿਬ ਅੰਬੇਡਕਰ ਵਿਚਾਰ ਅਤੇ ਦੂਜਾ ਡਿਪਲੋਮਾ ਇਨ ਮੋਦੀ ਸਟੱਡੀਜ਼। ਉਸ ਦੀ ਪੀ.ਐਚ.ਡੀ. ਥੀਸਿਸ ਹੈ। ਦਲਿਤ ਅੰਦੋਲਨ ਵਿੱਚ ਵਿਚਾਰਧਾਰਕ ਅੰਤਰ ਅਤੇ ਇਸਦਾ ਸਮਾਜਿਕ-ਰਾਜਨੀਤਕ ਪ੍ਰਭਾਵ 1937-1994 ਮਹਾਰਾਸ਼ਟਰ ਦਾ ਵਿਸ਼ੇਸ਼ ਸੰਦਰਭ।

ਕਿਤਾਬਾਂ: 1) ਖਾਨਦੇਸ਼ ਦੇ ਭੀਲ ਆਦਿਵਾਸੀ ਅਤੇ ਅੰਬੇਡਕਾਰੀ ਅੰਦੋਲਨ।
2) ਢੋਰ ਚੰਭਰ ਸਟ੍ਰਿਯਾਂਚਿਆ ਅੰਬੇਡਕਰੀ ਜਾਨੀਵੰਚ ਪਰਿਘ (ਢੋਰ ਚੰਭਰ ਔਰਤਾਂ ਦੀ ਅੰਬੇਡਕਰੀਅਨ ਧਾਰਨਾ)।
3) ਸਮ੍ਰਿਤੀਗੰਘ (ਡਾ. ਅੰਬੇਡਕਰ ਦੇ ਨਾਲ ਕੰਮ ਕਰਨ ਵਾਲੀ ਪਹਿਲੀ ਚਮਾਰ ਔਰਤ ਦੀ ਸੰਪਾਦਿਤ ਆਤਮਕਥਾ।
ਇਸ ਦੇ ਨਾਲ ਹੀ ਉਸਨੇ ਮਹਾਰਾਸ਼ਟਰ ਵਿੱਚ ਚਮਾਰ ਭਾਈਚਾਰੇ ਦੇ ਸੁਧਾਰ ਅੰਦੋਲਨ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ)।
ਮਹਿਮਾਨ ਸੰਪਾਦਕ: ਗੁਰੂ ਰਵਿਦਾਸ ਸ੍ਰੀਜਨ ਮੈਗਜ਼ੀਨ, ਔਰਤਾਂ ਦਾ ਵਿਸ਼ੇਸ਼ ਅੰਕ, ਮਾਰਚ 2021 ਪੁਣੇ।

ਦਲਿਤ ਸਮਾਜ ਨੂੰ ਸਮਰਪਿਤ ਬੁੱਧੀਜੀਵੀਲੇਖਿਕਾ ਡਾ. ਸਨੀਤਾ ਸਾਵਰਕਰ

ਰਿਸਰਚ ਫੈਲੋਸ਼ਿਪ:-- ਸਾਧਨਾ ਵੀਕਲੀ ਦੀ ਟਾਂਬੇ ਰਾਇਮਨੇ ਫੈਲੋਸ਼ਿਪ (2022) ਮਿਲਿੰਦ ਹਸਤਲਿਖਿਤ ਵਿੱਚ ਦਲਿਤ ਅੰਦੋਲਨ ਦੀ ਸਾਹਿਤਕ ਰਚਨਾ ਦੇ ਇਤਿਹਾਸਿਕ ਸੰਦਰਭ ਦੇ ਵਿਸ਼ੇ 'ਤੇ, ਨਰਹਰ ਕੁਰੁੰਦਕਰ ਮਹਾਰਾਸ਼ਟਰੀ ਪ੍ਰਬੋਧਨ ਲਈ ਫੈਲੋਸ਼ਿਪ: ਢੋਰ ਸਮਾਜਤਿਲ ਆਦਯ ਸਮਾਜਸੁਧਾਰਕ ਬੋਰੋੜ ਸਾਵਿਤਰੀਬਾਈ 2022

ਖੋਜ਼ ਦੇ ਖੇਤਰ : -- ਮਹਾਰਾਸ਼ਟਰ ਵਿੱਚ ਚਮਾਰ ਭਾਈਚਾਰੇ ਦਾ ਇਤਿਹਾਸ। ਅੰਬੇਡਕਰਵਾਦੀ ਇਤਿਹਾਸਕਾਰੀ, ਮੌਖਿਕ ਇਤਿਹਾਸ ਲੇਖਣ ਅਤੇ ਨਾਰੀਵਾਦੀ ਇਤਿਹਾਸਕਾਰੀ ਆਦਿ। ਇਤਿਹਾਸ ਵਿੱਚ ਦਲਿਤ, ਆਦਿਵਾਸੀ, ਓਬੀਸੀ ਅਤੇ ਮਰਾਠਾ ਔਰਤਾਂ ਦਾ ਯੋਗਦਾਨ। ਅੰਬੇਡਕਰਾਈ ਅੰਦੋਲਨ ਦੇ ਵੱਖ-ਵੱਖ ਪਹਿਲੂ ਜਿਵੇਂ ਕਿ ਅੰਦਰੂਨੀ ਸੰਘਰਸ਼ ਅਤੇ ਅੰਬੇਡਕਾਈਟ ਅੰਦੋਲਨ ਵਿੱਚ ਵੱਖ-ਵੱਖ ਅਨੁਸੂਚਿਤ ਜਾਤੀਆਂ ਦੇ ਯੋਗਦਾਨ। ਅੰਬੇਡਕਰਾਈ ਲਹਿਰ ਵਿੱਚ ਵੱਖ-ਵੱਖ ਉੱਭਰ ਰਹੇ ਰੁਝਾਨ। ਮਹਾਰਾਸ਼ਟਰ ਵਿੱਚ ਚਮਾਰ, ਢੋਰ, ਮਾਤੰਗ ਅਤੇ ਮੇਹਤਰਾਂ ਦਾ ਸਮਾਜਿਕ ਇਤਿਹਾਸ। ਅੰਬੇਡਕਰਾਈ ਅੰਦੋਲਨ ਅਤੇ ਬੁੱਧ ਧਰਮ ਚਿੰਤਨ ਦਾ ਮੁੱਖ ਵਿਸ਼ਾ ਹੈ।

ਕਿਤਾਬਾਂ: 1) ਖਾਨਦੇਸ਼ ਦੇ ਭੀਲ ਆਦਿਵਾਸੀ ਅਤੇ ਅੰਬੇਡਕਾਰੀ ਅੰਦੋਲਨ। 2) ਢੋਰ ਚੰਭਰ ਸਟ੍ਰਿਯਾਂਚਿਆ ਅੰਬੇਡਕਾਰੀ ਜਾਨੀਵੰਚ ਪਰਿਘ (ਢੋਰ ਚੰਭਰ ਔਰਤਾਂ ਦੀ ਅੰਬੇਡਕਰੀਅਨ ਧਾਰਨਾ)। 3) ਸਮ੍ਰਿਤੀਗੰਘ (ਡਾ. ਅੰਬੇਡਕਰ ਦੇ ਨਾਲ ਕੰਮ ਕਰਨ ਵਾਲੀ ਪਹਿਲੀ ਚਮਾਰ ਔਰਤ ਦੀ ਸੰਪਾਦਿਤ ਆਤਮਕਥਾ। ਇਸ ਦੇ ਨਾਲ ਹੀ ਉਸਨੇ ਮਹਾਰਾਸ਼ਟਰ ਵਿੱਚ ਚਮਾਰ ਭਾਈਚਾਰੇ ਦੇ ਸੁਧਾਰ ਅੰਦੋਲਨ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ)।

ਮਹਿਮਾਨ ਸੰਪਾਦਕ: ਗੁਰੂ ਰਵਿਦਾਸ ਸ੍ਰੀਜਨ ਮੈਗਜ਼ੀਨ, ਔਰਤਾਂ ਦਾ ਵਿਸ਼ੇਸ਼ ਅੰਕ, ਮਾਰਚ 2021 ਪੁਣੇ।

******

# ਅੰਬੇਡਕਰ ਭਵਨ ਟਰੱਸਟ ਨੇ ਮਾਨਯੋਗ ਰਾਸ਼ਟਰਪਤੀ ਨੂੰ ਭੇਜਿਆ ਮੰਗ ਪੱਤਰ ਗ੍ਰਹਿ ਮੰਤਰੀ ਅਮਿਤ ਸ਼ਾਹ ਮੁਆਫੀ ਮੰਗੇ ਅਤੇ ਅਸਤੀਫਾ ਦੇਵੇ

**ਜਲੰਧਰ–** ਪਿਛਲੇ ਦਿਨੀ ਭਾਰਤ ਦੇ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਨੇ ਔਰਤਾਂ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਓਬੀਸੀ ਅਤੇ ਭਾਰਤ ਦੇ ਦੱਬੇ ਕੁਚਲੇ ਲੋਕਾਂ ਦੇ ਮੁਕਤੀਦਾਤਾ, ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ, ਮਹਾਨ ਰਾਸ਼ਟਰ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਪ੍ਰਤੀ ਰਾਜ ਸਭਾ ਵਿੱਚ ਬਹੁਤ ਹੀ ਹੰਕਾਰੀ ਮਜ਼ਾਕੀਆ ਢੰਗ ਨਾਲ ਭੱਦੀ ਟਿੱਪਣੀ ਕੀਤੀ। ਦੇਸ਼-ਵਿਦੇਸ਼ ਵਿੱਚ ਬੈਠੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਸ਼ਰਧਾਲੂਆਂ ਨੂੰ ਇਸ ਟਿੱਪਣੀ ਨੇ ਭਾਰੀ ਠੇਸ ਪਹੁੰਚਾਈ ਹੈ ਅਤੇ ਅਸੀਂ ਇਸ ਨੂੰ ਬਾਬਾ ਸਾਹਿਬ ਦਾ ਅਪਮਾਨ ਸਮਝਦੇ ਹਾਂ ਜੋ ਕਿਸੇ ਕੀਮਤ ਤੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਲਈ ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ ਦੇ ਟਰੱਸ-ਟੀਆਂ ਅਤੇ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਅਹੁਦੇਦਾਰਾਂ ਨੇ ਮਾਨਯੋਗ ਰਾਸ਼ਟਰਪਤੀ ਜੀ ਨੂੰ ਮਾਨਯੋਗ ਡਿਪਟੀ ਕਮਿਸ਼ਨਰ ਜਲੰਧਰ ਰਾਹੀਂ ਮੰਗ ਪੱਤਰ ਰਾਹੀਂ ਮੰਗ ਕੀਤੀ ਕਿ ਭਾਰਤ ਦੇ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਨੂੰ ਪਾਰਲੀਮੈਂਟ ਵਿੱਚ ਮਾਫੀ ਮੰਗਣ ਅਤੇ ਉਸ ਨੂੰ ਗ੍ਰਹਿ ਮੰਤਰੀ ਦੇ ਪਦ ਤੋਂ ਅਸਤੀਫਾ ਦੇਣ ਲਈ ਨਿਰਦੇਸ਼ਿਤ ਕੀਤਾ ਜਾਵੇ ਕਿਉਂਕਿ ਉਸ ਨੇ ਬਾਬਾ ਸਾਹਿਬ ਦਾ ਅਪਮਾਨ ਕੀਤਾ ਹੈ।



ਅਜਿਹੇ ਕਿਸੇ ਵੀ ਵਿਅਕਤੀ ਨੂੰ ਭਾਰਤ ਦੇ ਮਹਾਨ ਸਪੂਤ ਦਾ ਅਪਮਾਨ ਕਰਨ ਦਾ ਕੋਈ ਹੱਕ ਨਹੀਂ ਹੈ। ਇਸ ਮੌਕੇ ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਚੇਅਰਮੈਨ ਸ੍ਰੀ ਸੋਹਨ ਲਾਲ, ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਪ੍ਰਧਾਨ ਸ੍ਰੀ ਚਰਨ ਦਾਸ ਸੰਧੂ ਅਤੇ ਡਾ. ਜੀ. ਸੀ. ਕੌਲ, ਬਲਦੇਵ ਰਾਜ ਭਾਰਦਵਾਜ, ਹਰਮੇਸ਼ ਜੱਸਲ ਅਤੇ ਨਿਰਮਲ ਬਿੰਜੀ ਹਾਜ਼ਰ ਸਨ।

# ਮਾਤਾ ਸਾਵਿਤਰੀ ਬਾਈ ਫੂਲੇ ਦੇ ਜਨਮਦਿਨ ਨੂੰ ਸਮਰਪਿਤ ਸੈਮੀਨਾਰ ਅੰਬੇਡਕਰ ਭਵਨ ਵਿਖੇ 3 ਜਨਵਰੀ ਨੂੰ

## ਮੁੱਖ ਬੁਲਾਰੇ ਹੋਣਗੇ ਡਾ. ਸੁਨੀਤਾ ਸਾਵਰਕਰ, ਸਹਾਇਕ ਪ੍ਰੋਫੈਸਰ

**ਜਲੰਧਰ–**ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) 3 ਜਨਵਰੀ ਸੋਮਵਾਰ ਨੂੰ ਬਾਅਦ ਦੁਪਹਿਰ 3 ਵਜੇ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ 'ਅੰਬੇਡਕਰੀ ਅੰਦੋਲਨ ਵਿੱਚ ਔਰਤਾਂ ਦਾ ਯੋਗਦਾਨ' ਵਿਸ਼ੇ ਤੇ ਸੈਮੀਨਾਰ ਅਜੋਜਿਤ ਕਰ ਰਹੀ ਹੈ। ਸੈਮੀਨਾਰ ਦੇ ਮੁੱਖ ਬੁਲਾਰੇ ਡਾ. ਸੁਨੀਤਾ ਸਾਵਰਕਰ, ਸਹਾਇਕ ਪ੍ਰੋਫੈਸਰ, ਡਾ. ਬੀ. ਆਰ. ਅੰਬੇਡਕਰ ਮਰਾਠਵਾੜਾ ਯੂਨੀਵਰਸਿਟੀ, ਔਰੰਗਾਬਾਦ ਹੋਣਗੇ। ਇਹ ਫੈਸਲਾ ਸੁਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ ਦੀ ਪ੍ਰਧਾਨਗੀ ਹੇਠ ਸੁਸਾਇਟੀ ਦੀਆਂ ਆਗਾਮੀ ਗਤੀਵਿਧੀਆਂ ਦੇ ਸਬੰਧ ਵਿੱਚ ਅੰਬੇਡਕਰ ਭਵਨ ਜਲੰਧਰ ਵਿਖੇ ਹੋਈ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਵਿੱਚ ਲਿਆ ਗਿਆ। ਸੈਮੀਨਾਰ ਦਾ ਵਿਸ਼ਾ 'ਅੰਬੇਡਕਰੀ ਅੰਦੋਲਨ ਵਿੱਚ ਔਰਤਾਂ ਦਾ ਯੋਗਦਾਨ' ਹੋਵੇਗਾ। ਇਹ ਜਾਣਕਾਰੀ ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਵਿੱਚ ਦਿੱਤੀ। ਬਲਦੇਵ ਭਾਰਦਵਾਜ ਨੇ ਕਿਹਾ ਕਿ ਮਾਤਾ ਸਾਵਿਤਰੀ ਬਾਈ ਫੂਲੇ ਦਾ ਜਨਮ 3 ਜਨਵਰੀ 1831 ਨੂੰ ਸਤਾਰਾ ਜ਼ਿਲੇ, ਮਹਾਰਾਸ਼ਟਰ ਵਿੱਚ ਨਾਈਗਾਂਵ ਵਿਖੇ ਪਿਤਾ ਖੰਨ ਦੋਜੀ ਨੇਬਸੇ ਅਤੇ ਮਾਤਾ ਲਕਸ਼ਮੀ ਦੇ ਘਰ ਹੋਇਆ ਸੀ। ਸਾਵਿਤਰੀ ਬਾਈ ਦਾ ਵਿਆਹ 1840 'ਚ 9 ਸਾਲ ਦੀ ਉਮਰ ਚ 13 ਸਾਲ ਦੇ ਜੋਤੀ ਰਾਓ ਫੂਲੇ ਨਾਲ ਹੋ ਗਿਆ ਸੀ। ਵਿਆਹ ਦੇ ਸਮੇਂ ਸਾਵਿਤਰੀ ਬਾਈ ਫੂਲੇ ਪੂਰੀ ਤਰ੍ਹਾਂ ਅਨਪੜ੍ਹ ਸੀ ਤੇ ਉੱਥੇ ਹੀ ਉਨ੍ਹਾਂ ਦੇ ਪਤੀ ਤੀਜੀ ਕਲਾਸ ਤੱਕ ਪੜ੍ਹੇ ਸਨ। ਜਿਸ ਦੌਰ 'ਚ ਉਹ ਪੜ੍ਹਨ ਦਾ ਸੁਪਨਾ ਦੇਖ ਰਹੀ ਸੀ, ਉਦੋਂ ਦਲਿਤਾਂ ਨਾਲ ਬਹੁਤ ਭੇਦਭਾਵ ਹੁੰਦਾ ਸੀ।





ਸਾਵਿਤਰੀ ਬਾਈ ਫੂਲੇ ਨੇ ਆਪਣੇ ਪਤੀ ਨਾਲ ਮਿਲ ਕੇ 1848 'ਚ ਪੂਨੇ 'ਚ ਇੱਕ ਸਕੂਲ ਦੀ ਸਥਾਪਨਾ ਕੀਤੀ ਜਿਸ ਚ ਵੱਖ-ਵੱਖ ਜਾਤੀਆਂ ਦੀਆਂ 9 ਵਿਦਿਆਰਥਣਾਂ ਪੜ੍ਹਨ ਆਉਂਦੀਆਂ ਸਨ। ਇਕ ਸਾਲ 'ਚ ਸਾਵਿਤਰੀ ਬਾਈ ਅਤੇ ਮਹਾਤਮਾ ਫੂਲੇ ਨੇ 5 ਨਵੇਂ ਸਕੂਲ ਖੋਲਣ 'ਚ ਸਫਲਤਾ ਹਾਸਲ ਕੀਤੀ। ਕੁੜੀਆਂ ਦੀ ਸਿੱਖਿਆ ਤੇ ਉਸ ਸਮੇਂ ਸਮਾਜਿਕ ਪਾਬੰਦੀ ਸੀ। ਭਾਰਦਵਾਜ ਨੇ ਕਿਹਾ ਕਿ ਸਾਵਿਤਰੀ ਬਾਈ ਫੂਲੇ ਉਸ ਦੌਰ ਚ ਨਾ ਸਿਰਫ ਖੁਦ ਪੜ੍ਹੀ ਸਗੋਂ ਉਸਨੇ ਦੂਜੀਆਂ ਕੁੜੀਆਂ ਦੇ ਪੜ੍ਹਨ ਦਾ ਵੀ ਬੰਦੋਬਸਤ ਕੀਤਾ। ਸਾਵਿਤਰੀ ਬਾਈ ਫੂਲੇ ਸਕੂਲ ਜਾਂਦੀ ਸੀ ਤਾਂ ਲੋਕ ਪੱਥਰ ਮਾਰਦੇ ਸਨ। ਉਨ੍ਹਾਂ ਤੇ ਗੰਦਗੀ ਸੁੱਟੀ ਜਾਂਦੀ ਸੀ, ਜਿਸ ਦੇ ਬਾਵਜੂਦ ਉਸਨੇ ਉਸ ਦੌਰ ਚ ਕੁੜੀਆਂ ਲਈ ਸਕੂਲ ਖੋਲਿਆ, ਜਦੋਂ ਕੁੜੀਆਂ ਨੂੰ ਪੜ੍ਹਾਉਣਾ ਲਿਖਾਉਣਾ ਸਹੀ ਨਹੀਂ ਮੰਨਿਆ ਜਾਂਦਾ ਸੀ। ਸਾਵਿਤਰੀ ਬਾਈ ਦੀ ਮੌਤ 10 ਮਾਰਚ 1897 ਨੂੰ ਪਲੇਗ ਦੇ ਮਰੀਜ਼ਾਂ ਦੀ ਦੇਖਭਾਲ ਕਰਨ ਦੌਰਾਨ ਹੋਈ। ਉਨ੍ਹਾਂ ਦਾ ਪੂਰਾ ਜੀਵਨ ਸਮਾਜ ਦੇ ਠੁਕਰਾਏ ਤਬਕੇ ਖਾਸ ਕਰਕੇ ਔਰਤਾਂ ਤੇ ਦਲਿਤਾਂ ਦੇ ਅਧਿਕਾਰਾਂ ਦੇ ਲਈ ਸੰਘਰਸ਼ 'ਚ ਬੀਤਿਆ। ਸਾਵਿਤਰੀ ਬਾਈ ਫੂਲੇ ਭਾਰਤ ਦੀ ਪਹਿਲੀ ਮਹਿਲਾ ਅਧਿਆਪਕ ਸੀ ਜਿਸ ਦੇ ਪਰਿਆਸ ਨਾਲ ਅੱਜ ਲੱਖਾਂ ਕਰੋੜਾਂ ਔਰਤਾਂ ਸ਼ਿਕਸਤ ਹੋ ਕੇ ਸਮਾਜ ਦੀ ਬੇਹਤਰੀ ਲਈ ਅੰਬੇਡਕਰੀ ਅੰਦੋਲਨ 'ਚ ਯੋਗਦਾਨ ਪਾ ਰਹੀਆਂ ਹਨ। ਅੰਬੇਡਕਰ ਮਿਸ਼ਨ ਸੁਸਾਇਟੀ 3 ਜਨਵਰੀ ਨੂੰ 'ਅੰਬੇਡਕਰੀ ਅੰਦੋਲਨ ਵਿੱਚ ਔਰਤਾਂ ਦਾ ਯੋਗਦਾਨ' ਵਿਸ਼ੇ ਤੇ ਸੈਮੀਨਾਰ ਦਾ ਆਯੋਜਨ ਕਰਕੇ ਉਨ੍ਹਾਂ ਦਾ ਜਨਮ ਦਿਨ ਮਨਾ ਰਹੀ ਹੈ। ਸਾਰੇ ਵਿਚਾਰਸ਼ੀਲ ਸਾਥੀਆਂ ਨੂੰ ਇਸ ਸੈਮੀਨਾਰ ਵਿੱਚ ਸ਼ਾਮਿਲ ਹੋ ਕੇ ਲਾਭ ਉਠਾਉਣਾ ਚਾਹੀਦਾ ਹੈ।

ਇਸ ਮੌਕੇ ਸਰਬ ਸ਼੍ਰੀ ਸੋਹਨ ਲਾਲ, ਡਾ. ਜੀ. ਸੀ. ਕੌਲ, ਪ੍ਰੋ. ਬਲਬੀਰ, ਬਲਦੇਵ ਰਾਜ ਭਾਰਦਵਾਜ, ਮਹਿੰਦਰ ਸੰਧੂ, ਤਿਲਕ ਰਾਜ, ਪਰਮਿੰਦਰ ਸਿੰਘ ਖੁਤਨ ਅਤੇ ਨਿਰਮਲ ਬਿੰਜੀ ਹਾਜ਼ਰ ਸਨ।

# ਦੇਸ਼ ਭਗਤ ਯੂਨੀਵਰਸਿਟੀ ਅਤੇ ਏ.ਆਈ.ਈ.ਐਸ.ਈ.ਸੀ. ਲੁਧਿਆਣਾ ਨੇ ਵਿਦਿਆਰਥੀਆਂ ਨੂੰ ਗਲੋਬਲ ਮੌਕੇ ਪ੍ਰਦਾਨ ਕਰਨ ਲਈ ਕੀਤਾ ਸਮਝੌਤਾ

**ਮੰਡੀ ਗੋਬਿੰਦਗੜ੍ਹ–** ਏ.ਆਈ.ਈ.ਐਸ.ਈ.ਸੀ. ਲੁਧਿਆਣਾ, ਜੋ ਕਿ ਨੌਜਵਾਨਾਂ ਲਈ ਉਹਨਾਂ ਦੀ ਲੀਡਰਸ਼ਿਪ ਸਮਰੱਥਾ ਦੀ ਪੜਚੋਲ ਕਰਨ ਅਤੇ ਉਸ ਨੂੰ ਵਿਕਸਤ ਕਰਨ ਲਈ ਇੱਕ ਪਲੇਟਫਾਰਮ ਹੈ, ਨੇ ਦੇਸ਼ ਭਗਤ ਯੂਨੀਵਰਸਿਟੀ, ਪੰਜਾਬ ਨਾਲ ਇੱਕ ਸਹਿਯੋਗੀ ਭਾਈਵਾਲੀ ਰਾਹੀਂ ਵਿਦਿਆਰਥੀਆਂ ਲਈ ਨਵੇਂ ਮੌਕੇ ਪੈਦਾ ਕਰਨ ਲਈ ਇੱਕ ਸਮਝੌਤਾ ਕੀਤਾ ਹੈ।

ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਪ੍ਰੈਜ਼ੀਡੈਂਟ ਡਾ. ਹਰਸ਼ ਸਦਾਵਰਤੀ ਨੇ ਇਸ ਸਾਂਝੇਦਾਰੀ 'ਤੇ ਆਪਣੀ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਉਹ ਆਪਣੇ ਵਿਦਿਆਰਥੀਆਂ ਨੂੰ ਇਹ ਕੀਮਤੀ ਅੰਤਰਰਾਸ਼ਟਰੀ ਮੌਕੇ ਪ੍ਰਦਾਨ ਕਰਨ ਲਈ ਏਆਈਈਐਸਈਸੀ ਲੁਧਿਆਣਾ ਨਾਲ ਸਾਂਝੇਦਾਰੀ ਕਰਕੇ ਬਹੁਤ ਸੰਤੁਸ਼ਟ ਹਨ। ਇਹ ਸਹਿਯੋਗ ਉਨ੍ਹਾਂ ਸੁਚੱਜੇ ਆਗੂਆਂ ਦੀ ਤਰੱਕੀ ਵਿੱਚ ਮਦਦ ਕਰੇਗਾ ਜੋ ਇੱਕ ਵਿਸ਼ਵੀਕਰਨ ਵਾਲੀ ਦੁਨੀਆ ਵਿੱਚ ਉੱਤਮਤਾ ਪ੍ਰਾਪਤ ਕਰਨ ਲਈ ਤਿਆਰ ਹਨ।"




ਇਹ ਸਮਝੌਤਾ ਦੋਵਾਂ ਸੰਸਥਾਵਾਂ ਵਿਚਕਾਰ ਇੱਕ ਪਰਿਵਰਤਨਸ਼ੀਲ ਗੱਠਜੋੜ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ, ਜਿਸਦਾ ਉਦੇਸ਼ ਦੇਸ਼ ਭਗਤ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਵਟਾਂਦਰਾ ਪ੍ਰੋਗਰਾਮਾਂ, ਇੰਟਰਨਸ਼ਿਪਾਂ, ਵਲੰ-ਟੀਅਰ ਅਨੁਭਵਾਂ ਅਤੇ ਵਿਸ਼ਵ ਭਰ ਵਿੱਚ ਲੀਡਰਸ਼ਿਪ ਵਿਕਾਸ ਪਹਿਲਕਦਮੀਆਂ ਤੱਕ ਪਹੁੰਚ ਪ੍ਰਦਾਨ ਕਰਨਾ ਹੈ।


ਇਸ ਭਾਈਵਾਲੀ ਰਾਹੀਂ, ਏ.ਆਈ.ਈ.ਐਸ.ਈ.ਸੀ. ਵਿਦਿਆਰਥੀਆਂ ਨੂੰ ਅੰਤਰ-ਰਾਸ਼ਟਰੀ ਸੱਭਿਆਚਾਰਾਂ ਵਿੱਚ ਲੀਨ ਹੋਣ, ਅੰਤਰ-ਸੱਭਿਆਚਾਰਕ ਸਮਝ ਵਿਕਸਿਤ ਕਰਨ ਅਤੇ ਗਲੋਬਲ ਮੌਕਿਆਂ ਵਿੱਚ ਭਾਗ ਲੈ ਕੇ ਆਪਣੀ ਰੁਜ਼ਗਾਰ ਯੋਗਤਾ ਨੂੰ ਵਧਾਉਣ ਦਾ ਮੌਕਾ ਦੇਵੇਗਾ। ਇਹ ਤਜ਼ਰਬੇ ਅੱਜ ਦੇ ਆਪਸ ਵਿੱਚ ਜੁੜੇ ਸੰਸਾਰ ਵਿੱਚ ਸਫਲਤਾ ਲਈ ਮਹੱਤਵਪੂਰਨ ਹੁਨਰ ਲੀਡਰਸ਼ਿਪ, ਟੀਮ ਵਰਕ, ਅਤੇ ਗਲੋਬਲ ਯੋਗਤਾ ਨੂੰ ਮਜ਼ਬੂਤ ਕਰਨ ਲਈ ਤਿਆਰ ਕੀਤੇ ਗਏ ਹਨ।

ਇਸ ਮੌਕੇ ਏਆਈਈਐਸਈਸੀ ਲੁਧਿਆਣਾ ਦੀ ਵਾਈਸ ਪ੍ਰੈਜ਼ੀਡੈਂਟ ਸ਼੍ਰੀਮਤੀ ਰੀਆ ਜਿੰਦਲ ਨੇ ਕਿਹਾ, "ਏ ਆਈ ਈ ਐਸ ਈ ਸੀ, ਦੇਸ਼ ਭਗਤ ਯੂਨੀਵਰਸਿਟੀ ਦੇ ਨਾਲ ਸਹਿਯੋਗ ਕਰਨ ਲਈ ਉਤਸ਼ਾਹਿਤ ਹੈ, ਜੋ ਵਿਦਿਆਰਥੀਆਂ ਨੂੰ ਸਸ਼ਕਤ ਬਣਾਉਣ ਲਈ ਵਚਨਬੱਧ ਹੈ।'

ਏਆਈਈਐਸਈਸੀ ਅਤੇ ਦੇਸ਼ ਭਗਤ ਯੂਨੀਵਰਸਿਟੀ ਵਿਚਕਾਰ ਸਹਿਯੋਗ ਵਿਦਿਆਰਥੀਆਂ ਦੀ ਵਿਦਿ-ਅਕ ਯਾਤਰਾ ਨੂੰ ਭਰਪੂਰ ਬਣਾਉਣ ਅਤੇ ਉਨ੍ਹਾਂ ਨੂੰ ਸਥਾਨਕ ਅਤੇ ਗਲੋਬਲ ਚੁਣੌਤੀਆਂ ਵਾਸਤੇ ਤਿਆਰ ਕਰਨ ਲਈ ਸਮਰੱਥ ਹੈ। ਇਸ ਰਣਨੀਤਕ ਗਠਜੋੜ ਦੁਆਰਾ, ਵਿਦਿਆਰਥੀਆਂ ਨੂੰ ਕਈ ਤਰ੍ਹਾਂ ਦੇ ਅੰਤਰਰਾਸ਼ਟਰੀ ਮੌਕਿਆਂ ਦਾ ਸਾਹਮਣਾ ਕਰਨਾ ਪਵੇਗਾ, ਉਹਨਾਂ ਦੀ ਅਕਾਦਮਿਕ ਅਤੇ ਪੇਸ਼ੇਵਰ ਤਰੱਕੀ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।

# ਕਿਰਾਏਦਾਰਾਂ ਅਤੇ ਨੌਕਰਾਂ ਦਾ ਪੂਰਾ ਵੇਰਵਾ ਜ਼ਿਲ੍ਹਾ ਤੇ ਪੁਲਿਸ ਪ੍ਰਸ਼ਾਸਨ ਨੂੰ ਦੇਣਾ ਲਾਜ਼ਮੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਮੈਜਿਸਟ੍ਰੇਟ ਰਾਜੇਸ਼ ਧੀਮਾਨ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਇਹ ਹੁਕਮ ਜਾਰੀ ਕੀਤਾ ਹੈ ਕਿ ਜ਼ਿਲ੍ਹੇ ਦੇ ਮਿਉਂਸਪਲ ਕੌਂਸਲ, ਨਗਰ ਪੰਚਾਇਤਾਂ ਅਤੇ ਪਿੰਡਾਂ ਦੀਆਂ ਪੰਚਾਇਤਾਂ ਦੇ ਅਧਿਕਾਰ ਖੇਤਰ ਵਿਚ ਰਹਿਣ ਵਾਲਾ ਕੋਈ ਵੀ ਵਿਅਕਤੀ ਜੇਕਰ ਆਪਣੇ ਘਰ/ਹੋਟਲ/ਰੈਸਟੋਰੈਂਟ ਵਿਚ ਕਿਰਾਏਦਾਰ/ਨੌਕਰ/ਪੇਇੰਗ ਗੈਸਟ/ਨੇਪਾਲੀ ਲਾਂਗਰੀ ਰੱਖੇਗਾ, ਤਾਂ ਉਹ ਉਸ ਦੀ ਸੂਚਨਾ dc_nawanshahr@rei-dffmial. com ਅਤੇ dpo.nsr.poilce@punjab.govi.n 'ਤੇ ਇਕ ਹਫ਼ਤੇ ਦੇ ਅੰਦਰ-ਅੰਦਰ ਦੇਣ ਲਈ ਪਾਬੰਦ ਹੋਵੇਗਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਮਕਾਨ ਮਾਲਕਾਂ ਨੇ ਅਜੇ ਤੱਕ ਕਿਰਾਏਦਾਰਾਂ ਦੀ ਸੂਚਨਾ ਪੁਲਿਸ ਨੂੰ ਨਹੀਂ ਦਿੱਤੀ ਹੈ, ਉਹ ਉਕਤ ਈ-ਮੇਲ 'ਤੇ ਕਿਰਾਏਦਾਰ (ਨਾਮ, ਪਿਤਾ ਦਾ ਨਾਮ, ਫੋਟੋ ਅਤੇ ਆਧਾਰ ਕਾਰਡ) ਦੀ ਸੂਚਨਾ ਇਸ ਹੁਕਮ ਦੇ ਜਾਰੀ ਹੋਣ ਦੀ ਮਿਤੀ ਤੋਂ ਇਕ ਹਫ਼ਤੇ ਦੇ ਅੰਦਰ-ਅੰਦਰ ਦੇਣ। ਉਨ੍ਹਾਂ ਕਿਹਾ ਕਿ ਮਕਾਨ ਮਾਲਕਾ ਵੱਲੋਂ ਰੱਖੇ ਗਏ ਕਿਰਾਏਦਾਰ/ਨੌਕਰ/ ਪੇਇੰਗ ਗੈਸਟ ਆਦਿ ਕਈ ਵਾਰ ਨਸ਼ੇ, ਅਸਮਾਜਿਕ ਅਤੇ ਅਪਰਾਧਿਕ ਪਿਛੋਕੜ ਦੇ ਹੁੰਦੇ ਹਨ ਅਤੇ ਕਿਰਾਏ ਵਾਲੇ ਮਕਾਨਾਂ ਅਤੇ ਪਬਲਿਕ ਸਥਾਨਾਂ 'ਤੇ ਹੁੜਦੰਗ ਕਰਦੇ ਰਹਿੰਦੇ ਹਨ, ਜਿਸ ਕਰਕੇ ਅਮਨ ਤੇ ਕਾਨੂੰਨ ਦੀ ਸਥਿਤੀ ਵਿਗੜਨ ਦਾ ਡਰ ਹੈ, ਪਰ ਮਕਾਨ ਮਾਲਕਾਂ ਵੱਲੋਂ ਇਨ੍ਹਾਂ ਕਿਰਾਏਦਾਰਾਂ ਦੀ ਸੂਚਨਾ ਪੁਲਿਸ ਪਾਸ ਸਮੇਂ ਸਿਰ ਦਰਜ ਨਹੀਂ ਕਰਵਾਈ ਜਾਂਦੀ ਹੈ। ਇਸ ਤਰ੍ਹਾਂ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਉਕਤ ਹੁਕਮ ਲਾਗੂ ਕੀਤਾ ਗਿਆ ਹੈ। ਇਹ ਹੁਕਮ 24 ਫਰਵਰੀ, 2025 ਤੱਕ ਲਾਗੂ ਰਹੇਗਾ।



# ਸੁੱਖੀ ਬਾਠ ਦੀ ਸਰਪ੍ਰਸਤੀ ਹੇਠ ਬਾਲ ਲੇਖਕਾਂ ਦਾ ਕਵੀ ਦਰਬਾਰ ਯਾਦਗਾਰੀ ਬਣਿਆ ਸਿਰਜਕ ਤੋਂ ਪਹਿਲਾਂ ਪਾਠਕ ਬਣਨਾ ਜ਼ਰੂਰੀ ਹੈ-ਬਲਜਿੰਦਰ ਮਾਨ

**ਗੁਰਦਾਸਪੁਰ (ਹਰਵੀਰ ਮਾਨ)** ਸਾਹਿਤ ਦੀ ਸਿਰਜਣਾ ਕਰਨ ਤੋਂ ਪਹਿਲਾਂ ਸਾਨੂੰ ਨਰੋਏ ਅਤੇ ਰੌਚਕ ਸਾਹਿਤ ਦੇ ਪਾਠਕ ਬਣਨਾ ਬਹੁਤ ਜ਼ਰੂਰੀ ਹੈ। ਇਹ ਵਿਚਾਰ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਨੇ ਬਾਲ ਲੇਖਕਾਂ ਨੂੰ ਆਪਣੇ ਸੰਬੋਧਨ ਵਿੱਚ ਆਖੇ। ਉਹਨਾਂ ਸ੍ਰੀ ਸੁਖੀ ਬਾਟ ਪੰਜਾਬ ਭਵਨ ਸਰੀ ਦੇ ਸੰਸਥਾਪਕ ਵੱਲੋਂ ਚਲਾਏ ਜਾ ਰਹੇ ਨਵੀਆਂ ਕਲਮਾਂ ਨਵੀਂ ਉਡਾਨ ਪ੍ਰੋਜੈਕਟ ਦੇ ਇਹਨਾਂ ਕਾਰਜਾਂ ਦੀ ਸ਼ਲਾਘਾ ਕਰਦਿਆਂ ਅੱਗੇ ਕਿਹਾ ਕਿ ਇਹਨਾਂ ਯਤਨਾਂ ਨਾਲ ਮਾਤ ਭਾਸ਼ਾ ਪੰਜਾਬੀ ਦਾ ਪ੍ਰਚਾਰ ਅਤੇ ਪ੍ਰਸਾਰ ਹੋ ਰਿਹਾ ਹੈ। ਉਹਨਾਂ ਦਾ ਸਵਾਗਤ ਕਰਦਿਆਂ ਜ਼ਿਲਾ ਪ੍ਰਧਾਨ ਡਾ।ਸਤਿੰਦਰ ਕੌਰ ਕਾਹਲੋਂ ਨੇ ਦੱਸਿਆ ਕਿ ਪੰਜਾਬ ਭਵਨ ਸਰੀ ਕਨੇਡਾ ਦੇ ਸੰਸਥਾਪਕ ਸ਼੍ਰੀ ਸੁੱਖੀ ਬਾਠ ਜੀ ਦੀ ਰਹਿਨੁਮਾਈ ਹੇਠ ਨਵੀਆਂ ਕਲਮਾਂ ਨਵੀਂ ਉਡਾਣ ਪ੍ਰੋਜੈਕਟ ਪਿਛਲੇ ਸਾਲ ਤੋਂ ਸਫਲਤਾਪੂਰਵਕ ਚੱਲ ਰਿਹਾ ਹੈ। ਇਸ ਤਹਿਤ ਵੱਖ ਵੱਖ ਜ਼ਿਲ੍ਹਿਆਂ ਦੇ ਬੱਚਿਆਂ ਦੀਆਂ 40 ਕਿਤਾਬਾਂ ਹੁਣ ਤੱਕ ਲੋਕ ਅਰਪਿਤ ਹੋ ਚੁੱਕੀਆਂ ਹਨ ਤੇ ਹੋਰ ਤਿਆਰ ਹੋ ਰਹੀਆਂ ਹਨ। ਜ਼ਿਲਾ ਗੁਰਦਾਸਪੁਰ ਦੇ ਬੱਚਿਆਂ ਦਾ ਸਾਹਿਬਜ਼ਾਦਿਆਂ ਨੂੰ ਸਮਰਪਿਤ ਆਨ ਲਾਈਨ ਕਵੀ ਦਰਬਾਰ ਸਤਿੰਦਰ ਕੌਰ ਕਾਹਲੋਂ ਦੀ ਅਗਵਾਈ ਵਿੱਚ ਕਰਵਾਇਆ ਗਿਆ। ਜਿਸਦੇ ਮੁੱਖ ਮਹਿਮਾਨ ਬਲਜਿੰਦਰ ਮਾਨ ਬਾਲ ਸਾਹਿਤ ਦੇ ਉੱਘੇ ਸਿਰਜਕ ਸੰਪਾਦਕ, ਪ੍ਰਕਾਸ਼ਕ, ਸ਼੍ਰੋਮਣੀ ਬਾਲ ਸਾਹਿਤ ਲੇਖਕ ਸਨ। ਜਿਸ ਵਿੱਚ ਵੱਖ ਵੱਖ ਸਕੂਲਾਂ ਦੇ 24 ਬੱਚਿਆਂ ਨੇ ਭਾਗ ਲਿਆ ਤੇ ਆਪਣੀਆਂ ਕਵਿਤਾਵਾਂ ਸੁਣਾਈਆਂ। ਇਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬੱਚੇ ਤੇ ਗਾਈਡ ਅਧਿਆਪਕ ਵੀ ਪੂਰਾ ਸਮਾਂ ਹਾਜ਼ਰ ਰਹੇ।




ਬਲਜਿੰਦਰ ਮਾਨ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਹਿਤ ਦੀ ਸਿਰਜਣਾ ਕਰਨ ਤੋਂ ਪਹਿਲਾਂ ਸਾਨੂੰ ਨਰੋਏ ਅਤੇ ਰੌਚਕ ਸਾਹਿਤ ਦੇ ਪਾਠਕ ਬਣਨਾ ਚਾਹੀਦਾ ਹੈ। ਜਦੋਂ ਅਸੀਂ ਵੰਨ ਸੁਵੰਨੀਆਂ ਪੁਸਤਕਾਂ ਦਾ ਅਧਿਐਨ ਕਰਾਂਗੇ ਤਾਂ ਸਾਡੇ ਅੰਦਰ ਨਵੇਂ ਫੁਰਨੇ ਫੁਰਨਗੇ ਅਤੇ ਨਵੇਂ ਵਿਚਾਰ ਪੈਦਾ ਹੋਣਗੇ । ਇਹ ਵਿਚਾਰ ਸਾਡੀ ਨਵੀਂ ਤੇ ਨਿਵੇਕਲੀ ਸਿਰਜਣਾ ਦਾ ਵਿਸ਼ਾ ਵਸਤੂ ਬਣਨਗੇ। ਪੁਸਤਕਾਂ ਪੜ੍ਹ ਕੇ ਅਸੀਂ ਆਪਣੀ ਉਮਰ ਤੋਂ ਪਹਿਲਾਂ ਸਿਆਣੇ ਹੋ ਜਾਂਦੇ ਹਾਂ ਕਿਉਂਕਿ ਇਹਨਾਂ ਵਿੱਚੋਂ ਮਿਲੇ ਤਜਰਬੇ ਸਾਡੇ ਜੀਵਨ ਦਾ ਅੰਗ ਬਣ ਜਾਂਦੇ ਹਨ। ਨਵੀਆਂ ਕਲਮਾਂ ਨਵੀਂ ਉਡਾਣ ਦੇ ਪ੍ਰਬੰਧਕਾਂ ਅਤੇ ਅਧਿਆਪਕਾਂ ਨੂੰ ਇਹੀ ਬੇਨਤੀ ਹੈ ਕਿ ਉਹ ਬੱਚਿਆਂ ਹੱਥ ਵੱਧ ਤੋਂ ਵੱਧ ਉਹਨਾਂ ਦੀ ਰੁਚੀ ਅਨੁਸਾਰ ਪੁਸਤਕਾਂ ਦੇਣ। ਆਪ ਸਭ ਵੱਲੋਂ ਕੀਤੇ ਜਾ ਰਹੇ ਇਹ ਉਪਰਾਲੇ ਮਾਤ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਨਿੱਗਰ ਯੋਗਦਾਨ ਪਾ ਰਹੇ ਹਨ। ਇਸ ਪ੍ਰੋਜੈਕਟ ਤੋਂ ਪੰਜਾਬੀ ਪਿਆਰਿਆਂ ਨੂੰ ਬਹੁਤ ਉਮੀਦਾਂ ਹਨ।

ਪ੍ਰੋਜੈਕਟ ਇੰਚਾਰਜ ਉਂਕਾਰ ਸਿੰਘ ਤੇਜੇ ਨੇ ਮੁੱਖ ਮਹਿਮਾਨ, ਅਧਿਆਪਕਾਂ ਤੇ ਭਾਗ ਲੈਣ ਵਾਲੇ ਬੱਚਿਆਂ ਦਾ ਧੰਨਵਾਦ ਕੀਤਾ। ਸ਼੍ਰੀ ਸੁੱਖੀ ਬਾਠ ਜੀ ਉਚੇਚੇ ਤੌਰ ਤੇ ਸ਼ਾਮਿਲ ਹੋਏ ਤੇ ਪੂਰਾ ਕਵੀ ਦਰਬਾਰ ਸੁਣਿਆ। ਉਹਨਾਂ ਨੇ ਆਪਣੇ ਵੱਡਮੁੱਲੇ ਵਿਚਾਰ ਸਾਂਝੇ ਕਰਦਿਆਂ ਬੱਚਿਆਂ ਦੀ ਹੌਂਸਲਾ ਅਫਜਾਈ ਕੀਤੀ। ਕਵੀ ਦਰਬਾਰ ਟੀਮ ਮੈਂਬਰ ਰਣਜੀਤ ਕੌਰ ਬਾਜਵਾ, ਨਵਜੋਤ ਕੌਰ ਬਾਜਵਾ, ਕਮਲਜੀਤ ਕੌਰ, ਗਗਨਦੀਪ ਸਿੰਘ ਤੇ ਸੁੱਖਵਿੰਦਰ ਕੌਰ ਦੇ ਸਹਿਯੋਗ ਸਦਕਾ ਅਮਿੱਟ ਪੈੜਾਂ ਛੱਡ ਗਿਆ।

# ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

31252 Veasy Street Union City CA 94587



## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2025 ਦੀਆਂ ਲੱਖ-ਲੱਖ ਵਧਾਈਆਂ



ਗੁਰੂ ਘਰ ਦੀ ਇਮਾਰਤ ਦਾ ਕੰਮ ਚੱਲ ਰਿਹਾ ਅਤੇ ਆਪ ਸਭ ਨੂੰ ਬੇਨਤੀ ਹੈ ਕਿ ਇਸ ਸ਼ੁਭ ਕਾਰਜ ਲਈ ਆਪਣਾ ਦਸ਼ਵੰਧ ਕੱਢੋ ਤਾਂ ਜੋ ਕਿ ਆਪਾਂ-ਆਪਣੇ ਸੁਪਨੇ ਪੂਰੇ ਕਰ ਸਕੀਏ। ਗੁਰੂ ਘਰ ਦਾ ਪ੍ਰੋਗਰਾਮ ਹਰ ਇਕ ਦੂਸਰੇ ਐਤਵਾਰ ਅਤੇ ਚੋਥੇ ਐਤਵਾਰ ਪੱਕਾ ਤਹਿ ਕੀਤਾ ਹੈ। ਸੰਗਤ ਨੂੰ ਬੇਨਤੀ ਹੈ ਕਿ ਆਪ ਪ੍ਰੋਗਰਾਮ ਤੇ ਪਹੁੰਚੋ ਅਤੇ ਗੁਰੁਘਰ ਦੀ ਇਮਾਰਤ ਬਣਦੀ ਦੇਖੋ ਅਤੇ ਆਪਣਾ ਯੋਗਦਾਨ ਪਾਓ।









ਗੁਰੂ ਘਰ ਦੀ ਉਸਾਰੀ ਜਾ ਰਹੀ ਬਿਲਡਿੰਗ ਦੀਆਂ ਕੁਝ ਝਲਕੀਆਂ

**For langar Sewa please contact any of the committee members**


| Chairman | President | General Secretary | Treasurer |
|---|---|---|---|
| Vinod Kumar Chumber | Tarlochan Singh | Naresh Kumar Gaddu | Mandeep Rai |
| 510-953-9800 | 510-712-1743 | 510-857-4551 | 415-342-9159 |

# ਭਾਰਤ ਵਿੱਚ ਕੰਨਿਆ ਪਾਠਸ਼ਾਲਾ ਖੋਲਣ ਵਾਲੀ ਪਹਿਲੀ ਮਹਿਲਾ ਅਧਿਆਪਕਾ, ਸਮਾਜ ਸੁਧਾਰਿਕਾ ਅਤੇ ਮਰਾਠੀ ਕਵਿਤਰੀ ਸਾਵਿਤਰੀ ਬਾਈ ਫੂਲੇ




ਕੁਲਦੀਪ ਚੰਦ
91-9417563054

ਕੁੱਝ ਸਮਾਜਿਕ ਕੁਪ੍ਰਥਾਵਾਂ ਕਾਰਨ ਭਾਰਤ ਵਿੱਚ ਲੰਬਾ ਸਮਾਂ ਮਹਿਲਾਵਾਂ ਸਮਾਜਿਕ ਅਤੇ ਧਾਰਮਿਕ ਕੁਰਿਤੀਆਂ ਅਤੇ ਵਿਤਕਰੇ ਦਾ ਸ਼ਿਕਾਰ ਰਹੀਆਂ ਹਨ ਅਤੇ ਦਲਿਤ ਮਹਿਲਾਵਾਂ ਨੂੰ ਹੋਰ ਵੀ ਵੱਧ ਅੱਤਿਆਚਾਰਾਂ ਦਾ ਸ਼ਿਕਾਰ ਹੋਣਾ ਪਿਆ ਹੈ। ਭਾਰਤ ਵਿੱਚ ਮਹਿਲਾਵਾਂ ਨਾਲ ਹੋ ਰਹੇ ਇਸ ਵਿੱਤਕਰੇ ਨੂੰ ਖਤਮ ਕਰਨ ਲਈ ਸਮੇਂ ਸਮੇਂ ਤੇ ਕਈ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸਮਾਜ ਸੁਧਾਰਕਾਂ ਨੇ ਮੁਹਿੰਮ ਚਲਾਈ ਹੈ ਜਿਨ੍ਹਾਂ ਵਿੱਚੋਂ ਰਾਜਾ ਰਾਮ ਮੋਹਨ ਰਾਏ, ਸਵਾਮੀ ਵਿਵੇਕਾਨੰਦ, ਦਇਆ ਨੰਦ ਸਰਸਵਤੀ, ਸਯੱਦ ਅਹਿਮਦ ਖ਼ਾਨ, ਪੰਡਿਤਾ ਰਮਾਬਾਈ, ਪੇਰੀਆਰ ਈ ਵੀ ਰਾਮਾਸਾਮੀ, ਜਯੋਤੀਬਾ ਫੂਲੇ , ਸਾਵਿੱਤਰੀ ਬਾਈ ਫੂਲੇ, ਡਾਕਟਰ ਭੀਮ ਰਾਓ ਅੰਬੇਡਕਰ ਆਦਿ ਦਾ ਵਿਸ਼ੇਸ਼ ਨਾਮ ਸ਼ਾਮਿਲ ਹਨ। ਇਨ੍ਹਾਂ ਸਮਾਜ ਸੁਧਾਰਕਾਂ ਵਿੱਚ ਸ਼ਾਮਿਲ ਪਹਿਲੀ ਮਹਿਲਾ ਅਧਿਆਪਕ ਸਾਵਿਤਰੀ ਬਾਈ ਫੂਲੇ ਦਾ ਜਨਮ 03 ਜਨਵਰੀ 1831 ਨੂੰ ਹੋਇਆ ਸੀ। ਆਪ ਦੇ ਪਿਤਾ ਦਾ ਨਾਮ ਖੰਦੋਜੀ ਨੇਵਸੇ ਪਾਟਿਲ ਅਤੇ ਮਾਤਾ ਦਾ ਨਾਮ ਲਕਸ਼ਮੀ ਸੀ ਅਤੇ ਆਪ ਦਾ ਪਰਿਵਾਰ ਖੇਤੀਬਾੜੀ ਕਰਦਾ ਸੀ। ਉਹ ਪਰਿਵਾਰ ਦੀ ਸਭ ਤੋਂ ਵੱਡੀ ਧੀ ਸੀ। 1840 ਵਿੱਚ ਜਦੋਂ ਉਸਦੀ ਉਮਰ ਸਿਰਫ 09 ਸਾਲ ਦੀ ਸੀ ਦਾ ਵਿਆਹ 13ਸਾਲਾ ਮਾਲੀ ਪਰਿਵਾਰ ਦੇ ਜੋਤੀਬਾ ਫੂਲੇ ਨਾਲ ਹੋਇਆ ਸੀ। ਵਿਆਹ ਤੋਂ ਬਾਦ ਉਹ ਅਪਣੇ ਪਤੀ ਨਾਲ ਪੂਨੇ ਆ ਗਈ। ਵਿਆਹ ਤੋਂ ਪਹਿਲਾਂ ਉਹ ਅਨਪੜ੍ਹ ਸੀ ਪਰ ਉਸਦੇ ਪਤੀ ਜੋਤੀਬਾ ਫੂਲੇ ਨੇ ਉਸਨੂੰ ਪੜ੍ਹਾਇਆ। ਉਸਨੇ ਪੂਨੇ ਅਤੇ ਅਹਿਮਦਨਗਰ ਵਿੱਚ ਅਧਿਆਪਕਾ ਦੀ ਟਰੇਨਿਗ ਲਈ ਅਤੇ ਇੱਕ ਯੋਗ ਅਧਿਆਪਕਾ ਬਣੀ। 03 ਜਨਵਰੀ 1848 ਨੂੰ ਪੂਨੇ ਵਿੱਚ ਉਸਨੇ ਅਪਣੇ ਪਤੀ ਨਾਲ ਮਿਲਕੇ ਵੱਖ ਵੱਖ ਜਾਤਾਂ ਦੀਆਂ 09 ਲੜਕੀਆਂ ਲਈ ਪਹਿਲਾ ਸਕੂਲ ਚਲਾਇਆ ਅਤੇ ਇੱਕ ਸਾਲ ਵਿੱਚ ਹੀ 05 ਸਕੂਲ ਖੋਲ ਦਿੱਤੇ। ਉਸ ਵੇਲੇ ਬਾਲ-ਵਿਆਹ ਪ੍ਰਥਾ, ਸਤੀ, ਲੜਕੀਆਂ ਨੂੰ ਜੰਮਦੇ ਹੀ ਮਾਰ ਦੇਣ, ਵਿਧਵਾ ਇਸਤਰੀਆਂ ਨਾਲ ਗੈਰ ਮਨੁੱਖੀ ਵਤੀਰਾ, ਬੇਮੇਲ ਵਿਆਹ, ਬਹੁਪਤਨੀ ਵਿਆਹ ਆਦਿ ਕੁਪ੍ਰਥਾਵਾਂ ਸਿਖਰ ਤੇ ਸਨ। ਉਸਨੇ ਨਾ ਸਿਰਫ਼ ਸਿੱਖਿਆ ਲਈ ਲੜਾਈ ਲੜੀ ਸਗੋਂ ਦੇਸ਼ ਵਿੱਚ ਫੈਲੀਆਂ ਕੁਪ੍ਰਥਾਵਾਂ ਵਿਰੁੱਧ ਵੀ ਆਵਾਜ਼ ਉਠਾਈ। ਉਸਨੇ ਛੂਤ-ਛਾਤ, ਬਾਲ-ਵਿਆਹ, ਸਤੀ ਪ੍ਰਥਾ ਅਤੇ ਵਿਧਵਾ ਪੁਨਰ-ਵਿਆਹ ਦੀ ਮਨਾਹੀ ਵਰਗੀਆਂ ਬੁਰਾਈਆਂ ਦਾ ਵਿਰੋਧ ਕੀਤਾ ਅਤੇ ਉਨ੍ਹਾਂ ਵਿਰੁੱਧ ਅਵਾਜ਼ ਬੁਲੰਦ ਕੀਤੀ। ਉਹ ਸਾਰੀ ਉਮਰ ਔਰਤਾਂ ਦੇ ਹੱਕਾਂ ਲਈ ਲੜਦੀ ਰਹੀ। ਉਸਨੇ ਮਹਿਲਾਵਾਂ ਦੇ ਅਧਿਕਾਰਾਂ ਅਤੇ ਸਿੱਖਿਆ ਸਬੰਧੀ ਬਹੁਤ ਸਾਰੇ ਮਹੱਤਵਪੂਰਨ ਕੰਮ ਕੀਤੇ। 1849 ਤੱਕ ਸਾਵਿਤਰੀ ਬਾਈ ਅਤੇ ਜੋਤੀਰਾਓ ਫੂਲੇ ਜੋਤੀਬਾ ਰਾਓ ਦੇ ਪਿਤਾ ਦੇ ਘਰ ਰਹਿ ਰਹੇ ਸਨ। ਉਨ੍ਹਾਂ ਦੇ ਇਸ ਸਮਾਜਿਕ ਅੰਦੋਲਨ ਦੇ ਵਿਰੋਧ ਨੂੰ ਵੇਖਕੇ 1849 ਵਿੱਚ ਜੋਤੀਬਾ ਰਾਓ ਦੇ ਪਿਤਾ ਨੇ ਉਨ੍ਹਾਂ ਨੂੰ ਅਪਣੇ ਘਰੋਂ ਕੱਢ ਦਿਤਾ ਕਿਉਕਿ ਉਨ੍ਹਾਂ ਦੇ ਸਮਾਜ ਸੁਧਾਰ ਦੇ ਕੰਮਾਂ ਨੂੰ ਉਸ ਵੇਲੇ ਸਮਾਜ ਵਿੱਚ ਮਾਨਤਾ ਨਹੀਂ ਸੀ। ਉਸ ਤੋ ਬਾਅਦ ਉਹ ਅਪਣੇ ਇੱਕ ਦੋਸਤ ਉਸਮਾਨ ਸ਼ੇਖ ਦੇ ਪਰਿਵਾਰ ਦੇ ਕੋਲ ਚਲੇ ਗਏ। ਉੱਥੇ ਹੀ ਸਾਵਿਤਰੀ ਬਾਈ ਫਾਤਿਮਾ ਬੇਗਮ ਸ਼ੇਖ ਨਾਂ ਦੀ ਕਰੀਬੀ ਦੋਸਤ ਅਤੇ ਸਹਿਯੋਗੀ ਨੂੰ ਮਿਲੀ ਜੋਕਿ ਪੜ੍ਹਨਾ ਲਿਖਣਾ ਜਾਣਦੀ ਸੀ ਅਤੇ ਉਸਦਾ ਭਰਾ ਉਸਮਾਨ ਜੋਕਿ ਜੋਤੀਬਾ ਦਾ ਦੋਸਤ ਸੀ ਨੇ ਫਾਤਿਮਾ ਨੂੰ ਅਧਿਆਪਕ ਸਿਖਲਾਈ ਕੋਰਸ ਕਰਨ ਲਈ ਉਤਸ਼ਾਹਿਤ ਕੀਤਾ ਸੀ। ਸਾਵਿੱਤਰੀ ਬਾਈ ਫੂਲੇ ਭਾਰਤ ਵਿੱਚ ਪਹਿਲੀ ਦਲਿਤ ਅਧਿਆਪਕਾ ਸੀ ਅਤੇ ਫਾਤਿਮਾ ਸ਼ੇਖ ਪਹਿਲੀ ਮੁਸਲਮਾਨ ਅਧਿਆਪਕਾ ਸੀ। ਫਾਤਿਮਾ ਅਤੇ ਸਾਵਿਤਰੀ ਬਾਈ ਨੇ 1849 ਵਿੱਚ ਘਰ ਵਿੱਚ ਹੀ ਇੱਕ ਸਕੂਲ ਖੋਲ੍ਹਿਆ। 1850 ਵਿੱਚ ਬਿਮਾਰੀ ਦੀ ਹਾਲਤ ਵਿੱਚ ਸਾਵਿੱਤਰੀ ਬਾਈ ਫੂਲੇ ਨੂੰ ਮਾਪਿਆਂ ਦੇ ਘਰ ਆਉਣਾ ਪਿਆ। ਭਰਾ ਨਾਲ ਤਿੱਖੀ ਵਿਚਾਰਧਾਰਕ ਝੜਪ ਹੁੰਦੀ ਰਹੀ। ਸਾਲ1850 ਦੇ ਦਹਾਕੇ ਵਿੱਚ ਸਾਵਿਤਰੀ ਬਾਈ ਅਤੇ ਜੋਤੀਬਾ ਰਾਓ ਫੂਲੇ ਨੇ ਦੋ ਵਿੱਦਿਅਕ ਟਰੱਸਟਾਂ ਦੀ ਸਥਾਪਨਾ ਕੀਤੀ। ਸਾਲ 1852 ਵਿੱਚ ਉਸ ਨੇ ਅਛੂਤ ਲੜਕੀਆਂ ਲਈ ਇੱਕ ਪਾਠਸ਼ਾਲਾ ਦੀ ਸਥਾਪਨਾ ਕੀਤੀ। ਉਸ ਨੇ ਮਹਿਲਾਵਾਂ ਲਈ ਵਿਧਵਾ ਵਿਆਹ ਕਰਵਾਉਣ, ਛੂਆਛਾਤ ਮਿਟਾਉਣ, ਔਰਤਾਂ ਦੀ ਮੁਕਤੀ ਅਤੇ ਦਲਿਤ ਔਰਤਾਂ ਨੂੰ ਸਿੱਖਿਅਤ ਕਰਨ ਲਈ ਜੋਰਦਾਰ ਸੰਘਰਸ਼ ਕੀਤਾ। ਸਾਲ 1852 ਵਿੱਚ ਤਿੰਨ ਸਕੂਲ ਚਲਾਏ ਗਏ ਸਨ। ਉਸੇ ਸਾਲ 16 ਨਵੰਬਰ ਨੂੰ ਬ੍ਰਿਟਿਸ਼ ਸਰਕਾਰ ਨੇ ਫੂਲੇ ਪਰਿਵਾਰ ਨੂੰ ਸਿੱਖਿਆ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ ਅਤੇ ਸਾਵਿਤਰੀਬਾਈ ਨੂੰ ਸਰਵੋਤਮ ਅਧਿਆਪਕ ਦਾ ਨਾਮ ਦਿੱਤਾ ਗਿਆ। ਉਸਨੇ ਔਰਤਾਂ ਨੂੰ ਉਨ੍ਹਾਂ ਦੇ ਅਧਿਕਾਰਾਂ, ਸਨਮਾਨ ਅਤੇ ਹੋਰ ਸਮਾਜਿਕ ਮੁੱਦਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਮਹਿਲਾ ਸੇਵਾ ਮੰਡਲ ਵੀ ਸ਼ੁਰੂ ਕੀਤਾ। ਉਹ ਅਪਣੇ ਸਹਿਯੋਗੀਆਂ ਨਾਲ ਵਿਧਵਾਵਾਂ ਦੇ ਵਾਲ ਕਟਵਾਉਣ ਦੀ ਮੌਜੂਦਾ ਪ੍ਰਥਾ ਦੇ ਵਿਰੋਧ ਵਿੱਚ ਮੁੰਬਈ ਅਤੇ ਪੂਨਾ ਵਿੱਚ ਨਾਈਆਂ ਦੀਆਂ ਹੜਤਾਲਾਂ ਦਾ ਆਯੋਜਨ ਕਰਨ ਵਿੱਚ ਸਫਲ ਰਹੀ। ਉਹ ਇੱਕ ਕਵਿਤਰੀ ਸੀ ਉਸ ਨੂੰ ਮਰਾਠੀ ਦੀ ਆਦਿ ਕਵਿਤਰੀ ਵਜੋਂ ਜਾਣਿਆ ਜਾਂਦਾ ਹੈ। ਸਾਵਿਤਰੀਬਾਈ ਨੇ ਉਸ ਦੌਰ ਵਿੱਚ ਕੰਮ ਕੀਤਾ ਜਦੋ ਧਾਰਮਿਕ ਅੰਧਵਿਸ਼ਵਾਸ, ਰੂੜੀਵਾਦ, ਛੂਆਛਾਤ, ਦਲਿਤਾਂ ਅਤੇ ਇਸਤਰੀਆਂ ਉੱਤੇ ਮਾਨਸਿਕ ਅਤੇ ਸਰੀਰਕ ਜ਼ੁਲਮ ਆਪਣੀ ਸਿਖਰ ਤੇ ਸੀ। ਇਹ ਆਪਣੇ ਆਪ ਵਿੱਚ ਇਕ ਉਦਾਹਰਣ ਹੈ ਕਿ 19ਵੀਂ ਸਦੀ ਦੇ ਅੱਧ ਵਿਚ ਜੋਤੀਬਾ ਰਾਓ ਫੂਲ ਨੇ ਅਪਣੀ ਪਤਨੀ ਸਾਵਿੱਤਰੀ ਬਾਈ ਫੂਲੇ ਨੂੰ ਪੜ੍ਹਾਇਆ ਅਤੇ ਅਧਿਆਪਕਾ ਦੇ ਅਹੁਦੇ ਤਕ ਪਹੁੰਚਾਇਆ। ਅਛੂਤਾਂ ਨੂੰ ਪੜ੍ਹਾਉਣ ਕਰਕੇ ਉਨ੍ਹਾਂ ਨੂੰ ਕਾਫੀ ਅੱਤਿਆਚਾਰ ਸਹਿਣੇ ਪਏ ਪਰ ਉਨ੍ਹਾਂ ਹੋਰ ਸਕੂਲਾਂ ਦੀ ਸ਼ੁਰੂਆਤ ਕੀਤੀ ਅਤੇ ਦਿਹਾੜੀਦਾਰ ਕਾਮਿਆਂ ਲਈ ਰਾਤ ਦਾ ਸਕੂਲ ਖੋਲ੍ਹਿਆ। ਉਨ੍ਹਾਂ ਨੇ ਵਿਧਵਾਵਾਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਆਸ਼ਰਮ ਬਣਾਇਆ। ਪਾਣੀ ਦੇ ਸ੍ਰੋਤ ਲਈ ਅਪਣਾ ਘਰ ਖੋਲ੍ਹ ਦਿੱਤਾ। ਪੜ੍ਹਾਈ ਪੂਰੀ ਕਰਨ ਤੋ ਬਾਅਦ ਸਾਵਿਤਰੀ ਬਾਈ ਫੂਲੇ ਨੇ ਮਹਾਰਵਾੜਾ ਵਿਖੇ ਲੜਕੀਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ। ਉਸ ਨੇ ਇੱਕ ਕ੍ਰਾਂਤੀਕਾਰੀ ਨਾਰੀਵਾਦੀ ਅਤੇ ਜੋਤੀ ਰਾਓ ਦੀ ਸਲਾਹਕਾਰ ਸਗੁਨਾ ਬਾਈ ਨਾਲ ਮਿਲਕੇ ਇਹ ਸਭ ਕੁੱਝ ਕੀਤਾ ਸੀ। 1851 ਦੇ ਅੰਤ ਤੱਕ ਸਾਵਿਤਰੀ ਬਾਈ ਅਤੇ ਜੋਤੀਬਾ ਰਾਓ ਫੂਲੇਪੂਨਾ ਵਿੱਚ ਲੜਕੀਆਂ ਲਈ ਤਿੰਨ ਵੱਖ-ਵੱਖ ਸਕੂਲ ਚਲਾ ਰਹੇ ਸਨ ਜਿਨ੍ਹਾਂ ਵਿੱਚ ਲਗਭਗ ਡੇਢ ਸੌ ਵਿਦਿਆਰਥੀ ਦਾਖਲ ਹੋਏ ਸਨ। ਜਨਵਰੀ 1848 ਤੋਂ ਲੈ ਕੇ 15 ਮਾਰਚ 1852 ਦੇ ਸਮੇਂ ਦੌਰਾਨ ਸਾਵਿਤਰੀਬਾਈ ਫੂਲੇ ਨੇ ਆਪਣੇ ਪਤੀ ਨਾਲ ਮਿਲ ਕੇ ਕੁੜੀਆਂ ਲਈ 18 ਸਕੂਲ ਖੋਲੇ।ਉਹ ਅੰਗਰੇਜ਼ੀ ਸਿੱਖਿਆ ਦੇ ਪ੍ਰਬਲ ਸਮਰਥਕ ਸਨ। ਉਹ ਮੰਨਦੇ ਸੀ ਕਿ ਅੰਗਰੇਜ਼ੀ ਸਿੱਖਿਆ ਦੱਬੇ-ਕੁਚਲੇ ਲੋਕਾਂ ਖਾਸ ਕਰਕੇ ਔਰਤਾਂ ਨੂੰ ਮੁਕਤ ਕਰ ਸਕਦੀ ਹੈ। ਫੂਲੇ ਜੋੜੇ ਵੱਲੋ ਚਲਾਇਆ ਗਿਆ ਸਕੂਲ ਹਿਸਾਬ, ਸਾਇੰਸ ਤੇ ਸਮਾਜਿਕ ਵਿਗਿਆਨ ਦੀ ਸਿੱਖਿਆ ਵੀ ਦਿੰਦਾ ਸੀ, ਜਿਸ ਦੀ ਸਿੱਖਿਆ ਘਰਾਂ ਵਿੱਚ ਚਲਾਏ ਗਏ ਸਕੂਲਾਂ ਵਿੱਚ ਨਹੀਂ ਮਿਲਦੀ ਸੀ। ਉਹ ਵਿਧਵਾਵਾਂ ਲਈ ਆਸ਼ਰਮ ਵਿੱਚ ਉਨ੍ਹਾਂ ਦੇ ਬੱਚਿਆਂ ਨੂੰ ਸੰਭਾਲਦੀ ਸੀ। ਉਸਨੇ ਮਾਪਿਆਂ ਵਿੱਚ ਸਿੱਖਿਆ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਨਿਯਮਤ ਮਾਪੇ-ਅਧਿਆਪਕ ਮੀਟਿੰਗਾਂ ਦਾ ਆਯੋਜਨ ਕੀਤਾ ਤਾਂ ਜੋ ਉਹ ਆਪਣੇ ਬੱਚਿਆਂ ਨੂੰ ਨਿਯਮਤ ਤੌਰ ਤੇ ਸਕੂਲ ਭੇਜਣ। ਸਾਵਿਤਰੀਬਾਈ ਅਤੇ ਜੋਤੀਬਾ ਰਾਓ ਫੂਲੇ ਦੀ ਇਸ ਮੁਹਿੰਮ ਨੂੰ ਰੂੜ੍ਹੀਵਾਦੀ ਵਿਚਾਰਧਾਰਾ ਵਾਲੇ ਸਥਾਨਕ ਲੋਕਾਂ ਦੇ ਕੱਟੜ ਵਿਰੋਧ ਦਾ ਸਾਹਮਣਾ ਕਰਨਾ ਪਿਆ। ਉਸ ਨੂੰ ਰਸਤੇ ਵਿੱਚ ਪ੍ਰੇਸਾਨ ਕੀਤਾ ਜਾਂਦਾ ਸੀ। ਰੂੜੀਵਾਦੀ ਵਿਚਾਰਧਾਰਾ ਵਾਲੇ ਅਤੇ ਵਿਰੋਧ ਕਰਨ ਵਾਲੇ ਵਿਅਕਤੀਆਂ ਦੁਆਰਾ ਪੱਥਰ, ਗੋਬਰ ਚਿੱਕੜ ਆਦਿ ਉਸ ਤੇ ਸੁੱਟਿਆ ਜਾਂਦਾ ਸੀ। ਉਹ ਅਕਸਰ ਇੱਕ ਵਾਧੂ ਸਾੜੀ ਲੈ ਕੇ ਆਪਣੇ ਸਕੂਲ ਜਾਂਦੀ ਸੀ ਅਤੇ ਅਪਣੀ ਖਰਾਬ ਸਾੜੀ ਸਕੂਲ ਵਿੱਚ ਬਦਲਦੀ ਸੀ। ਸ਼ੂਦਰ ਵਰਗ ਨਾਲ ਸਬੰਧਿਤ ਹੋਣ ਕਾਰਨ ਪਾਖੰਡੀਆਂ ਦੇ ਸੱਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਪਰੰਤੂ ਉਨਾਂ ਨੇ ਅਪਣਾ ਅੰਦੋਲਨ ਜਾਰੀ ਰੱਖਿਆ। ਉਸਨੇ ਅੰਤਰ-ਜਾਤੀ ਵਿਆਹਾਂ ਨੂੰ ਉਤਸ਼ਾਹਿਤ ਕਰਨ ਲਈ ਕਈ ਕਦਮ ਚੁੱਕੇ ਅਤੇ ਅਪਣੇ ਪਤੀ ਨਾਲ ਮਿਲਕੇ 'ਸਤਿਆਸ਼ੋਧਕ ਸਮਾਜ' ਦੀ ਸਥਾਪਨਾ ਕੀਤੀ। ਉਹ ਬਿਨਾਂ ਪੁਜਾਰੀ ਅਤੇ ਦਾਜ ਦੇ ਵਿਆਹ ਦਾ ਪ੍ਰਬੰਧ ਕਰਦੇ ਸੀ। ਇੱਕ ਉੱਚ ਜਾਤੀ ਦੀ ਵਿਧਵਾ ਗਰਭਵਤੀ ਮਹਿਲਾ ਕਾਸ਼ੀਬਾਈ ਲੋਕਾਂ ਦੇ ਗੁੱਸੇ ਤੋਂ ਡਰ ਕੇ ਆਤਮਹੱਤਿਆ ਕਰਨ ਵਾਲੀ ਸੀ ਪਰ ਸਾਬਿਤਰੀਬਾਈ ਨੇ ਉਸ ਨੂੰ ਇਹ ਭਿਆਨਕ ਕਦਮ ਚੁੱਕਣ ਤੋਂ ਰੋਕ ਦਿੱਤਾ। ਉਹ ਕਾਸ਼ੀਬਾਈ ਦੇ ਘਰ ਆਈ ਅਤੇ ਇੱਥੇ ਹੀ ਇੱਕ ਲੜਕੇ ਨੂੰ ਜਨਮ ਦਿਤਾ ਜਿਸਦਾ ਨਾਮ ਯਸ਼ਵੰਤ ਰੱਖਿਆ। 1874 ਵਿੱਚ ਜੋਤੀਬਾ ਰਾਓ ਫੂਲੇ ਅਤੇ ਸਾਵਿਤਰੀ ਬਾਈ ਨੇ ਇਸ ਬੱਚੇ ਨੂੰ ਗੋਦ ਲਿਆ। ਇਹ ਗੋਦ ਲਿਆ ਪੁੱਤਰ ਯਸ਼ਵੰਤ ਰਾਓ ਵੱਡਾ ਹੋ ਕੇ ਡਾਕਟਰ ਬਣ ਗਿਆ। ਯਸ਼ਵੰਤ ਫੂਲੇ ਜੋ ਉਨ੍ਹਾਂ ਦਾ ਵਾਰਿਸ ਬਣਿਆ ਇਸੇ ਵਿਧਵਾ ਆਸ਼ਰਮ ਵਿੱਚ ਪੈਦਾ ਹੋਇਆ ਸੀ। ਉਸਦਾ ਵਿਆਹ ਫਰਵਰੀ 1889 ਵਿੱਚ ਸਾਵਿਤਰੀਬਾਈ ਨੇ ਆਪਣੇ ਸਮੂਹ ਦੀ ਇੱਕ ਮੈਂਬਰ ਡਾਇਨੋਬਾ ਸਾਸਾਨੇ ਨਾਲ ਕਰਵਾਇਆ ਸੀ। 1890 ਵਿੱਚ ਉਸਦੇ ਪਤੀ ਜੋਤੀਬਾ ਰਾਓ ਫੂਲੇ ਦੀ ਮੌਤ ਹੋ ਗਈ ਅਤੇ ਉਸਨੇ ਆਪ ਪਤੀ ਦਾ ਸੰਸਕਾਰ ਕੀਤਾ। ਜੋਤੀਬਾ ਰਾਓ ਫੂਲੇ ਤੋ ਬਾਅਦ ਸਤਿਆਸ਼ੋਧਕ ਸਮਾਜ ਦਾ ਕੰਮ ਸਾਵਿੱਤਰੀ ਬਾਈ ਫੂਲੇ ਨੇ ਹੀ ਦੇਖਿਆ। ਸਾਵਿਤਰੀ ਬਾਈ ਅਤੇ ਉਸ ਦੇ ਗੋਦ ਲਏ ਪੁੱਤਰ ਯਸ਼ਵੰਤ ਨੇ 1897 ਵਿੱਚ ਪਲੇਗ ਦੀ ਮਹਾਂਮਾਰੀ ਨਾਲ ਪ੍ਰਭਾਵਿਤ ਲੋਕਾਂ ਦੇ ਇਲਾਜ ਲਈ ਇੱਕ ਕਲੀਨਿਕ ਖੋਲ੍ਹਿਆ। ਪਲੇਗ ਦੇ ਮਰੀਜ਼ਾਂ ਦੀ ਦੇਖ ਰੇਖ ਕਰਦੀ ਉਹ ਆਪ ਵੀ ਪਲੇਗ ਦੀ ਗ੍ਰਿਫ਼ਤ ਵਿਚ ਆ ਗਈ ਅਤੇ 10 ਮਾਰਚ 1897 ਨੂੰ ਉਸ ਦੀ ਮੌਤ ਹੋਈ। ਉਸ ਨੇ ਔਰਤਾਂ ਦੀ ਸਮਾਜਿਕ ਸਥਿਤੀ ਤੇ ਕਈ ਕਵਿਤਾਵਾਂ ਲਿਖੀਆਂ ਅਤੇ ਉਨ੍ਹਾਂ ਦੀ ਭੈੜੀ ਸਥਿਤੀ ਲਈ ਜ਼ਿੰਮੇਦਾਰ ਧਰਮ, ਜਾਤੀ ਅਤੇ ਪਿੱਤਰੀ ਸੱਤਾ ਤੇ ਤਿੱਖਾ ਹਮਲਾ ਕੀਤਾ। ਸਾਵਿੱਤਰੀ ਬਾਈ ਫੂਲੇ ਇੱਕ ਲੇਖਕ ਅਤੇ ਕਵੀ ਵੀ ਸੀ। ਦੋ ਕਾਵਿ-ਸੰਗ੍ਰਹਿ 'ਕਾਵਯਾ ਫੂਲੇ' ਅਤੇ ਦੂਸਰਾ "ਬਾਵਨ ਕਾਸ਼ੀ ਸੁਬੋਧ ਰਤਨਾਕਰ' ਛਪੇ। ਪਹਿਲਾ ਕਾਵਿ-ਸੰਗ੍ਰਹਿ ਛਪਣ ਸਮੇਂ ਸਾਵਿੱਤਰੀ ਬਾਈ ਫੂਲੇ ਦੀ ਉਮਰ 23 ਸਾਲ ਸੀ। ਇਸ ਸੰਗ੍ਰਹਿ ਵਿੱਚ ਧਰਮ, ਧਰਮ ਸ਼ਾਸਤਰ, ਧਾਰਮਿਕ ਪਾਖੰਡਾਂ ਤੇ ਕੁਰੀਤੀਆਂ ਖਿਲਾਫ਼ ਲਿਖਿਆ ਗਿਆ ਹੈ। ਦੂਜਾ ਕਾਵਿ ਸੰਗ੍ਰਹਿ ਬਾਵਨਕਸ਼ੀ ਸੁਬੋਧ ਰਤਨਾਕਰ ਸਮੁੱਚੇ ਤੌਰ ਤੇ ਜਯੋਤੀ ਰਾਉ ਫੂਲੇ ਨੂੰ ਸਮਰਪਿਤ ਹੈ ਜਿਸ ਵਿੱਚ ਫੂਲੇ ਦੀਆਂ ਪ੍ਰਮੁੱਖ ਘਟਨਾਵਾਂ ਨੂੰ ਤੇ ਵਿਚਾਰਾਂ ਨੂੰ ਕਾਵਿ ਦਾ ਰੂਪ ਦਿੱਤਾ ਗਿਆ ਹੈ। ਸਾਵਿੱਤਰੀ ਬਾਈ ਫੂਲੇ ਦੀ ਸਾਰੀ ਰਚਨਾ ਮਰਾਠੀ ਵਿਚ ਹੈ। ਤਿੰਨ ਖ਼ੁਤ ਪੰਜਾਬੀ ਵਿੱਚ ਅਨੁਵਾਦ ਕਰਕੇ ਛਾਪੇ ਜਾ ਚੁੱਕੇ ਹਨ ਅਤੇ ਕਵਿਤਾਵਾਂ ਬਾਰੇ ਕੁਝ ਲੇਖ ਹਿੰਦੀ ਵਿਚ ਆਏ ਹਨ। ਸਾਵਿੱਤਰੀ ਬਾਈ ਫੂਲੇ ਦਾ ਨਾਅਰਾ ਸੀ 'ਜਾਗੋ, ਉਠੋ, ਪੜ੍ਹੋ', 'ਤੋੜ ਦਿਉ ਪਰੰਪਰਾਵਾਂ ਹੋਵੋ ਆਜ਼ਾਦ-ਨੀਂਦ ਤਿਆਗੋ, ਰਣਭੇਰੀ ਬਜਾਉ ਛੇਤੀ ਉਠੋ।' ਸਾਵਿਤਰੀ ਬਾਈ ਫੂਲੇ ਇੱਕ ਸਮਾਜ ਸੁਧਾਰਿਕਾ, ਇੱਕ ਅਧਿਆਪਿਕਾ ਅਤੇ ਕਵੀ ਸੀ ਜਿਸਨੇ19ਵੀਂ ਸਦੀ ਵਿੱਚ ਮਹਿਲਾ ਸਿੱਖਿਆ, ਅਤੇ ਸ਼ਸ਼ਕਤੀਕਰਣ ਲਈ ਕੰਮ ਕੀਤਾ ਹੈ। ਉਹ ਉਨ੍ਹਾਂ ਨੌਜਵਾਨ ਕੁੜੀਆਂ ਲਈ ਪ੍ਰੇਰਨਾ ਸਰੋਤ ਬਣੀ ਰਹੀ ਜਿਨ੍ਹਾਂ ਨੂੰ ਉਸਨੇ ਪੜ੍ਹਾਇਆ, ਲਿਖਣ ਅਤੇ ਪੇਂਟਿੰਗ ਵਰਗੀਆਂ ਗਤੀਵਿਧੀਆਂ ਲਈ ਪ੍ਰੇਰਿਤ ਕੀਤਾ। ਸਮਾਜ ਦੀਆਂ ਸਦੀਆਂ ਪੁਰਾਣੀਆਂ ਬੁਰਾਈਆਂ ਨੂੰ ਰੋਕਣ ਲਈ ਸਾਵਿਤਰੀ ਬਾਈ ਦੇ ਅਣਥੱਕ ਯਤਨ ਅਤੇ ਉਨ੍ਹਾਂ ਦੁਆਰਾ ਛੱਡੇ ਗਏ ਸੁਧਾਰਾਂ ਦੀ ਅਮੀਰ ਵਿਰਾਸਤ ਪ੍ਰੇਰਿਤ ਕਰਦੀ ਰਹੇਗੀ। ਭਾਰਤ ਦੇ ਵੱਖ-ਵੱਖ ਰਾਜਾਂ ਅਤੇ ਵਿਭਾਗਾਂ ਨੇ ਸਾਵਿਤਰੀ ਬਾਈ ਫੂਲੇ ਨੂੰ ਉਚਿਤ ਮਾਨਤਾ ਦਿੱਤੀ ਹੈ ਅਤੇ ਉਨ੍ਹਾਂ ਦੇ ਨਾਮ ਤੇ ਪੁਰਸਕਾਰ ਅਤੇ ਫੈਲੋਸ਼ਿਪ ਦਿਤੇ ਜਾਂਦੇ ਹਨ ਜਿਨ੍ਹਾਂ ਵਿੱਚ ਮਹਾਰ-ਾਸ਼ਟਰ ਸਰਕਾਰ ਰਾਜ ਦੀਆਂ ਮਹਿਲਾ ਅਧਿਆਪਕਾਂ ਨੂੰ ਕ੍ਰਾਂਤੀ ਜਯੋਤੀ ਸਾਵਿਤਰੀ ਬਾਈ ਫੂਲੇ ਪੁਰਸਕਾਰ ਦਿੰਦੀ ਹੈ। ਆਂਧਰਾ ਪ੍ਰਦੇਸ਼ ਦੇ ਮਿਉਂਸਪਲ ਸਕੂਲਾਂ ਦੇ ਅਧਿਆਪਕਾਂ ਨੂੰ ਹਰ ਸਾਲ ਸਾਵਿਤਰੀਬਾਈ ਫੂਲੇ ਐਕਸੀਲੈਂਸ ਐਵਾਰਡ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਸਾਵਿਤਰੀਬਾਈ ਜਯੋਤੀਰਾਓ ਫੂਲੇ ਬੱਚੀ ਫੈਲੋਸ਼ਿਪ ਸਪਾਂਸਰ ਕੀਤੀ ਗਈ ਹੈ ਇਸ ਯੋਜਨਾ ਅਧੀਨ ਇੱਕ ਪਰਿਵਾਰ ਵਿੱਚ ਇੱਕ ਕੁਆਰੀ ਲੜਕੀ ਨੂੰ ਫੈਲੋਸ਼ਿਪ ਪ੍ਰਦਾਨ ਕੀਤਾ ਜਾਂਦਾ ਹੈ। ਯੂਜੀਸੀ ਨੇ ਇਸ ਸਕੀਮ ਨੂੰ ਵਿਗਿਆਨ ਅਤੇ ਤਕਨਾਲੋਜੀ ਵਿੱਚ ਖੋਜ ਕਰ ਰਹੇ ਵਿਦਿਆਰਥੀਆਂ ਲਈ ਵਧਾ ਦਿੱਤਾ ਹੈ। ਝਾਰਖੰਡ ਸਰਕਾਰ ਦੁਆਰਾ ਫੰਡ ਕੀਤੀ ਗਈ ਯੋਜਨਾ ਸਾਵਿਤਰੀ ਬਾਈ ਫੂਲੇ ਕਿਸ਼ੋਰੀ ਸਮ੍ਰਿਧੀ ਯੋਜਨਾ ਅਧੀਨ ਕਿਸ਼ੋਰ ਲੜਕੀਆਂ ਨੂੰ ਚੰਗੀ ਸਿੱਖਿਆ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ। ਇਹ ਸਪੱਸ਼ਟ ਹੈ ਕਿ ਸਾਵਿਤਰੀਬਾਈ ਫੂਲੇ ਦੀ ਵਿਰਾਸਤ ਨੂੰ ਉਸ ਅਸਪਸ਼ਟਤਾ ਤੋਂ ਮੁੜ ਸੁਰਜੀਤ ਕੀਤਾ ਗਿਆ ਹੈ ਜਿਸ ਵਿੱਚ ਪੱਖਪਾਤੀ ਇਤਿਹਾਸਕਾਰਾਂ ਨੇ ਉਸਨੂੰ ਧੱਕ ਦਿੱਤਾ ਸੀ। ਨਿਰਸਵਾਰਥ ਸਮਾਜਿਕ ਕਾਰਕੁਨ ਅਤੇ ਬੁੱਧੀਜੀਵੀ ਉਨ੍ਹਾਂ ਦੇ ਯਤਨਾਂ ਲਈ ਸ਼ਲਾਘਾ ਦੇ ਹੱਕਦਾਰ ਹਨ। ਸਾਵਿਤਰੀ ਬਾਈ ਫੂਲੇ ਦੀ ਵਿਰਾਸਤ ਅੱਜ ਵੀ ਜਿਉਂਦੀ ਹੈ ਔਰਤਾਂ ਦੀ ਸਿੱਖਿਆ ਲਈ ਉਹਨਾਂ ਦਾ ਕੰਮ ਬਹੁਤ ਸਤਿਕਾਰਿਆ ਜਾਂਦਾ ਹੈ। ਸਾਲ 1983 ਵਿੱਚ ਪੁਣੇ ਸਿਟੀ ਕਾਰਪੋਰੇਸ਼ਨ ਦੁਆਰਾ ਉਸਦੇ ਸਨਮਾਨ ਵਿੱਚ ਇੱਕ ਯਾਦਗਾਰ ਬਣਾਈ ਗਈ ਸੀ। ਡਾਕ ਵਿਭਾਗ ਨੇ 10 ਮਾਰਚ 1998 ਨੂੰ ਉਸਦੇ ਸਨਮਾਨ ਵਿੱਚ ਇੱਕ ਡਾਕ ਟਿਕਟ ਜਾਰੀ ਕੀਤੀ। ਸਾਵਿਤਰੀਬਾਈ ਦਾ ਜਨਮਦਿਨ 03 ਜਨਵਰੀ ਪੂਰੇ ਮਹਾਰਾਸ਼ਟਰ ਵਿੱਚ ਬਾਲਿਕਾ ਦਿਵਸ ਵਜੋਂ ਮਨਾਇਆ ਜਾਂਦਾ ਹੈ।

2015 ਵਿੱਚ ਪੁਣੇ ਯੂਨੀਵਰਸਿਟੀ ਦਾ ਨਾਂ ਬਦਲ ਕੇ ਸਾਵਿਤਰੀਬਾਈ ਫੂਲੇ ਪੁਣੇ ਯੂਨੀਵਰਸਿਟੀ ਰੱਖਿਆ ਗਿਆ। ਉੱਤਰ ਪ੍ਰਦੇਸ ਵਿੱਚ ਵੀ ਸਰਕਾਰ ਦੁਆਰਾ ਬਣਾਏ ਗਏ ਪਾਰਕ ਵਿੱਚ ਸਾਵਿਤਰੀਬਾਈ ਫੂਲੇ ਦੇ ਬੁੱਤ ਲਗਾਏ ਗਏ ਹਨ। ਸਰਚ ਇੰਜਨ ਗੂਗਲ ਨੇ 3 ਜਨਵਰੀ 2017 ਨੂੰ ਗੂਗਲ ਡੂਡਲ ਨਾਲ 186ਵੀਂ ਜਯੰਤੀ ਮਨਾਈ।

ਮਹਾਰਾਸ਼ਟਰ ਵਿੱਚ ਮਹਿਲਾ ਸਮਾਜ ਸੁਧਾਰਕਾਂ ਨੂੰ ਸਾਵਿਤਰੀਬਾਈ ਫੂਲੇ ਪੁਰਸਕਾਰ ਦਿੱਤਾ ਜਾਂਦਾ ਹੈ। ਇੱਕ ਭਾਰਤੀ ਡਰਾਮਾ ਟੈਲੀਵਿਜ਼ਨ ਲੜੀ ਕ੍ਰਾਂਤੀਜਯੋਤੀ ਸਾਵਿਤਰੀਬਾਈ ਫੂਲੇ ਨੂੰ ਉਸਦੇ ਜੀਵਨ ਤੇ ਅਧਾਰਤ 2016 ਵਿੱਚ ਡੀਡੀ ਨੈਸ਼ਨਲ ਤੇ ਪ੍ਰਸਾਰਿਤ ਕੀਤਾ ਗਿਆ ਸੀ। ਸਾਵਿਤਰੀਬਾਈ ਫੂਲੇ ਅਤੇ ਜੋਤੀਬਾ ਫੂਲੇ ਦੇ ਜੀਵਨ ਅਤੇ ਕੰਮ ਤੇ ਆਧਾਰਿਤ ਇੱਕ ਮਰਾਠੀ ਡਰਾਮਾ ਟੈਲੀਵਿਜ਼ਨ ਲੜੀ ਸਾਵਿਤਰੀ ਜੋਤੀ 2019-2020 ਵਿੱਚ ਸੋਨੀ ਮਰਾਠੀ ਤੇ ਪ੍ਰਸਾਰਿਤ ਕੀਤੀ ਗਈ ਸੀ।

ਫੂਲੇ ਬਾਰੇ ਇੱਕ ਭਾਰਤੀ ਕੰਨੜ ਭਾਸ਼ਾ ਦੀ ਬਾਇਓਪਿਕ ਸਾਵਿਤਰੀ ਬਾਈ ਫੂਲੇ 2018 ਵਿੱਚ ਬਣਾਈ ਗਈ ਸੀ। ਸਾਲ 2021 ਵਿੱਚ ਪੁਣੇ ਯੂਨੀਵਰਸਿਟੀ ਨੇ ਫੂਲੇ ਦੀ ਇੱਕ 12.5 ਫੁੱਟ ਜੀਵਨ-ਆਕਾਰ ਵਾਲੀ ਕਾਂਸੀ ਦੀ ਧਾਤ ਦੀ ਮੂਰਤੀ ਬਣਾਈ। ਅੱਜ ਇਸ ਮਹਾਨ ਸੁਧਾਰਿਕਾ ਦੇ ਜਨਮ ਦਿਨ ਤੇ ਦੇਸ਼ ਵਿਦੇਸ਼ ਵਿੱਚ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾ ਰਹੀ ਹੈ।




# ਨਵੇਂ ਸਾਲ ਮੌਕੇ ਸਕਾਈ ਟਾਵਰ 'ਤੇ ਦਿਲਕਸ਼ ਆਤਿਸ਼ਬਾਜੀ ਅਤੇ ਲੇਜ਼ਰ ਸ਼ੋਅ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਵੇਂ ਸਾਲ ਨੂੰ 'ਜੀ ਆਇਆਂ ਕਹਿਣ' ਦੇ ਲਈ ਵੱਖ-ਵੱਖ ਦੇਸ਼ਾਂ ਦੇ ਵਿਚ ਵੱਡੇ ਪੱਧਰ ਉਤੇ ਸਵਾਗਤੀ ਰੂਪ ਵਿਚ ਆਤਿਸ਼ਬਾਜੀ ਕੀਤੀ ਗਈ। ਨਿਊਜ਼ੀਲੈਂਡ ਉਹ ਦੇਸ਼ ਹੈ ਜਿੱਥੇ ਪੂਰੀ ਦੁਨੀਆ ਤੋਂ ਪਹਿਲਾਂ ਸੂਰਜ ਦੀ ਕਿਰਨ ਧਰਤੀ ਉਤੇ ਪਹੁੰਚਦੀ ਹੈ। ਨਵੇਂ ਸਾਲ ਦੇ ਜਸ਼ਨਾਂ ਨੂੰ ਲੈ ਕੇ ਸਰਕਾਰ ਅਤੇ ਸਥਾਨਿਕ ਕੌਂਸਿਲਾਂ ਵੀ ਵੱਡੇ ਖਰਚੇ ਕਰਦੀਆਂ ਹਨ। ਹਰੇਕ ਸਾਲ ਦੀ ਤਰ੍ਹਾਂ ਇਸ ਵਾਰ ਵੀ ਔਕਲੈਂਡ ਸਿਟੀ ਦੇ ਵਿਚ ਸਥਿਤ ਸਕਾਈ ਟਾਵਰ ਵਿਖੇ ਆਤਿਸ਼ਬਾਜੀ ਅਤੇ ਲੇਜ਼ਰ ਸ਼ੋਅ ਕੀਤਾ ਗਿਆ। ਲੋਕ ਦੂਰੋਂ ਅਤੇ ਨੇੜੇ ਜਾ ਕੇ ਇਸ ਦਿਲਕਸ਼ ਨਜ਼ਾਰੇ ਨੂੰ ਵੇਖ ਰਹੇ ਸਨ। 12 ਵੱਜਣ ਤੋਂ ਇਕ ਮਿੰਟ ਪਹਿਲਾਂ ਕਾਊਂਟਡਾਊਨ ਸ਼ੁਰੂ ਕਰ ਦਿੱਤਾ ਗਿਆ ਅਤੇ 59 ਸੈਕਿੰਡ ਖਤਮ ਹੁੰਦਿਆਂ ਹੀ ਪਟਾਖੇ ਅਤੇ ਆਤਿਸ਼ਬਾਜ਼ੀ ਸ਼ੁਰੂ ਹੋ ਗਈ। ਹਾਰਬਰ ਬ੍ਰਿਜ ਨੂੰ ਵੀ ਸੁੰਦਰ ਲਾਈਟਾਂ ਨਾਲ ਸਜਾਇਆ ਗਿਆ। ਅੱਜ ਰਾਤ 9 ਵਜੇ ਤੋਂ ਕੱਲ੍ਹ ਸਵੇਰੇ 1 ਵਜੇ ਤੱਕ ਦਿਲਕਸ਼ ਲਾਈਟਾਂ ਵੇਖਣ ਨੂੰ ਮਿਲੀਆਂ। ਦੇਸ਼ ਦੇ ਹੋਰ ਬਹੁਤ ਸਾਰੇ ਭਾਗਾਂ ਵਿਚ ਨਵੇਂ ਸਾਲ ਦੇ ਜਸ਼ਨ ਮਨਾਏ ਜਾ ਰਹੇ ਹਨ। ਜਾਣਕਾਰੀ: 22 ਦਸੰਬਰ ਦਾ ਦਿਨ ਸਾਲ ਦਾ ਵੱਡਾ ਦਿਨ ਸੀ ਅਤੇ ਹੁਣ ਦਿਨ ਛੋਟੇ ਹੋਣੇ ਸ਼ੁਰੂ ਹੋ ਗਏ ਹਨ। 22 ਦਸਬੰਰ ਨੂੰ ਦਿਨ ਦੀ ਲੰਬਾਈ 14 ਘੰਟੇ 41 ਮਿੰਟ 37 ਸੈਕਿੰਡ ਸੀ ਅਤੇ 23 ਜਨਵਰੀ ਤੱਕ ਅੱਧੇ ਘੰਟੇ ਦਾ ਫਰਕ ਪੈ ਕੇ ਦਿਨ ਦੀ ਲੰਬਾਈ 14 ਘੰਟੇ 11 ਮਿੰਟ 58 ਸੈਕਿੰਡ ਰਹਿ ਜਾਵੇਗੀ। ਨਿਊਜ਼ੀਲੈਂਡ ਦੇ ਵਿਚ ਗਰਮੀਆਂ ਦਾ ਮੌਸਮ ਚੱਲ ਰਿਹਾ ਹੈ। ਪੂਰੇ ਸੰਸਾਰ ਦੇ ਵਿਚ ਪੂਰੇ ਸਾਲ ਭਰ ਨੂੰ ਰੁੱਤਾਂ ਦੇ ਵਿਚ ਵੰਡਿਆ ਜਾਂਦਾ ਹੈ। ਜਿਵੇਂ ਕਿ ਨਿਊਜ਼ੀਲੈਂਡ ਦੇ ਵਿਚ ਚਾਰ ਮੌਸਮ ਹਨ । ਬਸੰਤ, ਗਰਮੀ, ਪਤਝੜ ਅਤੇ ਸਰਦੀਆਂ ਹਨ।



ਬਸੰਤ: ਬਸੰਤ ਰੁੱਤ ਵਿੱਚ ਮੌਸਮ ਗਰਮ ਹੋਣਾ ਸ਼ੁਰੂ ਹੋ ਜਾਂਦਾ ਹੈ, ਰੁੱਖ ਪੱਤੇ ਉੱਗਣੇ ਸ਼ੁਰੂ ਹੋ ਜਾਂਦੇ ਹਨ, ਅਤੇ ਪੌਦੇ ਫੁੱਲ ਆਉਣ ਲੱਗਦੇ ਹਨ। ਇਹ ਉਹ ਮੌਸਮ ਹੈ ਜਦੋਂ ਬਹੁਤ ਸਾਰੇ ਜਾਨਵਰ ਪੈਦਾ ਹੁੰਦੇ ਹਨ। ਨਿਊਜ਼ੀਲੈਂਡ ਵਿੱਚ ਬਸੰਤ ਦੇ ਮਹੀਨੇ ਸਤੰਬਰ, ਅਕਤੂਬਰ ਅਤੇ ਨਵੰਬਰ ਹੁੰਦੇ ਹਨ।

ਗਰਮੀਆਂ: ਗਰਮੀਆਂ ਦਾ ਮੌਸਮ ਸਭ ਤੋਂ ਗਰਮ ਹੁੰਦਾ ਹੈ, ਅਤੇ ਦਿਨ ਜਿਆਦਾ ਲੰਬੇ ਹੁੰਦੇ ਹਨ। ਇਸ ਵੇਲੇ ਦਿਨ ਦੀ ਲੰਬਾਈ ਲਗਪਗ 15 ਘੰਟੇ ਦੇ ਕਰੀਬ ਹੈ। ਨਿਊਜ਼ੀਲੈਂਡ ਵਿੱਚ ਗਰਮੀਆਂ ਦੇ ਮਹੀਨੇ ਦਸੰਬਰ, ਜਨਵਰੀ ਅਤੇ ਫਰਵਰੀ ਹੁੰਦੇ ਹਨ।

ਪਤਝੜ: ਪਤਝੜ ਵਿੱਚ ਮੌਸਮ ਠੰਢਾ ਹੋਣ ਲੱਗਦਾ ਹੈ ਅਤੇ ਦਰੱਖਤਾਂ ਤੋਂ ਪੱਤੇ ਝੜ ਜਾਂਦੇ ਹਨ। ਨਿਊਜ਼ੀਲੈਂਡ ਵਿੱਚ ਸਰਦੀਆਂ ਦੇ ਮਹੀਨੇ ਮਾਰਚ, ਅਪ੍ਰੈਲ ਅਤੇ ਮਈ ਹੁੰਦੇ ਹਨ।


ਸਰਦੀਆਂ: ਇਹ ਸਭ ਤੋਂ ਠੰਡਾ ਮੌਸਮ ਹੈ। ਸਰਦੀਆਂ ਵਿੱਚ ਦਿਨ ਸਭ ਤੋਂ ਛੋਟੇ ਹੁੰਦੇ ਹਨ। ਨਿਊਜ਼ੀਲੈਂਡ ਵਿੱਚ ਸਰਦੀਆਂ ਦੇ ਮਹੀਨੇ ਜੂਨ, ਜੁਲਾਈ ਅਤੇ ਅਗਸਤ ਹੁੰਦੇ ਹਨ। ਗੂਗਲ ਦੇ ਉਤੇ ਵੀ ਸੀਜ਼ਨ ਹਾਲੀਡੇਅ ਤਿਉਹਾਰ ਦਾ ਡੂਡਲ ਬਣਾਇਆ ਗਿਆ ਹੈ।

# ਸਰਕਾਰ ਨੇ ਡਾ. ਮਨਮੋਹਨ ਸਿੰਘ ਦੇ ਸਸਕਾਰ ਵਾਸਤੇ ਰਾਜ ਘਾਟ ਵਿਖੇ ਜਮੀਨ ਨਾ ਦੇ ਕੇ ਕਲੰਕਿਤ ਕੀਤਾ



ਜੰਗ ਸਿੰਘ ਮਰਸਡ (ਅਮਰੀਕਾ)
+1415 603 7380

ਭਾਰਤ ਦੀ ਸਰਬਪੱਖੀ ਦਰਵੇਸ਼ ਸ਼ਖਸ਼ੀਅਤ ਜਿਹੜੀ ਕਿ ਦੇਸ਼ ਵਿਦੇਸ਼ ਦੀਆਂ ਅਣਗਿਣਤ ਡਿਗਰੀਆਂ ਨਾਲ ਓਤ ਪੋਤ ਸੀ, ਡਾ ਮਨਮੋਹਨ ਸਿੰਘ ਜਿਨਾਂ ਨੇ ਭਾਰਤ ਸਰਕਾਰ ਦੇ ਅਣਗਿਣਤ ਉੱਚ ਅਹੁੱਦਿਆਂ ਦਾ ਬੜੀ ਸਫਲਤਾ ਨਾਲ ਸਫਰ ਕਰਨ ਤੋਂ ਪਹਿਲਾ ਕਈ ਕਾਲਜਾਂ ਵਿੱਚ ਪ੍ਰੋਫੈਸਰੀ ਤੋਂ ਸ਼ੁਰੂ ਕਰਕੇ ਕਈ ਅਹੁੱਦਿਆਂ ਤੇ ਜਿੰਮੇਵਾਰੀਆਂ ਨਿਭਾਉਣ ਉਪਰੰਤ ਕੇਂਦਰੀ ਪਲੈਨਿੰਗ ਕਮਿਸ਼ਨ ਦੇ ਚੇਅਰਮੈਨ, ਯੂ.ਜੀ.ਸੀ. ਦੇ ਚੇਅਰਮੈਨ, ਰੀਜਰਵ ਬੈਂਕ ਦੇ ਗਵਰਨਰ, ਕੇਂਦਰੀ ਸਰਕਾਰ ਦੇ ਖਜਾਨਾ ਮੰਤਰੀ ਬਣਨ ਤੋਂ ਬਾਅਦ ਦਸ ਸਾਲ ਤਕ ਭਾਰਤ ਦੇ ਪ੍ਰਧਾਨ ਮੰਤਰੀ ਰਹੇ ।ਉਹ ਸਿਖਰਾਂ ਦੇ ਦਿਆਨਤਦਾਰ ਦੇ ਨਾਲ ਕਿਸੇ ਨਾਲ ਵੀ ਭਿੰਨ ਭੇਦ ਨਾ ਕਰਨ ਵਾਲੇ ਨਿਮਰ ਤੇ ਮਿੱਠਬੋਲੜੇ ਸੱਜਣ ਸਨ। ਜਿਨਾਂ ਦਾ ਬੀਤੇ 26 ਦਸੰਬਰ 2024 ਨੂੰ 92 ਸਾਲ ਦੀ ਉਮਰ ਵਿੱਚ ਦਿੱਲੀ ਵਿਖੇ ਦਿਹਾਂਤ ਹੋ ਗਿਆ ਸੀ ਉਨਾਂ ਨੂੰ ਬਤੌਰ ਪ੍ਰਧਾਨ ਮੰਤਰੀ ਹੋਣ ਤੇ ਸਸਕਾਰ ਲਈ ਭਾਜਪਾ ਦੀ ਮੋਦੀ, ਸ਼ਾਹ ਸਰਕਾਰ ਵਲੋਂ ਦਿੱਲੀ ਦੇ ਰਾਜ ਘਾਟ ਵਿਖੇ ਸਸਕਾਰ ਲਈ ਬਣਦੀ ਥਾਂ ਨਾ ਦੇ ਕੇ ਆਪਣੇ ਨਾਵਾਂ ਨੂੰ ਦੇਸ਼ ਦੇ ਹੀ ਨਹੀਂ ਬਲਕਿ ਸੰਸਾਰ ਦੇ ਇਤਿਹਾਸ ਵਿੱਚ ਕਾਲੇ ਅੱਖਰਾਂ ਵਿੱਚ ਲਿਖਵਾ ਲਿਆ। ਜੋ ਜਿਨੀ ਉਮਰ ਤਕ ਉਹ ਜੀਊਂਦੇ ਰਹਿਣਗੇ ਉਨਾਂ ਨੂੰ ਕੰਡਿਆਂ ਵਾਂਗੂੰ ਚੁੱਬਦਾ ਰਹੇਗਾ। ਸੰਸਾਰ ਭਰ ਦੇ ਲੋਕ ਇਨਾਂ ਆਗੂਆਂ ਨੂੰ ਜਿਥੇ ਸਿਖਰਾਂ ਦੇ ਫਿਰਕਾਪ੍ਰਸਤ ਕਹਿਣਗੇ ਉਥੇ ਇਹ ਵੀ ਕਹਿ ਕੇ ਲਾਹਨਤਾਂ ਪਾਉਣਗੇ ਕਿ ਇਹ ਉਹ ਆਗੂ ਹਨ ਜਿਨਾਂ ਨੇ ਫਿਰਕਾਪ੍ਰਸਤੀ ਦਾ ਜਨਾਜਾ ਕੱਢਦੇ ਹੋਏ ਘੱਟ ਗਿਣਤੀ ਸਿੱਖ ਫਿਰਕੇ ਦੇ ਇਕੋ ਇਕ ਹੋਏ ਪ੍ਰਧਾਨ ਮੰਤਰੀ ਡਾ ਮਨਮੋਹਨ ਸਿੰਘ ਨੂੰ ਸਸਕਾਰ ਲਈ ਬਣਦੀ ਥਾਂ 'ਰਾਜ ਘਾਟ' ਵਿਖੇ ਨਹੀਂ ਦਿੱਤੀ। ਉਨਾਂ ਦਾ ਸਸਕਾਰ ਰਾਜ ਘਾਟ ਵਿਖੇ ਕਰਨ ਦੀ ਥਾਂ ਤੇ ਦਿੱਲੀ ਦੇ 'ਨਿਗਮ ਬੋਧ' ਜਿਥੇ ਕਿ ਇਕ ਆਮ ਮਨੁੱਖ ਦਾ ਸਸਕਾਰ ਕੀਤਾ ਜਾਂਦਾ ਹੈ ਵਿਖੇ ਕਰਾਇਆ ਹੈ । ਸੰਸਾਰ ਭਰ ਦੇ ਲੋਕਾਂ ਵਲੋਂ ਇਨਾਂ ਭਾਜਪਾ ਆਗੂਆਂ ਦੀ ਜਹਿਨੀਅਤ ਇੰਨੀ ਗੰਦੀ ਤੇ ਸਿਖਰਾਂ ਦੀ ਨੀਵੀਂ ਦਸੀ ਜਾ ਰਹੀ ਹੈ ਕਿ ਜੇਕਰ ਸਿੱਖ ਪ੍ਰਧਾਨ ਮੰਤਰੀ ਦਾ ਸਸਕਾਰ ਰਾਜਘਾਟ ਵਿਖੇ ਸਸਕਾਰ ਲਈ ਥਾਂ ਦਿੱਤੀ ਗਈ ਤਾਂ ਸਦਾ ਲਈ ਇਹ ਮੋਹਰ ਲਗ ਜਾਵੇਗੀ ਕਿ ਭਾਰਤ ਦੇਸ਼ ਇਕ ਧਰਮ ਨਿਰਪੱਖ ਦੇਸ਼ ਹੈ। ਇਹ ਵੀ ਚਰਚਾ ਹੈ ਕਿ ਜੇ ਇਨਾਂ ਦਾ ਵੱਸ ਚਲਦਾ ਤਾਂ ਇਨਾਂ ਨੇ ਕੋਈ ਨਾ ਕੋਈ ਬਹਾਨਾ ਜਿਵੇਂ ਹੁਣ ਘੜ੍ਹਿਆ ਹੈ ਘੱੜ੍ਹ ਕੇ ਮੁਸਲਿਮ ਰਾਸ਼ਟਰਪਤੀ ਸ੍ਰੀ ਅਬਦੁਲ ਕਲਾਮ ਦਾ ਵੀ ਰਾਜ ਘਾਟ ਵਿੱਚ ਸਸਕਾਰ ਨਹੀਂ ਸੀ ਕਰਨ ਦੇਣਾ। ਭਾਜਪਾ ਸੰਸਾਰ ਦੇ ਲੋਕਾਂ ਨੂੰ ਇਹ ਦਸਣਾ ਚਾਹੁੰਦੀ ਹੈ ਕਿ ਦੇਸ਼ ਵਿੱਚ ਸਿਰਫ ਇਕੋ ਇਕ ਹਿੰਦੂ ਧਰਮ ਨਾਲ ਸਬੰਧਤ ਉਚ ਪਾਏ ਦੇ ਆਗੂਆਂ ਦਾ ਹੀ ਹੱਕ ਹੈ ਕਿ ਉਨਾਂ ਦਾ ਰਾਜ ਘਾਟ ਵਿਖੇ ਸਸਕਾਰ ਹੋਵੇ। ਦੇਸ਼ ਦੇ ਲੋਕ ਵੇਖਦੇ ਆ ਰਹੇ ਹਨ ਕਿ ਜਦੋਂ ਤੋਂ ਇਨਾਂ ਨੇ ਭਾਰਤ ਦੇ ਰਾਜ ਭਾਗ ਨੂੰ ਸੰਭਾਲਿਆ ਹੈ ਇਹ ਹਿੰਦੂਆਂ ਮੁਸਲਮਾਨਾਂ ਨੂੰ ਲੜਾਉਣ ਦੀ ਨੀਤੀ ਤੇ ਚਲਦੇ ਆ ਰਹੇ ਹਨ ਤਾਂ ਕਿ ਭਾਰਤ ਨੂੰ ਸਿਰਫ "ਹਿੰਦੂ ਰਾਸ਼ਟਰ"ਬਣਾਇਆ ਜਾ ਸਕੇ। ਜਦੋਂ ਕਿ ਹੈਰਾਨੀ ਦੀ ਗੱਲ ਹੈ ਕਿ ਦੇਸ਼ ਦੇ ਵੱਡੀ ਗਿਣਤੀ ਵਿੱਚ ਅਮਨਪਸੰਦ ਤੇ ਨਰੋਈ ਸੋਚ ਰੱਖਣ ਵਾਲੇ ਖੁਦ ਹਿੰਦੂ ਇਸ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਨੂੰ ਸਵੀਕਾਰ ਨਹੀਂ ਕਰ ਰਹੇ। ਉਹ ਮੁਸਲਿਮ ਕਵੀ 'ਮੁਹੰਮਦ ਇਕਬਾਲ' ਦੇ ਕਹੇ ਲਫਜ ਕਿ "ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ" ਭਾਵ ਉਹ ਭਾਰਤ ਨੂੰ ਵੱਖ ਵੱਖ ਫੁੱਲਾਂ ਦੇ ਗੁੱਲਦਸਤੇ ਦੇ ਰੂਪ ਵਿੱਚ ਦੇਖਣ ਦੇ ਇੱਛਕ ਹਨ। ਭਾਜਪਾ ਦੀਆਂ ਅੱਖਾਂ ਕਾਫੀ ਹੱਦ ਤਕ ਹੁਣ ਖੁੱਲ ਗਈਆਂ ਹੋਣਗੀਆਂ ਕਿ ਅਸੀਂ ਭਾਜਪਾ ਦੇ ਮੁੱਖ ਆਗੂਆਂ ਨੇ ਡਾ ਮਨਮੋਹਨ ਸਿੰਘ ਨਾਲ ਸਿਖਰਾਂ ਦੀ ਮਾੜੀ ਤੇ ਕਮੀਨੀ ਸੋਚ ਅਪਣਾ ਕੇ ਰਾਜ ਘਾਟ ਵਿਖੇ ਸਸਕਾਰ ਲਈ ਜਮੀਨ ਨਾ ਦੇ ਕੇ ਉਨਾਂ ਦਾ ਨਾਂ ਲੋਕਾਂ ਦੇ ਮਨਾ ਵਿੱਚੋਂ ਖਤਮ ਕਰ ਦਿਆਂਗੇ ਪਰ ਡਾ ਮਨਮੋਹਨ ਸਿੰਘ ਨੂੰ ਸਿਰਫ ਭਾਰਤ ਦੇ ਲੋਕਾਂ ਵਲੋਂ ਹੀ ਨਹੀਂ ਬਲਕਿ ਸੰਸਾਰ ਭਰ ਦੇ ਦੇਸ਼ਾਂ ਦੇ ਅਣਗਿਣਤ ਰਾਸ਼ਟਰਪਤੀਆਂ, ਪ੍ਰਧਾਨ ਮੰਤਰੀਆਂ ਤੇ ਨਾ ਗਿਣੇ ਜਾਣ ਵਾਲੇ ਉਚ ਪਾਏ ਦੇ ਲੀਡਰਾਂ ਵਲੋਂ ਸੱਚੀ ਸੁੱਚੀ ਰੂਹ ਵਲੋਂ ਨਿਭਾਈਆਂ ਸ਼ਾਨਦਾਰ ਜਿੰਮੇਵਾਰੀਆਂ ਕਾਰਨ ਇੰਨੀ ਪ੍ਰਸੰਸਾ ਕੀਤੀ ਜਾ ਰਹੀ ਹੈ। ਅਮਰੀਕਾ ਦੇ ਦੋ ਵਾਰ ਰਹਿ ਚੁੱਕੇ ਰਾਸ਼ਟਰਪਤੀ ਬਰਾਕ ਉਬਾਮਾ ਨੇ ਆਪਣੀ ਕਿਤਾਬ ਵਿੱਚ ਡਾ ਮਨਮੋਹਨ ਸਿੰਘ ਨੂੰ ਅਣਗਿਣਤ ਗੁਣਾਂ ਦਾ ਧਾਰਨੀ ਹੋਣ ਕਰਕੇ ਆਪਣਾ "ਗੁਰੂ" ਲਿਖਿਆ ਹੈ। ਸਚ ਮੁਚ ਸ੍ਰੀ ਨਰਿੰਦਰ ਮੋਦੀ ਜਿਹੜਾ ਆਪਣੇ ਆਪ ਨੂੰ ਚਾਹ ਵੇਚਣ ਵਾਲਾ ਦਸਦੇ ਰਹੇ ਹਨ ਉਹਨਾਂ ਦੀ ਸੋਚ ਸੱਚ ਮੁੱਚ ਚਾਹ ਵੇਚਣ ਵਾਲਿਆਂ ਤੋਂ ਵੀ ਹੇਠਾਂ ਵਾਲਿਆਂ ਦੀ ਹੈ। ਉਨਾਂ ਨੂੰ ਹੁਣ ਕੋਈ ਥਾਂ ਨਹੀਂ ਲਭ ਰਹੀ ਕਿ ਉਹ ਆਪਣੇ ਮੂੰਹ ਨੂੰ ਕਿਥੇ ਛੁਪਾਉਣ! ਉਹ ਅੱਖਾਂ ਵਿੱਚ ਘਸੁੰਨ ਪਾ ਕੇ ਜਰੂਰ ਫੁੱਟ ਫੁੱਟ ਕੇ ਰੋਂਦੇ ਹੋਣਗੇ ਕਿ ਅਸੀ ਤਾਂ ਡਾ ਮਨਮੋਹਨ ਸਿੰਘ ਦੇ ਨਾਂ ਨੂੰ ਦੱਫਣ ਕਰਕੇ ਕਰਨਾ ਕੀ ਚਾਹੁੰਦੇ ਸਾਂ ਪਰ ਹੋ ਕੀ ਗਿਆ। ਉਨਾਂ ਦਾ ਨਾਂ ਸੰਸਾਰ ਵਿੱਚ ਤਾਂ ਸੂਰਜ ਦੀ ਰੋਸ਼ਨੀ ਵਾਂਗੂੰ ਕਿਤੇ ਵੱਧ ਲਿਸ਼ਕਾਂ ਮਾਰ ਰਿਹਾ ਹੈ। ਉਨਾਂ ਦੀ ਪ੍ਰਸੰਸਾ ਵਿਦੇਸ਼ ਦੀ ਪ੍ਰੈੱਸ ਹੀ ਨਹੀ ਕਰ ਰਹੀ ਬਲਕਿ ਆਪਣੇ ਦੇਸ਼ ਦੀ ਪ੍ਰੈੱਸ ਵੀ ਡਾ ਮਨਮੋਹਨ ਸਿੰਘ ਦੇ ਨਾਂ ਨਾਲ ਅਨੇਕਾਂ ਵਿਸ਼ੇਸ਼ਣ ਲਗਾ ਕੇ ਉਨਾਂ ਨੂੰ ਅੰਤਾ ਦਾ ਸਤਿਕਾਰ ਦੇ ਰਹੀ ਹੈ। ਉਨਾਂ ਨੇ ਆਪਣੇ ਰਾਜ ਕਾਲ ਵਿੱਚ ਜਦੋਂ ਸੰਸਾਰ ਭਰ ਵਿੱਚ ਮੰਦੀ ਛਾਈ ਹੋਈ ਸੀ ਇਥੋਂ ਤਕ ਕਿ ਸੰਸਾਰ ਵਿੱਚ ਆਪਣੇ ਆਪ ਨੂੰ ਇਕ ਨੰਬਰ ਦਾ ਦੇਸ਼ ਕਹਾਉਣ ਵਾਲਾ ਖੁਦ ਅਮਰੀਕਾ ਮੰਦੀ ਦਾ ਬੁਰੀ ਤਰਾਂ ਸ਼ਿਕਾਰ ਹੋ ਗਿਆ ਸੀ ਇਹੋ ਅਰਥਸ਼ਾਸ਼ਤਰੀ ਡਾ ਮਨਮੋਹਨ ਸਿੰਘ ਸਨ ਜਿਨਾਂ ਨੇ ਆਪਣੀ ਉਚ ਪੱਧਰੀ ਸੋਚ ਨਾਲ ਭਾਰਤ ਨੂੰ ਮੰਦੀ ਦਾ ਸ਼ਿਕਾਰ ਹੋਣ ਤੋਂ ਬਚਾਇਆ ਸੀ। ਇਹ ਹੀ ਨਹੀਂ ਜਦੋਂ ਸ੍ਰੀ ਚੰਦਰ ਸ਼ੇਖਰ ਦੀ ਸਰਕਾਰ ਸਮੇਂ ਜਦੋਂ ਵੱਡੀ ਮਾਤਰਾ ਵਿੱਚ ਸੋਨਾ ਵਿਦੇਸ਼ਾਂ ਵਿੱਚ ਗਿਰਵੀ ਰੱਖਿਆ ਗਿਆ ਸੀ ਤਾਂ ਸ੍ਰ ਮਨਮੋਹਨ ਸਿੰਘ ਨੇ ਆਪਣੀ ਆਰਥਕ ਸੂਝ ਬੂਝ ਨਾਲ ਥੋੜ੍ਹੇ ਜਿਹੇ ਸਮੇਂ ਵਿੱਚ ਉਹ ਸਾਰਾ ਗਿਰਵੀ ਰੱਖਿਆ ਸੋਨਾ ਵਾਪਿਸ ਹੀ ਨਹੀਂ ਸੀ ਲਿਆਂਦਾ ਬਲਕਿ ਇਕ ਲੱਖ ਕਰੋੜ੍ਹ ਡਾਲਰ ਭਾਰਤ ਦੇ ਖਜਾਨੇ ਵਿੱਚ ਹੋਰ ਜਮਾ ਕਰਵਾ ਦਿੱਤੇ ਸਨ। ਉਨਾਂ ਨੇ 2005 ਵਿੱਚ ਰੁਜਗਾਰ ਗਰੰਟੀ ਦੀ ਯੋਜਨਾ, ਸੂਚਨਾ ਅਧਿਕਾਰ, 2006 ਵਿੱਚ ਅਮਰੀਕਾ ਨਾਲ ਨਿਊਕਲੀਅਰ ਡੀਲ ਕੀਤੀ ਤਾਂ ਉਸ ਵੇਲੇ ਉਨਾਂ ਦੀ ਸਰਕਾਰ ਜਿਹੜੀ ਕਈ ਪਾਰਟੀਆਂ ਨਾਲ ਰਲ ਕੇ ਚਲਾਈ ਜਾ ਰਹੀ ਸੀ ਜਿਨਾਂ ਵਿੱਚ ਖੱਬੇ ਪੱਖੀ ਪਾਰਟੀਆਂ ਵੀ ਸ਼ਾਮਲ ਸਨ। ਉਨਾਂ ਨੇ ਇਸ ਡੀਲ ਦਾ ਵਿਰੋਧ ਕਰਦੇ ਹੋਏ ਡਾ ਮਨਮੋਹਨ ਸਿੰਘ ਦੀ ਸਰਕਾਰ ਵਿਰੁੱਧ ਬੇਵਸਾਹੀ ਦਾ ਮੱਤਾ ਲੋਕ ਸਭਾ ਵਿੱਚ ਲੈ ਆਂਦਾ ਪਰ ਉਨਾਂ ਨੇ ਆਪਣੀ ਸਿਆਣਪ ਨਾਲ ਵਿਰੋਧੀਆਂ ਨੂੰ ਚਿੱਤ ਕਰਦੇ ਹੋਏ ਸ਼ਾਨਦਾਰ ਜਿੱਤ ਹਾਸਲ ਕੀਤੀ ਕਿ ਸਭ ਹਕੇ ਬਕੇ ਰਹਿ ਗਏ। 2006 ਵਿੱਚ ਹੀ ਆਦੀਵਾਸੀ ਸਮਾਜ ਦੇ ਅਧਿਕਾਰਾਂ ਦਾ ਬਿੱਲ ਲਿਆਂਦਾ, 2009 ਵਿੱਚ ਅਧਾਰ ਕਾਰਡ, 2010 ਵਿੱਚ ਸਿਖਿਆ ਕਾਨੂੰਨ , ਮਿਡ ਡੇ ਮੀਲ ਵਰਗੇ ਕਾਨੂੰਨ, 2013 ਵਿੱਚ ਰਾਸ਼ਟਰੀ ਖਾਦ ਸੁਰਖਿਆ ਕਾਨੂੰਨ, 2013 ਵਿੱਚ ਹੀ ਜਮੀਨ ਐਕਵਾਇਰ ਦੇ ਵੱਧ ਰੇਟ ਦੇਣ ਦਾ ਐਲਾਨ ਵੀ ਕੀਤਾ। ਭਾਜਪਾ ਦੀ ਮੋਦੀ ਸਰਕਾਰ ਉਨਾਂ ਵਲੋਂ ਪਾਸ ਕੀਤੇ ਇਨਾਂ ਕਾਨੂੰਨਾਂ ਨੂੰ ਹੁਣ ਤਕ ਆਪਣੇ ਰਾਜ ਵਿੱਚ ਲਾਗੂ ਕਰਦੀ ਆ ਰਹੀ ਹੈ। ਦੇਸ਼ ਦੇ ਲੋਕ ਇਹ ਵੀ ਜਾਣਦੇ ਹਨ ਕਿ ਇਸ ਮੋਦੀ ਸਰਕਾਰ ਨੇ ਜਦੋਂ ਕਰੰਸੀ ਵਿੱਚ ਤਬਦੀਲੀ ਕੀਤੀ ਸੀ ਉਸ ਵੇਲੇ ਲੋਕਾਂ ਨੂੰ ਕਿੰਨੀਆਂ ਪਰੇਸ਼ਾਨੀਆ ਦਾ ਸਾਹਮਣਾ ਕਰਨਾ ਪਿਆ ਸੀ, ਸਵਾ ਸੌ ਦੇ ਲਗ ਭਗ ਲੋਕ ਬੈਂਕਾਂ ਅੱਗੇ ਲਾਈਨਾਂ ਵਿੱਚ ਲਗੇ ਨੋਟਾਂ ਨੂੰ ਬਦਲਾਉਂਦੇ ਰੱਬ ਨੂੰ ਪਿਆਰੇ ਹੋ ਗਏ ਸਨ। ਇਹ ਸਭ ਕੁਝ ਉੱਚ ਕਾਰਪੋਰੇਟਾਂ ਤੇ ਅਮੀਰ ਘਰਾਣੇ ਦੇ ਲੋਕਾਂ ਦੇ 'ਕਾਲੇ ਧੰਨ' ਨੂੰ 'ਚਿੱਟਾ ਕਰਨ' ਦਾ ਕੋਹਝਾ ਯਤਨ ਦਸਿਆ ਜਾ ਰਿਹਾ ਹੈ। ਕੀ ਇਹ ਸਰਕਾਰ ਇਹ ਦਸ ਸਕਦੀ ਹੈ ਕਿ ਰਾਜ ਭਾਗ ਸੰਭਾਲਣ ਤੋਂ ਪਹਿਲਾਂ ਜਿਹੜੇ ਵਾਅਦੇ ਇਨਾਂ ਨੇ ਦੇਸ਼ ਦੀ ਜੰਨਤਾ ਨਾਲ ਕੀਤੇ ਸਨ ਕੀ ਹੁਣ ਤਕ ਨੇਪਰੇ ਚਾੜੇ ਹਨ! ਇਹ ਸਰਕਾਰ ਆਪਣੀ ਕੋਈ ਵੀ ਚੰਗੀ ਕਾਰਗੁਜਾਰੀ ਦੱਸ ਸਕਦੀ ਹੈ! ਹਾਂ ਇਨਾਂ ਨੇ ਆਪਣੇ ਰਾਜ ਭਾਗ ਵਿੱਚ ਫਿਰਕੂ ਦੰਗੇ ਕਰਾ ਕੇ ਹਿੰਦੂ ਮੁਸਲਮਾਨਾਂ ਨੂੰ ਮਰਵਾਇਆ ਜਰੂਰ ਹੈ। ਡਾ ਮਨਮੋਹਨ ਸਿੰਘ ਦੇ ਸਸਕਾਰ ਲਈ ਰਾਜ ਘਾਟ ਵਿਖੇ ਥਾ ਨਾ ਦੇਣ ਦੀ ਇਸ ਘਟਨਾ ਨੇ ਸੰਸਾਰ ਭਰ ਵਿੱਚ ਭਾਜਪਾ ਸਰਕਾਰ ਦਾ ਸਾਰਾ ਹੀਜ ਪਿਆਜ ਨੰਗਾ ਕਰਕੇ ਜਰੂਰ ਰੱਖ ਦਿੱਤਾ ਹੈ। ਭਾਜਪਾ ਦੀ ਮੋਦੀ ਸਰਕਾਰ ਚਾਹੁੰਦੀ ਤਾਂ ਇਹ ਸੀ ਕਿ ਸਿੱਖਾਂ ਦੇ ਵਕਾਰ ਨੂੰ ਸੰਸਾਰ ਵਿੱਚ ਡਾ ਮਨਮੋਹਨ ਸਿੰਘ ਨੂੰ ਸਸਕਾਰ ਲਈ ਰਾਜ ਘਾਟ ਵਿੱਚ ਥਾਂ ਨਾ ਦੇ ਕੇ ਘਟਾਇਆ ਜਾਵੇ ਪਰ ਉਨਾਂ ਨੂੰ ਇਹ ਸਭ ਕੁਝ ਸਿਖਰਾਂ ਦਾ ਉਲਟ ਪੈ ਗਿਆ ਹੈ । ਵਿਦੇਸ਼ੀ ਚੈਨਲਾਂ ਤੇ ਪ੍ਰੈਸ ਨੇ ਡਾ. ਮਨਮੋਹਨ ਸਿੰਘ ਵਲੋਂ ਦੇਸ਼ ਨੂੰ ਦਿੱਤੀਆਂ ਦੇਣਾਂ ਦੀ ਪ੍ਰਸੰਸਾ ਤਾਂ ਕਰਨੀ ਹੀ ਸੀ ਲੇਕਿਨ ਭਾਰਤ ਭਰ ਦੇ ਸਿਰਕੱਢ ਪੱਤਰਕਾਰ ਕੀ ਸ੍ਰੀ ਰਵੀਸ਼ ਕੁਮਾਰ , ਸ੍ਰੀ ਸੁਭਾਸ਼ ਸ਼ਰਮਾ, ਸ੍ਰੀ ਅਭੀਸ਼ੇਕ, ਅਜੀਤ ਅੰਜੁਮ, ਬੀ ਬੀ ਸੀ ਦੇ ਮੁਕੇਸ਼ ਸ਼ਰਮਾ, ਕੁਮ ਕੁਮ ਬੇਨ-ਵਾਲ, ਨੀਲੂ ਵਿਆਸ, ਪਰਦੀਪ ਚੌਹਾਨ ਹੋਰ ਕਿੰਨੇ ਕੁ ਭਾਰਤੀ ਪ੍ਰੈੱਸ ਦੇ ਪੱਤਰਕਾਰਾਂ ਦੇ ਨਾਂ ਲਵਾਂ, ਦੇਸ਼ ਦੇ ਟੀ ਵੀ ਚੈਨਲ ਚਾਹੇ ਲੈਂਜ, ਆਰਟੀਕਲ 19,4 ਪੀ ਐਮ, ਬਾਤ ਤੋ ਹੋ ਗਈ, ਪਬਲਿਕ ਇੰਡੀਆ, ਬੀ ਬੀ ਸੀ ਹਨ ਆਦਿ ਦੇ ਐਂਕਰ ਜੋ ਜੋ ਪ੍ਰਸੰਸਾ ਡਾ ਮਨਮੋਹਨ ਸਿੰਘ ਵਲੋਂ ਕੀਤੇ ਕੰਮਾਂ ਦੀ ਕਰ ਰਹੇ ਹਨ, ਉਨਾਂ ਨਾਲ ਸਿੱਖ ਜਗਤ ਦਾ ਨਾਂ ਮਾਨ ਨਾਲ ਉਚਾ ਹੋ ਰਿਹਾ ਹੈ।ਉਹ ਇਹ ਵੀ ਕਹਿ ਰਹੇ ਹਨ ਕਿ ਸਿਖਰਾਂ ਦੇ ਦਿਆਨਤਦਾਰ, ਪ੍ਰਤਿਭਾਸ਼ੀਲ, ਆਰਥਕ ਮਾਹਰ ਡਾ ਮਨਮੋਹਨ ਸਿੰਘ ਤੇ ਹੁਣ ਤਕ ਭ੍ਰਿਸ਼ਟਾਚਾਰ ਦਾ ਕੋਈ ਵੀ ਦੋਸ਼ ਸਾਬਤ ਨਹੀਂ ਕਰ ਸਕੇ।ਇਸ ਸਮੇਂ ਸਵ; ਪ੍ਰਧਾਨ ਮੰਤਰੀ ਡਾ ਮਨਮੋਹਨ ਸਿੰਘ ਦੀ ਮਰਨ ਸਮੇਂ ਸੰਪਤੀ ਸਿਰਫ ਤੇ ਸਿਰਫ 15.5 ਕਰੋੜ੍ਹ ਰੁਪਏ ਤੇ ਇਕ ਮਾਰੂਤੀ ਕਾਰ 800 ਹੈ! ਭਾਜਪਾ ਦਾ ਆਗੂ ਸੁਬਰਾਮਨੀਅਮ ਸੁਆਮੀ ਇਕ ਟੀ ਵੀ ਚੈਨਲ ਤੇ ਕਹਿ ਰਹੇ ਸਨ ਕਿ ਡਾ ਮਨਮੋਹਨ ਸਿੰਘ ਨੂੰ ਰਾਜ ਘਾਟ ਵਿਖੇ ਸਸਕਾਰ ਲਈ ਜਮੀਨ ਨਾ ਦੇ ਕੇ ਮੋਦੀ ,ਸ਼ਾਹ ਜੋੜੀ ਨੇ ਆਪਣਾ ਨਾਂ ਤਾਂ ਖਰਾਬ ਕੀਤਾ ਹੀ ਹੈ ਉਨਾਂ ਨੇ ਭਾਜਪਾ ਦੀ ਰਹਿੰਦੀ ਖੂੰਹਦੀ ਭੰਡੀ ਵੀ ਕਰਾ ਦਿੱਤੀ ਹੈ। ਸਵਰਗੀ ਡਾ ਮਨਮੋਹਨ ਸਿੰਘ ਦੇ ਮੀਡੀਆ ਐਡਵਾਈਜਰ ਪੰਕਜ ਪਿਚੌਰੀ ਟੀ ਵੀ ਚੈਨਲਾਂ ਤੇ ਦਸ ਰਹੇ ਸਨ ਕਿ ਉਹ ਹਮੇਸ਼ਾਂ ਇਹ ਹੀ ਕਹਿੰਦੇ ਸਨ ਕਿ "ਮੇਰਾ ਕੰਮ ਬੋਲਦਾ ਹੈ" ਜੋ ਭਾਰਤ ਦੇ ਲੋਕਾਂ ਦੇ ਸਾਹਮਣੇ ਹੈ । ਉਨਾਂ ਨੇ ਤਾਂ ਇਹ ਵੀ ਕਿਹਾ ਹੈ ਕਿ ਦੇਸ਼ ਦੇ ਮੌਜੂਦਾ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜਿਹੜੇ ਡਾ ਮਨਮੋਹਨ ਸਿੰਘ ਨੂੰ ਭੰਡਦੇ ਨਹੀਂ ਥਕਦੇ। ਅੱਜ ਉਹ ਹੀ ਉਨਾਂ ਦੀਆਂ ਬਣਾਈਆਂ ਸ਼ਾਨਦਾਰ ਪਾਲਿਸੀਆਂ ਨੂੰ ਲਾਗੂ ਕਰਦੇ ਆ ਰਹੇ ਹਨ। ਸ੍ਰੀ ਪਿਚੌਰੀ ਨੇ ਇਹ ਵੀ ਦਸਿਆ ਕਿ ਜਦੋਂ ਵੀ ਡਾ ਮਨਮੋਹਨ ਸਿੰਘ ਵਿਦੇਸ਼ ਯਾਤਰਾ ਤੋਂ ਵਾਪਿਸ ਆਉਂਦੇ ਸਨ ਤਾਂ ਦੇਸ਼ ਦੀ ਸਾਰੀ ਪ੍ਰੈੱਸ ਨੂੰ ਇੱਕਠਾ ਕਰਕੇ ਪ੍ਰੈਸ ਕਾਨਫਰੰਸ ਰਾਹੀਂ ਉਨਾਂ ਨੂੰ ਪੂਰੀ ਜਾਣਕਾਰੀ ਦੇਂਦੇ ਸਨ ਕਿ ਉਹ ਕੀ ਕੁਝ ਕਰ ਕੇ ਆਏ ਹਨ? ਉਨਾਂ ਨੇ ਆਪਣੇ ਰਾਜ ਕਾਲ ਵਿੱਚ ਸਵਾ ਸੋ ਦੇ ਲਗ ਭਗ ਪ੍ਰੈੱਸ ਮਿਲਣੀਆਂ ਕੀਤੀਆਂ ਸਨ ਤੇ ਪੱਤਰਕਾਰ ਵੀ ਉਨਾਂ ਤੋਂ ਔਖੇ ਤੋਂ ਔਖਾ ਸੁਆਲ ਪੁੱਛਦੇ ਹੁੰਦੇ ਸਨ। ਅੱਜ ਕਲ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਕੋਲ ਜਿਹੜੇ ਵੀ ਪੱਤਰਕਾਰ ਕਲ-ਮੁਕਲੇ ਜਦ ਕਦੀ ਮਿਲਣ ਜਾਣ ਤਾਂ ਇਹੋ ਜਿਹੇ ਹੀ ਸੁਆਲ ਪੁੱਛਦੇ ਹਨ ਕਿ ਆਪ ਨੇ "ਆਮ ਕਾਟ ਕਰ ਖਾਇਆ ਥਾ ਯਾ ਕਿ ਚੂਸਾ ਥਾ", ਆਪ ਕੀ ਐਨਕ, ਕੋਟ ਵਗੈਰਾ ਵਗੈਰਾ ਬਹੁਤ ਸੁੰਦਰ ਹੈਂ। ਇਹ ਹੈ ਮੋਦੀ ਪ੍ਰੈਸ ਦਾ ਮੌਜੂਦਾ ਵਕਾਰ। ਦਸ ਸਾਲ ਤੋਂ ਵਧੇਰੇ ਦਾ ਸਮਾਂ ਹੋ ਗਿਆ ਮੋਦੀ ਸਾਹਿਬ ਨੂੰ ਬਤੌਰ ਪ੍ਰਧਾਨ ਮੰਤਰੀ ਬਣਿਆਂ ਉਹ ਹੁਣ ਤਕ ਕੋਈ ਜੁਅਰਤ ਨਹੀਂ ਕਰ ਸਕੇ ਕਿ 'ਇਕ ਵੀ ਪ੍ਰੈੱਸ ਮਿਲਣੀ ਕਰ ਸਕੇ ਹੋਣ'।



ਬੜੀ ਅਜੀਬ ਤਰਾਂ ਮਹਿਸੂਸ ਹੁੰਦਾ ਹੈ ਕਿ ਸਾਡੇ ਕਈ ਫਿਲਮੀ ਕਲਾਕਾਰ ਸ੍ਰੀ ਅਮਿਤਾਬ ਬਚਨ, ਸ਼ਿਲਪਾ ਸ਼ੈਟੀ, ਜੂਹੀ ਚਾਵਲਾ, ਅਕਸ਼ੇ ਕੁਮਾਰ, ਰੋਹਿਤ ਕੁਮਾਰ ਆਦਿ ਵਰਗੇ ਵੀ ਹਨ ਜਿਨਾਂ ਦੇ ਮੂੰਹ ਵਿੱਚੋਂ ਡਾ ਮਨਮੋਹਨ ਸਿੰਘ ਦੀ ਮੌਤ ਤੇ ਇਕ ਲਫਜ ਵੀ ਨਹੀਂ ਨਿਕਲ ਸਕਿਆ। ਓਮ ਕਸ਼ਿਅਪ ਵਰਗੇ ਕੁਝ ਹੋਰ ਪੱਤਰਕਾਰ ਤਾਂ ਅਜਿਹੇ ਹਨ ਕਿ ਉਨਾਂ ਦੀ ਪੱਤਰਕਾਰੀ ਤੇ ਰੋਣਾ ਵੀ ਆਉਂਦਾ ਹੈ ਤੇ ਹਾਸਾ ਵੀ, ਕਿ ਉਹ ਕਿਸ ਤਰਾਂ ਦੇ ਪੱਤਰਕਾਰ ਹਨ ਕਿ ਉਨਾਂ ਨੂੰ ਮੋਦੀ, ਮੋਦੀ ਕਰਨ ਤੋਂ ਬਿਨਾਂ ਹੋਰ ਕੋਈ ਨਾਂ ਮੂੰਹ ਤੇ ਨਹੀਂ ਆਉਂਦਾ।

ਕਿੰਨੀ ਅਜਬ ਗੱਲ ਹੈ ਕਿ ਮੋਦੀ ਪ੍ਰੈਸ ਇਕ ਪੱਤਰਕਾਰ ਉਹ ਡਾ ਮਨਮੋਹਨ ਸਿੰਘ ਦੇ ਦਿਹਾਂਤ ਦੀ ਖਬਰ ਆਪਣੇ ਚੈਨਲ ਤੇ ਇਹ ਬੋਲ ਕੇ ਸੁਣਾ ਰਹੇ ਸਨ ਕਿ 92 ਸਾਲਾ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦਾ ਨਿਧਨ ਹੋ ਗਿਆ" ਵਾਰੇ ਜਾਈਏ ਇਸ ਗੋਦੀ ਤੇ ਮੋਦੀ ਮੀਡੀਏ ਦੇ! ਜਿਨਾਂ ਨੂੰ ਸੁਪਨੇ ਵਿੱਚ ਵੀ ਸ਼ਾਇਦ ਮੋਦੀ ਤੋਂ ਬਿਨਾ ਹੋਰ ਕੁਝ ਨਹੀਂ ਸੁੱਝਦਾ । ਡਾ ਮਨਮੋਹਨ ਸਿੰਘ ਨੂੰ ਜੀਰੋ ਕਰਦੀ ਕਰਦੀ ਭਾਜਪਾ ਦੇ ਆਗੂਆਂ ਦੀ ਇਹ ਜੋੜ੍ਹੀ, ਆਪ ਹੀ ਸੰਸਾਰ ਭਰ ਵਿੱਚ ਜੀਰੋ ਹੋ ਗਈ ਪਰਤੀਤ ਹੋ ਰਹੀ ਹੈ।

# ਪੰਜਾਬੀਓ/ਕਿਸਾਨ ਭਰਾਵੋ ਜਗਜੀਤ ਸਿੰਘ ਡੱਲੇਵਾਲ ਨੂੰ ਬਚਾ ਲਓ: ਪੰਜਾਬ ਬਚ ਜਾਵੇਗਾ



ਉਜਾਗਰ ਸਿੰਘ
91-94178 13072

ਭਾਰਤ ਦੇ ਕਿਸਾਨ ਮੰਦਹਾਲੀ ਦੇ ਦੌਰ ਵਿੱਚੋਂ ਗੁਜ਼ਰ ਰਹੇ ਹਨ। ਇਸ ਕਰਕੇ ਕਿਸਾਨੀ ਦਾ ਭਵਿਖ਼ ਖ਼ਤਰੇ ਵਿੱਚ ਪਿਆ ਹੋਇਆ ਹੈ। ਭਾਰਤ ਖਾਸ ਤੌਰ 'ਤੇ ਪੰਜਾਬ ਦੇ ਕਿਸਾਨਾ ਦੇ ਲਈ ਜ਼ਿੰਦਗੀ ਮੌਤ ਦਾ ਸਵਾਲ ਬਣ ਗਿਆ ਹੈ, ਕਿਉਂਕਿ ਕੇਂਦਰ ਸਰਕਾਰ ਨੇ ਐਮ.ਐਸ.ਪੀ. ਦੀ ਕਾਨੂੰਨੀ ਗਰੰਟੀ ਦੇਣ ਦੀ ਥਾਂ ਪੁਰਾਣੇ ਤਿੰਨ ਖੇਤੀ ਕਾਨੂੰਨਾਂ ਦਾ ਨਵਾਂ ਰੂਪ ਬਣਾਕੇ ਰਾਜਾਂ ਨੂੰ ਪ੍ਰੋਸ ਕੇ ਦੇ ਦਿੱਤਾ ਹੈ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਇਸ ਲਈ ਪੰਜਾਬ ਦਾ ਕਿਸਾਨ ਤਬਾਹ ਹੋ ਜਾਵੇਗਾ, ਜਿਸਦਾ ਹੋਰ ਸਮਾਜ ਵਰਗਾਂ 'ਤੇ ਪ੍ਰਭਾਵ ਪੈਣਾ ਕੁਦਰਤੀ ਹੈ, ਕਿਉਂਕਿ ਬਹੁਤੇ ਹੋਰ ਕਿਤੇ ਕਿਸਾਨਾ ਦੀ ਆਰਥਿਕਤਾ ਨਾਲ ਜੁੜੇ ਹੋਏ ਹਨ। ਜੇ ਕਿਸਾਨ ਖ਼ੁਸ਼ਹਾਲ ਹੋਵੇਗਾ ਤਾਂ ਪੰਜਾਬ ਖ਼ੁਸ਼ਹਾਲ ਹੋਵੇਗਾ। ਰਾਜ ਸਰਕਾਰਾਂ ਵੀ ਕਸੂਤੀ ਸਥਿਤੀ ਵਿੱਚ ਫਸ ਗਈਆਂ ਹਨ ਪ੍ਰੰਤੂ ਜਿਥੇ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਹਨ, ਉਥੇ ਤਾਂ ਇਹ ਨਵਾਂ ਰੂਪ ਲਾਗੂ ਹੋ ਜਾਣ ਦੀ ਪੂਰੀ ਸੰਭਾਵਨਾ ਬਣ ਗਈ ਹੈ। ਜਿਹੜੇ ਕਿਸਾਨ ਖੇਤਾਂ ਵਿੱਚ ਹੋਣੇ ਚਾਹੀਦੇ ਹਨ, ਅੱਜ ਦਿਨ ਮਜ਼ਬੂਰੀ ਵਸ ਉਹ ਸੜਕਾਂ 'ਤੇ ਰੁਲ ਰਹੇ ਹਨ। ਹਰ ਵਿਓਪਾਰੀ ਕਿਸਾਨ ਦੀਆਂ ਫ਼ਸਲਾਂ ਅਤੇ ਉਨ੍ਹਾਂ ਦੇ ਉਤਪਾਦਨ ਤੋਂ ਬਣੀਆਂ ਵਸਤਾਂ 'ਤੇ ਲਾਭ ਹੀ ਨਹੀਂ ਲੈ ਰਿਹਾ ਸਗੋਂ ਉਨ੍ਹਾਂ ਦੀਆਂ ਮਜ਼ਬੂਰੀਆਂ ਨੂੰ ਵੀ ਵਰਤ ਰਿਹਾ ਹੈ। ਇਕੱਲਾ ਕਿਸਾਨ ਹੈ, ਜਿਸਨੂੰ ਆਪਣੀ ਉਪਜ ਦਾ ਮੁੱਲ ਲੈਣ ਲਈ ਮੰਡੀ ਵਿੱਚ ਜਾਣਾ ਪੈਂਦਾ ਹੈ, ਜਿਥੇ ਵਾਜਬ ਕੀਮਤ ਨਹੀਂ ਮਿਲ ਰਹੀ। ਕਿਸਾਨ ਨੂੰ ਬਾਕੀ ਖੇਤੀ ਉਤਪਾਦਨ ਤੋਂ ਬਣੀਆਂ ਜ਼ਰੂਰੀ ਵਸਤੂ ਨੂੰ ਲੈਣ ਲਈ ਵਿਓਪਾਰੀ ਕੋਲ ਜਾਣਾ ਪੈਂਦਾ ਹੈ। ਫ਼ਸਲਾਂ ਦੇ ਵਾਜਬ ਮੁੱਲ ਨਾ ਮਿਲਣਾ, ਖਾਦਾਂ ਤੇ ਕੀਟਨਾਸ਼ਕਾਂ ਵਿੱਚ ਮਿਲਾਵਟ ਤੇ ਮਹਿੰਗਾਈ ਕਿਸਾਨਾ ਦੀ ਆਰਥਿਕ ਹਾਲਤ ਡਾਵਾਂਡੋਲ ਕਰ ਰਹੀਆਂ ਹਨ। ਦੁੱਖ ਦੀ ਗੱਲ ਹੈ ਕਿ ਆਪਣੇ ਹੱਕਾਂ ਦੀ ਪੂਰਤੀ ਲਈ ਕਿਸਾਨ ਸੰਸਥਾਵਾਂ ਇੱਕਮੁੱਠ ਹੋਣ ਦੀ ਥਾਂ ਆਪੋ ਆਪਣੀਆਂ ਡਫ਼ਲੀਆਂ ਵਜਾ ਰਹੀਆਂ ਹਨ। ਅਜਿਹੇ ਹਾਲਾਤ ਵਿੱਚ ਕਿਸਾਨ ਨੇਤਾ ਜਗਜੀਤ



ਸਿੰਘ ਡੱਲੇਵਾਲ ਨੇ ਆਪਣੀ ਸੰਸਥਾ ਅਤੇ ਕਿਸਾਨ ਨੇਤਾ ਸਵਰਨ ਸਿੰਘ ਪੰਧੇਰ ਦੇ ਨਾਲ ਮਿਲਕੇ ਬਾਕੀ ਕਿਸਾਨ ਸੰਸਥਾਵਾਂ ਨੂੰ ਭਰੋਸੇ ਵਿੱਚ ਲੈਣ ਤੋਂ ਬਿਨਾ ਹੀ ਖਨੌਰੀ ਸਰਹੱਦ 'ਤੇ 26 ਨਵੰਬਰ 2024 ਨੂੰ ਕਿਸਾਨਾ ਦੀਆਂ ਜ਼ਾਇਜ ਮੰਗਾਂ ਮੰਨਵਾਉਣ ਲਈ ਮਰਨ ਵਰਤ ਸ਼ੁਰੂ ਕਰ ਦਿੱਤਾ। ਜਗਜੀਤ ਸਿੰਘ ਡੱਲੇਵਾਲ ਦੀ ਭੁੱਖ ਹੜਤਾਲ ਅਤੇ ਕੈਂਸਰ ਦੀ ਬੀਮਾਰੀ ਕਰਕੇ ਹਾਲਤ ਚਿੰਤਾਜਨਕ ਬਣੀ ਹੋਈ ਹੈ। ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਨੂੰ ਮੁੱਖ ਰਖਦਿਆਂ ਪੰਜਾਬੀ ਅਤੇ ਸਮੁੱਚਾ ਕਿਸਾਨ ਭਾਈਚਾਰਾ ਗਹਿਰੀ ਚਿੰਤਾ ਵਿੱਚ ਡੁੱਬਿਆ ਹੋਇਆ ਹੈ। ਸਰਕਾਰ ਟੱਸ ਤੋਂ ਮੱਸ ਨਹੀਂ ਹੋ ਰਹੀ, ਦੂਜੇ ਪਾਸੇ ਕਿਸਾਨ ਨੇਤਾ ਦੀ ਸਿਹਤ ਦਿਨ-ਬ-ਦਿਨ ਖ਼ਰਾਬ ਹੁੰਦੀ ਜਾ ਰਹੀ ਹੈ। ਹਾਲਾਂ ਕਿ ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨ ਅੰਦੋਲਨ ਨੂੰ ਖ਼ਤਮ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਗੁਰਪੁਰਵ ਵਾਲੇ ਪਵਿਤਰ ਦਿਨ ਐਲਾਨ ਕੀਤਾ ਸੀ ਕਿ ਤਿੰਨ ਖੇਤੀ ਕਾਨੂੰਨ ਵਾਪਸ ਲੈ ਲਏ ਹਨ, ਕਿਸਾਨਾ ਦੀਆਂ ਬਾਕੀ ਰਹਿੰਦੀਆਂ ਮੰਗਾਂ ਕੇਂਦਰ ਸਰਕਾਰ ਹਮਦਰਦੀ ਨਾਲ ਵਿਚਾਰ ਕਰਕੇ ਪ੍ਰਵਾਨ ਕਰ ਲਵੇਗੀ ਪ੍ਰੰਤੂ ਲੰਬਾ ਸਮਾਂ ਬੀਤਣ ਤੋਂ ਬਾਅਦ ਵੀ ਕੇਂਦਰ ਸਰਕਾਰ ਨੇ ਕੋਈ ਸਾਰਥਿਕ ਕਦਮ ਨਹੀਂ ਚੁੱਕਿਆ, ਸਗੋਂ ਤਿੰਨ ਕੇਂਦਰੀ ਕਾਨੂੰਨਾ ਨੂੰ ਨਵੇਂ ਰੂਪ ਅਧੀਨ ਵਾਪਸ ਲਿਆਂਦੇ ਜਾ ਰਹੇ ਹਨ। ਇਸ ਸਾਰੀ ਅਸਫਲਤਾ ਵਿੱਚ ਇਕੱਲੀ ਕੇਂਦਰ ਸਰਕਾਰ ਹੀ ਨਹੀਂ ਸਗੋਂ ਕਿਸਾਨ ਜਥੇਬੰਦੀਆਂ ਵੀ ਇੱਕਮੁੱਠ ਨਾ ਰਹਿਣ ਕਰਕੇ ਜ਼ਿੰਮੇਵਾਰ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਕਿਸਾਨ ਜਥੇਬੰਦੀਆਂ ਦੇ ਇੱਕ ਧੜੇ ਨੇ 2022 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲੜਨ ਦਾ ਫ਼ੈਸਲਾ ਕਰਕੇ ਕਿਸਾਨਾ ਦੀ ਏਕਤਾ ਨੂੰ ਤਾਰਪੀਡੋ ਕੀਤਾ ਸੀ। ਜਿਸਦਾ ਪ੍ਰਭਾਵ ਗ਼ਲਤ ਗਿਆ, ਕਿ ਕਿਸਾਨ ਨੇਤਾ, ਕਿਸਾਨਾ ਦੀ ਭਲਾਈ ਲਈ ਨਹੀਂ ਸਗੋਂ ਸਿਆਸੀ ਤਾਕਤ ਲਈ ਅੰਦੋਲਨ ਕਰ ਰਹੇ ਸਨ। ਕੇਂਦਰ ਸਰਕਾਰ ਤਾਂ ਪਹਿਲਾਂ ਹੀ ਚਾਹੁੰਦੀ ਸੀ ਕਿ ਕਿਸਾਨ ਜਥੇਬੰਦੀਆਂ ਵਿੱਚ ਫੁੱਟ ਪੈ ਜਾਵੇ। ਇਸ ਮੰਤਵ ਵਿੱਚ ਕੇਂਦਰ ਸਰਕਾਰ ਸਫਲ ਹੋ ਗਈ ਹੈ। ਜਦੋਂ ਕਿਸੇ ਸੰਸਥਾ ਵਿੱਚ ਫੁੱਟ ਪੈ ਜਾਵੇ ਤਾਂ ਉਸਦੇ ਅੰਦੋਲਨ ਦਾ ਅਸਫਲ ਹੋਣਾ ਕੁਦਰਤੀ ਹੈ। ਪੰਜਾਬ ਵਿੱਚ ਕਿਸਾਨਾ ਦੀਆਂ 32 ਜਥੇਬੰਦੀਆਂ ਹਨ, ਇਹ ਇਤਨੀਆਂ ਜਥੇਬੰਦੀਆਂ ਕਿਉਂ ਬਣੀਆਂ ਕਿਉਂਕਿ ਇਨ੍ਹਾਂ ਦੇ ਵਿਚਾਰਾਂ ਵਿੱਚ ਵਖਰੇਵਾਂ ਹੈ? ਇਕੱਲਾ ਵਖਰੇਵਾਂ ਹੀ ਨਹੀਂ ਚੌਧਰ ਦਾ ਮਸਲਾ ਵੀ ਹੈ, ਭਾਵੇਂ ਉਦੇਸ਼ ਸਾਰਿਆਂ ਦਾ ਇੱਕੋ ਹੈ। ਸੋਚਣ ਵਾਲੀ ਗੱਲ ਹੈ, ਜਦੋਂ ਕਿਸਾਨਾਂ ਦਾ ਉਦੇਸ਼ ਇੱਕ ਹੈ ਤਾਂ ਸਾਰੇ ਇੱਕਮਤ ਕਿਉਂ ਨਹੀਂ ਹੁੰਦੇ? ਗੱਲ ਉਥੇ ਹੀ ਆ ਕੇ ਖੜ੍ਹ ਗਈ, ਹਰ ਜਥੇਬੰਦੀ ਕਿਸੇ ਵੀ ਸਮੱਸਿਆ ਦੇ ਹੱਲ ਦਾ ਕਰੈਡਿਟ ਖੁਦ ਲੈਣੀ ਚਾਹੁੰਦੀ ਹੈ। ਜਦੋਂ ਪਿਛਲੇ

(ਬਾਕੀ ਅਗਲੇ ਸਫੇ 'ਤੇ)

# ਬੰਦ ਦਰਵਾਜ਼ਿਆਂ ਦੀਆਂ ਝੀਥਾਂ ਵਿੱਚ ਝਾਕਦਿਆਂ- ਡਾ: ਮਨਮੋਹਨ ਸਿੰਘ



ਗੁਰਮੀਤ ਪਲਾਹੀ
91-98158-02070

ਡਾ: ਮਨਮੋਹਨ ਸਿੰਘ ਦੇ ਇਸ ਦੁਨੀਆ ਤੋਂ ਰੁਖ਼ਸਤ ਹੋਣ 'ਤੇ ਸੀਨੀਅਰ ਪੱਤਰਕਾਰ ਵੀਰ ਸਾਂਘਵੀ ਨੇ ਫ਼ਿਲਮ "ਦਿ ਐਕਸੀਡੈਂਟਲ ਪ੍ਰਾਈਮ ਮਨਿਸਟਰ" ਨੂੰ ਲੈ ਕੇ ਲਿਖਿਆ "ਜੇ ਕਿਸੇ ਨੂੰ ਡਾ: ਮਨਮੋਹਨ ਸਿੰਘ ਬਾਰੇ ਬੋਲੇ ਗਏ ਝੂਠ ਨੂੰ ਯਾਦ ਕਰਨਾ ਹੋਵੇ ਤਾਂ ਉਸਨੂੰ ਉਕਤ ਫ਼ਿਲਮ ਫਿਰ ਦੇਖਣੀ ਚਾਹੀਦੀ ਹੈ। ਇਹ ਨਾ ਸਿਰਫ਼ ਸਭ ਤੋਂ ਬੁਰੀਆਂ ਫ਼ਿਲਮਾਂ 'ਚੋਂ ਇੱਕ ਹੈ, ਬਲਕਿ ਇਹ ਇੱਕ ਉਦਾਹਰਨ ਹੈ ਕਿ ਕਿਵੇਂ ਇੱਕ ਚੰਗੇ ਆਦਮੀ ਦਾ ਨਾਂ ਖਰਾਬ ਕਰਨ ਲਈ ਮੀਡੀਆ ਦੀ ਵਰਤੋਂ ਕੀਤੀ ਗਈ ਸੀ।"

ਭਾਰਤੀ ਲੋਕਾਂ ਲਈ ਕੀਤੇ ਵੱਡੇ ਕੰਮਾਂ ਦਾ ਮੁੱਲ ਨਾ ਪਾਉਣ ਵਾਲੇ ਛੋਟੀ ਸੋਚ ਵਾਲੇ ਲੋਕਾਂ ਨੇ ਕਦੇ ਵੀ ਉਹਨਾ ਦੀ ਸਖ਼ਸ਼ੀਅਤ ਨਾਲ ਇਨਸਾਫ਼ ਨਹੀਂ ਕੀਤਾ, ਸਗੋਂ ਉਹਨਾ ਦੇ ਕੰਮਾਂ ਨੂੰ ਛੁਟਿਆਉਣ ਦਾ ਯਤਨ ਕੀਤਾ।

ਡਾ: ਮਨਮੋਹਨ ਸਿੰਘ ਨੂੰ ਆਰਥਿਕ ਸੁਧਾਰਾਂ ਬਾਰੇ ਘੜੀਆਂ ਗਈਆਂ ਨੀਤੀਆਂ ਵਿੱਚ ਉਹਨਾ ਦੀ ਅਹਿਮ ਭੂਮਿਕਾ ਬਾਰੇ ਜਾਣਿਆ ਜਾਂਦਾ ਹੈ। ਪਰ ਉਹਨਾ ਦੀ ਭਾਰਤੀ ਸੰਵਿਧਾਨ ਅਨੁਸਾਰ ਆਮ ਲੋਕਾਂ ਨੂੰ ਦਿੱਤੇ ਉਹਨਾ ਤੋਹਫ਼ਿਆਂ ਦੀ ਦੇਣ ਵੱਡੀ ਹੈ, ਜਿਹਨਾ ਨੇ ਗਰੀਬ, ਨਿਤਾਣੇ ਲੋਕਾਂ ਦੇ ਜੀਵਨ ਪੱਧਰ ਨੂੰ ਉਚਿਆਂ ਚੁੱਕਣ ਲਈ ਸਾਰਥਿਕ ਭੂਮਿਕਾ ਨਿਭਾਈ।

ਡਾ: ਮਨਮੋਹਨ ਸਿੰਘ 10 ਸਾਲ ਤੋਂ ਵੱਧ ਦਾ ਸਮਾਂ ਭਾਰਤ ਦੇ ਪ੍ਰਧਾਨ ਮੰਤਰੀ ਰਹੇ। ਇਹਨਾ ਵਰ੍ਹਿਆਂ ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਉਹ ਨਿਧੜਕ ਹੋਕੇ ਕੰਮ ਕਰਦੇ ਰਹੇ, ਭਾਵੇਂ ਕਿ ਉਹਨਾ ਦੀ ਸਰਕਾਰ ਦੇ ਸਾਂਝੀਵਾਲਾਂ ਅਤੇ ਵਿਰੋਧੀਆਂ ਵਲੋਂ ਉਹਨਾ ਨੂੰ ਸਮੇਂ-ਸਮੇਂ ਵੱਡੇ ਚੈਲਿੰਜ ਪੇਸ਼ ਕੀਤੇ, ਜਿਹਨਾ ਦਾ ਉਹਨਾ ਬੇਖੋਫ ਹੋ ਕੇ ਸਾਹਮਣਾ ਕੀਤਾ। ਹਾਲਾਂਕਿ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਉਹਨਾ ਦਾ ਦੂਜਾ ਕਾਰਜਕਾਲ ਵਿਵਾਦਾਂ ਵਾਲਾ ਰਿਹਾ। ਉਹਨਾ ਦੇ ਕਈ ਮੰਤਰੀਆਂ ਉਤੇ ਘੁਟਾਲੇ ਦੇ ਦੋਸ਼ ਲੱਗੇ, ਉਹਨਾ ਨੂੰ ਸਭ ਤੋਂ ਕਮਜ਼ੋਰ ਪ੍ਰਧਾਨ ਮੰਤਰੀ ਕਿਹਾ ਜਾਣ ਲੱਗਿਆ ਪਰ ਉਹ ਕਦੇ ਸੱਚਾਈ ਤੋਂ ਪਿੱਛੇ ਨਹੀਂ ਹਟੇ। ਬੇਸ਼ਕ ਉਹ ਘੱਟ ਬੋਲਦੇ ਸਨ ਅਤੇ ਲੋਕਾਂ ਨੂੰ ਲੱਗਦਾ ਸੀ ਕਿ ਉਹ ਸਾਹਸੀ ਨਹੀਂ ਹਨ, ਪਰ ਉਹਨਾ ਨੇ ਆਪਣੀ ਸਰਕਾਰ ਨੂੰ ਦਾਅ 'ਤੇ ਲਗਾਕੇ ਜਿਸ ਤਰ੍ਹਾਂ ਅਮਰੀਕਾ ਦੇ ਨਾਲ ਪਰਮਾਣੂ ਸਮਝੌਤਾ ਕੀਤਾ, ਉਹ ਉਹਨਾ ਦੀ ਹਿੰਮਤ ਦੀ ਦਾਦ ਦੇਣ ਵਾਲਾ ਸੀ।

ਉਹਨਾ ਨੇ ਸੂਚਨਾ ਦਾ ਅਧਿਕਾਰ ਕਾਨੂੰਨ, ਸਿੱਖਿਆ ਦਾ ਅਧਿਕਾਰ ਕਾਨੂੰਨ, ਭੋਜਨ ਦਾ ਅਧਿਕਾਰ ਕਾਨੂੰਨ ਅਤੇ ਆਪਣੇ ਪ੍ਰਧਾਨ ਮੰਤਰੀ ਹੋਣ ਦੇ ਆਖ਼ਰੀ ਸਾਲਾਂ 'ਚ ਉਹਨਾ ਨੇ ਲੋਕਪਾਲ ਕਾਨੂੰਨ ਬਣਾਕੇ ਇਹ ਸਾਬਤ ਕਰ ਦਿੱਤਾ ਕਿ ਉਹਨਾਂ ਦਾ ਲਗਾਅ ਅਤੇ ਸਾਂਝ ਆਮ ਲੋਕਾਂ ਦੇ ਜੀਵਨ ਵਿੱਚ ਬੇਹਤਰੀ ਅਤੇ ਸਾਸ਼ਨ ਪ੍ਰਸਾਸ਼ਨ ਵਿੱਚ ਪਾਰਦਰਸ਼ਤਾ ਲਿਆਉਣ ਦੀ ਸੀ। ਇਹੋ ਹੀ ਕਾਰਨ ਹੈ ਕਿ ਉਹ ਲੋਕ ਜਿਹੜੇ ਕਦੇ ਭਾਰਤ ਦੇ ਇਸ ਸੂਝਵਾਨ, ਵਿਚਾਰਕ ਪ੍ਰਧਾਨ ਮੰਤਰੀ ਨੂੰ 'ਮੋਨ ਪ੍ਰਧਾਨ ਮੰਤਰੀ' ਕਹਿੰਦੇ ਸਨ, ਉਹਨਾ ਦੀ ਆਲੋਚਨਾ ਕਰਿਆ ਕਰਦੇ ਸਨ, ਅੱਜ ਉਹਨਾ ਦੀ ਪ੍ਰਸੰਸਾ ਕਰ ਰਹੇ ਹਨ।

ਡਾ: ਮਨਮੋਹਨ ਸਿੰਘ ਸਾਦਗੀ ਦੇ ਮੁਜੱਸਮੇ ਸਨ। ਘੱਟ ਬੋਲਣ ਵਾਲੇ ਅਤੇ ਸ਼ਾਂਤ ਸੁਭਾਅ ਦੇ ਮਾਲਕ ਸਨ। ਉਹਨਾ ਨੇ ਸਦਾ ਸੱਚਾਈ ਉਤੇ ਯਕੀਨ ਕੀਤਾ। ਇਸੇ ਲਈ ਉਹਨਾ ਦਾ ਵਿਅਕਤੀਗਤ ਜੀਵਨ ਸਦਾ ਬੇਦਾਗ ਰਿਹਾ। ਉਹ ਵਿਵਹਾਰਿਕ ਰੂਪ 'ਚ ਜ਼ਮੀਨੀ ਨੇਤਾ ਨਹੀਂ ਸਨ।(ਉਹ ਕਦੇ ਵੀ ਲੋਕ ਸਭਾ ਦੀ ਚੋਣ ਨਾ ਜਿੱਤ ਸਕੇ।) ਪਰ ਦੇਸ਼ ਦੇ ਲੋਕਾਂ ਦੀ ਰਗ-ਰਗ ਨੂੰ ਪਛਾਨਣ ਵਾਲੀ ਸਖਸ਼ੀਅਤ ਸਨ।

ਉਹਨਾ ਦਾ ਲੋਕਾਂ ਪ੍ਰਤੀ ਅਥਾਹ ਪਿਆਰ ਸੀ। ਉਹ ਭਾਰਤੀ ਲੋਕਾਂ ਦੀਆਂ ਸਮੱਸਿਆਵਾਂ ਨੂੰ ਬਾਖ਼ੂਬੀ ਸਮਝਦੇ ਸਨ। ਇਸੇ ਲਈ ਉਹ ਦੇਸ਼ ਦੀ ਆਰਥਿਕ ਸਥਿਤੀ ਨੂੰ ਲੈ ਕੇ ਫਿਕਰਮੰਦ ਰਹਿੰਦੇ ਸਨ।

ਭਾਰਤ ਦੇ ਵਿੱਤ ਮੰਤਰੀ ਵਜੋਂ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਉਹਨਾ ਨੇ ਦੇਸ਼ 'ਚ ਉਦਾਰੀਕਰਨ ਦੀ ਨੀਤੀ ਲਿਆਂਦੀ। ਬਿਨ੍ਹਾਂ ਸ਼ੱਕ ਡਾ: ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਕਾਰਜਕਾਲ ਵਿੱਚ ਲਾਗੂ ਕੀਤੀਆਂ ਨੀਤੀਆਂ ਨਾਲ ਦੇਸ਼ ਨੇ ਵਿਕਾਸ ਦੀਆਂ ਵੱਡੀਆਂ ਪੁਲਾਘਾਂ ਪੁੱਟੀਆਂ, ਪਰ ਇਸਦੇ ਨਾਲ-ਨਾਲ ਇਹਨਾ ਨੀਤੀਆਂ ਨਾਲ ਗਰੀਬ-ਅਮੀਰ ਦਾ ਪਾੜਾ ਵਧਿਆ ਹੈ। ਡਾ: ਮਨਮੋਹਨ ਸਿੰਘ ਇਸ ਬਾਰੇ ਪੂਰੀ ਤਰ੍ਹਾਂ ਸੁਚੇਤ ਸਨ ਤੇ ਉਹਨਾ ਨੇ ਇਸ ਨੂੰ ਮੁੱਖ ਰੱਖਦਿਆਂ ਬਹੁਤ ਸਾਰੀਆਂ ਗਰੀਬ ਅਤੇ ਹੇਠਲੇ ਮੱਧ ਵਰਗ ਨੂੰ ਰਾਹਤ ਦੇਣ ਵਾਲੀਆਂ ਸਕੀਮਾਂ ਤੇ ਨੀਤੀਆਂ ਲਾਗੂ ਕੀਤੀਆਂ ਸਨ, ਜਿਹਨਾ ਨਾਲ ਕਿ ਭਾਰਤੀ ਸਮਾਜ ਵਿੱਚ ਵਧਦੇ ਆਰਥਿਕ ਪਾੜੇ ਨੂੰ ਘਟਾਇਆ ਜਾ ਸਕੇ।



ਡਾ: ਮਨਮੋਹਨ ਸਿੰਘ ਵਲੋਂ ਕੀਤੇ ਵਿਸ਼ੇਸ਼ ਕਾਰਜਾਂ, ਜਿਹਨਾ ਵਿੱਚ 'ਅਧਾਰ ਕਾਰਡ' ਵੀ ਸ਼ਾਮਲ ਹੈ, ਦੀ ਵਿਰੋਧੀ ਧਿਰ ਵਲੋਂ ਵਿਰੋਧਤਾ ਕੀਤੀ ਗਈ ਸੀ, ਪਰ ਇਸਨੂੰ ਲਾਗੂ ਕਰਨ ਲਈ ਡਾ: ਮਨਮੋਹਨ ਸਿੰਘ ਨੇ ਪਹਿਲ ਕਦਮੀ ਕੀਤੀ। ਉਹੀ ਵਿਰੋਧੀ ਧਿਰ (ਜਿਹੜੀ ਅੱਜ ਹਾਕਮ ਧਿਰ ਹੈ), ਇਸ ਆਧਾਰ ਕਾਰਡ ਨੂੰ ਪੂਰੇ ਦੇਸ਼ ਦੇ ਨਾਗਰਿਕਾਂ ਲਈ ਸ਼ਨਾਖ਼ਤੀ ਕਾਰਡ ਵਜੋਂ ਮੰਨਣ 'ਤੇ ਮਜਬੂਰ ਹੋਈ ਦਿਸਦੀ ਹੈ। ਇਹ ਅਧਾਰ ਕਾਰਡ ਉਸ ਵੇਲੇ ਸ਼ੁਰੂ ਕੀਤਾ ਗਿਆ ਸੀ, ਜਦੋਂ ਦੇਸ਼ ਦੇ ਨਾਗਰਿਕਾਂ ਕੋਲ ਕੋਈ ਸ਼ਨਾਖਤੀ ਕਾਰਡ ਹੀ ਨਹੀਂ ਸੀ, ਜਦਕਿ ਵਿਕਸਤ ਦੇਸ਼ ਆਪਣੇ ਨਾਗਰਿਕਾਂ ਲਈ ਖ਼ਾਸ ਨੰਬਰ ਜਾਰੀ ਕਰਦੇ ਹਨ, ਜੋ ਭਾਰਤ ਦੇ ਨਾਗਰਿਕਾਂ ਕੋਲ ਨਹੀਂ ਸੀ।

ਮਗਨਰੇਗਾ (ਮਹਾਤਮਾ ਗਾਂਧੀ ਨੈਸ਼ਨਲ ਰੂਰਲ ਇਮਪਲਾਇਮੈਂਟ ਗਰੰਟੀ ਐਕਟ) ਡਾ: ਮਨਮੋਹਨ ਸਿੰਘ ਵਲੋਂ ਸ਼ੁਰੂ ਕਰਵਾਈ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ ਸੀ, ਜਿਹੜੀ ਪੇਂਡੂ ਲੋਕਾਂ ਨੂੰ 100 ਦਿਨਾਂ ਦਾ ਕਾਨੂੰਨੀ ਰੁਜ਼ਗਾਰ ਦਿੰਦੀ ਸੀ। ਇਸ ਯੋਜਨਾ 'ਚ ਘੱਟੋ-ਘੱਟ ਮਜ਼ਦੂਰੀ 220 ਰੁਪਏ ਉਸ ਸਮੇਂ ਨੀਅਤ ਕੀਤੀ ਗਈ। ਪਰ ਕਿਉਂਕਿ ਡਾ: ਮਨਮੋਹਨ ਸਿੰਘ ਤੋਂ ਬਾਅਦ ਸਰਕਾਰ, ਭਾਜਪਾ ਅਤੇ ਉਹਨਾ ਦੇ ਸਹਿਯੋਗੀਆਂ ਹੱਥ ਆ ਗਈ, ਉਹਨਾ ਵਲੋਂ ਇਸ ਯੋਜਨਾ ਨੂੰ ਉਹ ਥਾਂ ਪ੍ਰਦਾਨ ਨਹੀਂ ਕੀਤੀ, ਜਿਹੜੀ ਇਸ ਪੇਂਡੂ ਰੁਜ਼ਗਾਰ ਯੋਜਨਾ ਲਈ ਲੋੜੀਂਦੀ ਸੀ। ਵਰ੍ਹੇ ਦਰ ਵਰ੍ਹੇ ਮਗਨਰੇਗਾ ਫੰਡਾਂ 'ਚ ਕਟੌਤੀ ਹੋਈ ਅਤੇ ਘੱਟੋ-ਘੱਟ ਰੋਜ਼ਾਨਾ ਦਿਹਾੜੀ ਵੀ ਵਧਾਈ ਨਹੀਂ ਗਈ। ਯਾਦ ਰੱਖਣਯੋਗ ਹੈ ਕਿ ਇਹ ਯੋਜਨਾ, ਦੁਨੀਆਂ ਦੀ ਸਭ ਤੋਂ ਵੱਡੀ ਰੁਜ਼ਗਾਰ ਯੋਜਨਾ ਹੈ।

ਡਾ: ਮਨਮੋਹਨ ਸਿੰਘ ਦੀ ਵੱਡੀ ਪ੍ਰਾਪਤੀ ਭਾਰਤੀ ਬੱਚਿਆਂ ਲਈ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਐਕਟ ਦਾ ਲਾਗੂ ਕੀਤਾ ਜਾਣਾ ਸੀ। ਇਸ ਐਕਟ ਨਾਲ ਉਹਨਾ ਗਰੀਬੀ ਵਰਗ ਦੇ ਲੋਕਾਂ ਨੂੰ ਰਾਹਤ ਮਿਲੀ, ਜਿਹਨਾ ਦੇ ਬੱਚਿਆਂ ਨੂੰ ਸਕੂਲ ਦਾ ਮੂੰਹ ਵੇਖਣਾ ਵੀ ਨਸੀਬ ਨਹੀਂ ਸੀ ਹੁੰਦਾ, ਹਾਲਾਂਕਿ ਸੰਵਿਧਾਨ ਵਿੱਚ ਦੇਸ਼ ਦੇ ਹਰ ਨਾਗਰਿਕ ਲਈ ਸਿੱਖਿਆ ਮੁਢਲਾ ਹੱਕ ਹੈ। ਬਿਨ੍ਹਾਂ ਸ਼ੱਕ ਇਸ ਐਕਟ ਨੂੰ ਅੱਗੋਂ "ਸਭ ਲਈ ਸਿੱਖਿਆ, ਪਰ ਸਭ ਲਈ ਬਰਾਬਰ ਦੀ ਸਿੱਖਿਆ" ਵਿੱਚ ਬਦਲਣਾ ਲੋੜੀਂਦਾ ਸੀ, ਪਰ ਦੇਸ਼ ਦੇ ਹੁਣ ਹਾਕਮ ਕਿਉਂਕਿ ਧੰਨ-ਕੁਬੇਰਾਂ, ਕਾਰਪੋਰੇਟਾਂ ਦੀਆਂ ਨੀਤੀਆਂ ਨੂੰ ਲਾਗੂ ਕਰਨ ਵਾਲੇ ਹਨ, ਉਹਨਾ ਲਈ ਲੋਕਾਂ ਦੀ ਸਿੱਖਿਆ, ਸਿਹਤ, ਚੰਗਾ ਵਾਤਾਵਰਨ ਕੋਈ ਮਾਅਨੇ ਨਹੀਂ ਰੱਖਦਾ। ਇਸ ਕਰਕੇ ਉਹਨਾ ਵਲੋਂ ਅੱਗੋਂ ਕਦਮ ਹੀ ਨਹੀਂ ਪੁੱਟੇ ਗਏ। ਸਗੋਂ ਸਿੱਖਿਆ ਦੇ ਨਿੱਜੀਕਰਨ ਵੱਲ ਕਦਮ ਵਧਾਏ।

ਡਾ: ਮਨਮੋਹਨ ਸਿੰਘ ਵਲੋਂ ਲਾਗੂ ਕੀਤਾ ਨੈਸ਼ਨਲ ਫੂਡ ਸਕਿਉਰਿਟੀ ਐਕਟ ਦੇਸ਼ ਦੇ ਹਰ ਨਾਗਰਿਕ ਲਈ ਭੋਜਨ ਅਤੇ ਸੰਤੁਲਿਤ ਭੋਜਨ ਦੇਣ ਦੀ ਸ਼ਾਅਦੀ ਭਰਦਾ ਹੈ ਤਾਂ ਕਿ ਦੇਸ਼ ਦਾ ਆਮ ਨਾਗਰਿਕ ਭੁੱਖਾ ਨਾ ਸੌਂਵੇ ਅਤੇ ਭੋਜਨ ਉਸਦੀ ਪਹੁੰਚ 'ਚ ਹੋਵੇ। ਇਸ ਐਕਟ ਦੇ ਤਹਿਤ 81।34 ਕਰੋੜ ਭਾਰਤੀ ਲੋਕਾਂ ਨੂੰ ਇੱਕ ਜਾਂ ਦੋ ਰੁਪਏ ਕਿਲੋ ਕੀਮਤ ਉਤੇ ਅਨਾਜ ਮੁਹੱਈਆਂ ਕੀਤਾ ਗਿਆ। ਇਸ ਐਕਟ ਦੇ ਲਾਗੂ ਹੋਣ ਦੇ 10 ਸਾਲਾਂ ਬਾਅਦ ਤੱਕ ਵੀ ਇੱਕ ਸਰਵੇ ਅਨੁਸਾਰ 19 ਕਰੋੜ ਇਹੋ ਜਿਹੇ ਲੋਕ ਹਨ, ਜਿਹੜੇ ਅੱਜ ਵੀ ਭੁੱਖਮਰੀ ਦਾ ਸ਼ਿਕਾਰ ਹਨ। ਔਰਤਾਂ ਅਨੀਮੀਆ ਦਾ ਸ਼ਿਕਾਰ ਹਨ। ਬੱਚਿਆਂ ਨੂੰ ਸੰਤੁਲਿਤ ਭੋਜਨ ਨਹੀਂ ਮਿਲਦਾ। ਕਾਰਨ ਭਾਵੇਂ ਹੋਰ ਬਥੇਰੇ ਹੋ ਸਕਦੇ ਹਨ, ਪਰ ਵੱਡਾ ਕਾਰਨ ਦੇਸ਼ ਵਿੱਚ ਬੇਰੁਜ਼ਗਾਰੀ ਹੈ। ਕੰਮ ਦੀ ਘਾਟ ਹੈ। ਪਰ ਸਰਕਾਰ ਇਸ ਮਾਮਲੇ 'ਤੇ ਬੇਫ਼ਿਕਰ ਹੈ ਅਤੇ ਚੁੱਪ ਹੈ।

ਪਰ ਡਾ: ਮਨਮੋਹਨ ਸਿੰਘ ਕਿਉਂਕਿ ਲੋਕ ਹਿੱਤਾਂ ਦੀ ਰਾਖੀ ਕਰਨ ਵਾਲੇ ਜਾਣੇ ਜਾਂਦੇ ਸਨ, ਇਸੇ ਕਰਕੇ ਉਹਨਾ ਨੇ ਇਹੋ ਜਿਹੇ ਕਾਨੂੰਨ ਚੁੱਪ-ਚੁਪੀਤੇ ਪੂਰੀ ਮਿਹਨਤ ਅਤੇ ਸ਼ਿੱਦਤ ਨਾਲ ਬਣਾਏ, ਜਿਹਨਾ ਦਾ ਵਾਸਤਾ ਸਿੱਧਾ ਆਮ ਲੋਕਾਂ ਨਾਲ ਸੀ। ਉਹਨਾ ਸਭਨਾ ਕਾਰਜਾਂ ਦੇ ਵਿੱਚ ਇੱਕ ਕਾਰਜ ਇਹੋ ਜਿਹਾ ਸੀ, ਜਿਹੜਾ ਦੇਸ਼ ਦੇ ਹਰ ਨਾਗਰਿਕ ਨੂੰ ਹਰ ਕਿਸਮ ਦੀ ਸੂਚਨਾ ਲੈਣ ਦਾ ਅਧਿਕਾਰ ਦਿੰਦਾ ਸੀ। ਸੂਚਨਾ ਦੇ ਅਧਿਕਾਰ ਨੇ ਵੱਡੇ ਧੁਰੰਤਰਾਂ ਦੇ ਪੋਲ ਖੋਲ੍ਹੇ। ਅਧਿਕਾਰੀ ਅਤੇ ਵੱਡੇ ਸਿਆਸੀ ਘਾਗ ਜਿਹੜੇ ਆਪਣੇ ਕੀਤੇ ਬੁਰੇ ਕੰਮਾਂ ਨੂੰ ਲੁਕਾਉਣ ਲਈ ਜਾਣੇ ਜਾਂਦੇ ਸਨ, ਉਹਨਾ ਦਾ ਪਰਦਾ ਇਸ ਕਾਨੂੰਨ ਨਾਲ ਨੰਗਾ ਹੋਇਆ। ਭਾਵੇਂ ਕਿ ਇਸ ਸੂਚਨਾ ਦੇ ਅਧਿਕਾਰ ਨੂੰ ਅੱਜ ਬਹੁਤੀ ਅਹਿਮੀਅਤ ਨਹੀਂ ਦਿੱਤੀ ਜਾਂਦੀ ਅਤੇ ਅਧਿਕਾਰੀ ਸੂਚਨਾਵਾਂ ਦੇਣ ਲਈ ਟਾਲ ਮਟੋਲ ਕਰਦੇ ਹਨ, ਪਰ ਇਸ ਐਕਟ ਨੇ ਲੋਕਾਂ ਲਈ ਇਨਸਾਫ਼ ਲੈਣ ਦਾ ਰਾਹ ਖੋਲਿਆ। ਆਪਣੇ ਰਾਜ ਭਾਗ ਦੇ ਅੰਤਲੇ ਸਮੇਂ ਦੌਰਾਨ ਲੋਕ ਪਾਲ ਬਿੱਲ ਪਾਸ ਕਰਕੇ ਡਾ: ਮਨਮੋਹਨ ਸਿੰਘ ਨੇ ਵਿਖਾ ਦਿੱਤਾ ਸੀ ਕਿ ਉਹ ਦੇਸ਼ ਵਿੱਚ ਪਾਰਦਰਸ਼ਤਾ ਦੇ ਵੱਡੇ ਹਾਮੀ ਹਨ। ਉਹਨਾ ਦੀ ਸਰਕਾਰ ਉਤੇ ਵਿਰੋ-ਧੀਆਂ ਵਲੋਂ ਇਸ ਬਿੱਲ ਨੂੰ ਪਾਸ ਕਰਨ ਵਾਸਤੇ ਵੱਡਾ ਦਬਾਅ ਪਾਇਆ ਹੋਇਆ ਸੀ, ਪਰ ਇਹ ਲੋਕ ਪਾਲ ਬਿੱਲ ਦੇਸ਼ ਵਿੱਚ ਅਤੇ ਕਈ ਸੂਬਿਆਂ ਦੀਆਂ ਸਰਕਾਰਾਂ ਵਲੋਂ ਪਾਸ ਹੋਣ ਦੇ ਬਾਵਜੂਦ ਵੀ ਲਾਗੂ ਨਹੀਂ ਕੀਤਾ ਗਿਆ, ਕਿਉਂਕਿ ਇਹ ਸਿਆਸੀ ਲੋਕਾਂ ਦੇ ਦਾਗੀ ਚਿਹਰੇ ਨੰਗੇ ਕਰਨ ਵਾਲਾ ਐਕਟ ਸੀ।

ਡਾ: ਮਨਮੋਹਨ ਸਿੰਘ ਆਪਣੇ ਸੁਭਾਅ ਅਨੁਸਾਰ, ਦ੍ਰਿੜਤਾ ਨਾਲ ਦੇਸ਼ ਨੂੰ ਪਾਰਦਰਸ਼ੀ ਰਾਜ ਪ੍ਰਬੰਧ ਦੇਣ ਦਾ ਯਤਨ ਕਰਦੇ ਰਹੇ, ਦੇਸ਼ ਨੂੰ ਬੁਲੰਦੀਆਂ ਤੇ ਪਹੁੰਚਾਉਣ ਲਈ ਸਕੀਮਾਂ ਘੜਦੇ ਰਹੇ, ਲੋਕ ਭਲਾਈ ਕਾਰਜਾਂ ਨੂੰ ਸਿਰੇ ਲਾਉਣ ਲਈ ਸੰਵਿਧਾਨ ਅਨੁਸਾਰ ਨੀਤੀਆਂ ਬਣਾਉਂਦੇ ਰਹੇ ਅਤੇ ਮਾਣ ਵਾਲੀ ਗੱਲ ਇਹ ਕਿ ਆਪਣੇ ਵਿਰੋਧੀਆਂ ਦੇ ਹੋ-ਹਲਿਆਂ ਦੇ ਬਾਵਜੂਦ ਸਾਹਸ ਨਾਲ ਉਹਨਾ ਦਾ ਮੁਕਾਬਲਾ ਵੀ ਕਰਦੇ ਰਹੇ।

ਡਾ: ਮਨਮੋਹਨ ਸਿੰਘ ਜਿਹੀ ਸਖ਼ਸ਼ੀਅਤ ਉਤੇ ਮਰਨ ਉਪਰੰਤ ਵਿਸ਼ਵ ਪੱਧਰੀ ਇਸ ਸਖ਼ਸ਼ੀਅਤ ਦੀ ਸਮਾਰਕ ਬਣਾਉਣ ਉਤੇ ਵਿਵਾਦ ਉਤਨਾ ਹੀ ਨਿੰਦਣਯੋਗ ਹੈ, ਜਿੰਨਾ ਨਿੰਦਣਯੋਗ ਉਹਨਾ ਦੇ ਅੰਤਿਮ ਸਸਕਾਰ ਲਈ ਰਾਜ ਘਾਟ ਵਿਖੇ ਸਥਾਨ ਨਾ ਦੇਣਾ, ਕਿਉਂਕਿ ਹੁਣ ਤੱਕ ਸਾਰੇ ਸਾਬਕਾ ਪ੍ਰਧਾਨ ਮੰਤਰੀਆਂ ਦੇ ਰੁਤਬੇ ਦਾ ਸਨਮਾਨ ਕਰਦੇ ਹੋਏ ਸਸਕਾਰ ਅਧਿਕਾਰਤ ਸਮਾਧੀ ਵਾਲੀਆਂ ਥਾਵਾਂ ਉਤੇ ਹੀ ਕੀਤੇ ਗਏ, ਤਾਂ ਜੋ ਹਰ ਵਿਅਕਤੀ ਦਰਸ਼ਨ ਕਰ ਸਕੇ। ਮੰਨਿਆ ਜਾ ਰਿਹਾ ਹੈ ਕਿ ਸਰਕਾਰ ਨੇ ਇੰਜ ਨਾ ਕਰਕੇ ਉਹਨਾ ਦਾ ਨਿਰਾਦਰ ਕੀਤਾ ਹੈ। ਡਾ: ਮਨਮੋਹਨ ਸਿੰਘ ਨੇ ਆਪਣੀ ਮਿਹਨਤ, ਲਗਨ ਅਤੇ ਪ੍ਰਤਿਭਾ ਦੇ ਜ਼ੋਰ ਨਾਲ ਜਗਤ ਪ੍ਰਸਿੱਧ ਯੂਨੀਵਰਸਿਟੀ ਕੈਂਬਰਿਜ਼, ਆਕਸਫੋਰਡ ਵਿੱਚ ਉੱਚ ਡਿਗਰੀਆਂ ਪ੍ਰਾਪਤ ਕੀਤੀਆਂ। ਉਹ ਭਾਰਤ ਸਰਕਾਰ ਦੇ ਸਲਾਹਕਾਰ , ਵਿੱਤ ਮੰਤਰਾਲੇ ਦੇ ਮੁੱਖ ਸਲਾਹਕਾਰ, ਯੋਜਨਾ ਆਯੋਗ ਦੇ ਮੈਂਬਰ, ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ, ਫਿਰ ਵਿੱਤ ਮੰਤਰੀ ਅਤੇ ਪ੍ਰਧਾਨ ਮੰਤਰੀ ਬਣੇ।

ਉਹ ਜ਼ਿੰਦਗੀ ਭਰ ਆਪਣੇ-ਆਪ ਨੂੰ ਦੇਸ਼ ਦਾ ਕਰਜ਼ਦਾਰ ਸਮਝਦੇ ਰਹੇ ਕਿ ਦੇਸ਼ ਦੀ ਵੰਡ ਦੇ ਬਾਅਦ ਇੱਕ ਬੇਘਰ ਹੋਏ ਆਦਮੀ ਨੂੰ ਦੇਸ਼ ਨੇ ਉੱਚ ਅਹੁਦੇ ਉਤੇ ਬਿਰਾਜਮਾਨ ਕੀਤਾ।

# ਪੰਜਾਬੀਓ/ਕਿਸਾਨ ਭਰਾਵੋ ਜਗਜੀਤ ਸਿੰਘ ਡੱਲੇਵਾਲ ਨੂੰ ਬਚਾ ਲਓ: ਪੰਜਾਬ ਬਚ ਜਾਵੇਗਾ

(ਸਫਾ 19 ਦੀ ਬਾਕੀ)

ਕਿਸਾਨ ਅੰਦੋਲਨ ਵਿੱਚ ਸਾਰੇ ਇਕੱਠੇ ਹੋ ਸਕਦੇ ਸਨ ਤਾਂ ਇਨ੍ਹਾਂ ਜਿਹੜੀਆਂ ਦੋ ਡੱਲੇਵਾਲ ਤੇ ਪੰਧੇਰ ਜਥੇਬੰਦੀਆਂ ਨੇ ਅੰਦੋਲਨ ਸ਼ੁਰੂ ਕੀਤਾ ਹੈ, ਅੰਦੋਲਨ ਸ਼ੁਰੂ ਕਰਨ ਤੋਂ ਪਹਿਲਾਂ ਸਾਰਿਆਂ ਨੂੰ ਨਾਲ ਲੈ ਕੇ ਚਲਣ ਲਈ ਕਿਉਂ ਨਹੀਂ ਕੋਸ਼ਿਸ਼ ਕੀਤੀ ਸੀ? ਜੇ ਕੋਸ਼ਿਸ਼ ਵਿੱਚ ਅਸਫਲ ਹੋਏ ਤਾਂ ਫਿਰ ਇਕੱਲਿਆਂ ਅੰਦੋਲਨ ਸ਼ੁਰੂ ਨਹੀਂ ਸੀ ਕਰਨਾ ਚਾਹੀਦਾ। ਮਰਨ ਵਰਤ ਕਿਸੇ ਸਮੱਸਿਆ ਦਾ ਹਲ ਨਹੀਂ ਹੁੰਦਾ। ਗੱਲਬਾਤ ਹੀ ਇੱਕੋ-ਇੱਕ ਰਾਹ ਸਮਝੌਤਾ ਕਰਨ ਦਾ ਹੁੰਦਾ ਹੈ। ਇਹ ਤਾਂ ਮੰਨਿਆਂ ਜਾ ਸਕਦਾ ਹੈ ਕਿ ਅੰਦੋਲਨ ਸ਼ੁਰੂ ਕਰਨ ਵਾਲੇ ਕਿਸਾਨ, ਕਿਸਾਨ ਸਮੱਸਿਆਵਾਂ ਦਾ ਹੱਲ ਚਾਹੁੰਦੇ ਹਨ ਪ੍ਰੰਤੂ ਇਕੱਲਿਆਂ ਕੁਝ ਵੀ ਪ੍ਰਾਪਤ ਕਰਨਾ ਅਸੰਭਵ ਹੈ। ਹੁਣ ਐਨ ਮੌਕੇ 'ਤੇ ਬਾਕੀ ਜਥੇਬੰਦੀਆਂ ਨੂੰ ਨਾਲ ਚਲਣ ਲਈ ਕਿਹਾ ਜਾ ਰਿਹਾ ਹੈ। ਬਾਕੀ ਜਥੇਬੰਦੀਆਂ ਉਨ੍ਹਾਂ ਨਾਲ ਇਸ ਕਰਕੇ ਨਹੀਂ ਚਲ ਰਹੀਆਂ, ਕਿਉਂਕਿ ਜੇਕਰ ਕੇਂਦਰ ਸਰਕਾਰ ਨੇ ਮੰਗਾਂ ਮੰਨ ਲਈਆਂ ਤਾਂ ਕਰੈਡਿਟ ਅੰਦੋਲਨ ਸ਼ੁਰੂ ਵਾਲੀਆਂ ਜਥੇਬੰਦੀਆਂ ਨੂੰ ਜਾਵੇਗਾ। ਅੰਦੋਲਨ ਕਰ ਰਹੀਆਂ ਜਥੇਬੰਦੀਆਂ ਤੋਂ ਇਲਾਵਾ ਬਾਕੀ ਜਥੇਬੰਦੀਆਂ ਕਿਸਾਨੀ ਦਾ ਭਲਾ ਤਾਂ ਚਾਹੁੰਦੀਆਂ ਹਨ ਪ੍ਰੰਤੂ ਉਨ੍ਹਾਂ ਦੀ ਪੋਜ਼ੀਸ਼ਨ ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ ਵਾਲੀ ਬਣੀ ਹੋਈ ਹੈ। ਅੱਗੇ ਖੂਹ ਤੇ ਪਿੱਛੇ ਖਾਈ ਹੈ, ਉਹ ਜਾਣ ਤਾਂ ਕਿਧਰ ਜਾਣ। ਜੇਕਰ ਦੂਰ ਅੰਦੇਸ਼ੀ ਨਾਲ ਵੇਖਿਆ ਜਾਵੇ ਤਾਂ ਦੋ ਧੜਿਆਂ ਦੀ ਗੱਲ ਨੂੰ ਕੇਂਦਰ ਸਰਕਾਰ ਦਾ ਮੰਨਣਾ ਅਸੰਭਵ ਲੱਗਦਾ ਹੈ, ਹਾਂ ਜੇਕਰ ਸਾਰੇ ਇੱਕਮਤ ਹੋ ਜਾਣ ਫਿਰ ਤਾਂ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ। ਸਵਾਲ ਤਾਂ ਉਹੀ ਮੁੜ-ਘਿੜ ਕਰੈਡਿਟ ਦਾ ਆਉਂਦਾ ਹੈ। ਪੰਜਾਬੀਆਂ ਖਾਸ ਤੌਰ 'ਤੇ ਕਿਸਾਨਾ ਨੂੰ ਯਾਦ ਹੋਵੇਗਾ ਮਰਹੂਮ ਦਰਸ਼ਨ ਸਿੰਘ ਫੇਰੂਵਾਲ ਨੇ ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇਣ ਲਈ ਕੇਂਦਰ ਸਰਕਾਰ ਦੇ ਵਿਰੁੱਧ ਮਰਨ ਵਰਤ ਰੱਖਿਆ ਸੀ। 70 ਦਿਨ ਬਾਅਦ ਉਹ ਸਵਰਗ ਸਿਧਾਰ ਗਏ ਸਨ। ਕੇਂਦਰ ਸਰਕਾਰ ਦੇ ਅਜੇ ਤੱਕ ਕੰਨਾਂ 'ਤੇ ਜੂੰ ਨਹੀਂ ਸਰਕੀ, ਪਰਨਾਲਾ ਉਥੇ ਦਾ ਉਥੇ ਹੀ ਹੈ। ਦਰਸ਼ਨ ਸਿੰਘ ਫੇਰੂਮਾਨ ਦੇ ਸਸਕਾਰ 'ਤੇ ਜਾਣ ਤੋਂ ਵੀ ਲੋਕਾਂ ਨੂੰ ਰੋਕਿਆ ਗਿਆ ਸੀ। ਉਦੋਂ ਤੋਂ ਅੱਜ ਤੱਕ ਦਰਸ਼ਨ ਸਿੰਘ ਫੇਰੂਮਾਨ ਨੂੰ ਕਿਸੇ ਨੇ ਯਾਦ ਤੱਕ ਨਹੀਂ ਕੀਤਾ। ਅਜੇ ਵੀ ਕਿਸਾਨ ਨੇਤਾ ਅੰਤਰਝਾਤ ਮਾਰਕੇ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਵਿੱਚ ਵਿਚਾਲੇ ਪੈ ਕੇ ਖ਼ਤਮ ਕਰਵਾ ਦੇਣ, ਉਨ੍ਹਾਂ ਦੀ ਆਹੂਤੀ ਨਾ ਦਿੱਤੀ ਜਾਵੇ। ਪੰਜਾਬ ਨੇ ਪਹਿਲਾਂ ਹੀ ਬਹੁਤ ਸੰਤਾਪ ਭੋਗਿਆ ਹੈ। ਕਿਸਾਨ ਤਾਂ ਪਹਿਲਾਂ ਹੀ ਕਿਸਾਨ ਮਾਰੂ ਨੀਤੀਆਂ ਕਰਕੇ ਮਾਰੇ ਪਏ ਹਨ।

ਸਰਕਾਰ ਤਾਂ ਉਨ੍ਹਾਂ ਨੂੰ ਮਾਰਨਾ ਹੀ ਚਾਹੁੰਦੀ ਹੈ, ਫਿਰ ਆਪ ਹੀ ਕਿਉਂ ਮਰਿਆ ਜਾਵੇ? ਤੁਸੀਂ ਕਿਸਾਨ ਭਰਾਵੋ ਇਹ ਸੋਚੋ ਕਿ ਸੜਕਾਂ ਤਾਂ ਹਰਿਆਣਾ ਸਰਕਾਰ ਨੇ ਰੋਕੀਆਂ ਹੋਈਆਂ ਹਨ, ਪ੍ਰਚਾਰ ਸੁਪਰੀਮ ਕੋਰਟ ਤੱਕ ਇਹ ਕੀਤਾ ਜਾ ਰਿਹਾ ਹੈ ਕਿ ਕਿਸਾਨਾ ਨੇ ਰਸਤੇ ਰੋਕੇ ਹੋਏ ਹਨ। ਸੁਪਰੀਮ ਕੋਰਟ ਨੇ ਪੰਜਾਬ ਸਰਕਾਰ 'ਤੇ ਜਗਜੀਤ ਸਿੰਘ ਡੱਲੇਵਾਲ ਨੂੰ ਹਸਪਤਾਲ ਦਾਖ਼ਲ ਕਰਵਾਉਣ ਦਾ ਹੁਕਮ ਕਰਕੇ, ਇੱਕ ਹੋਰ ਨਵੀਂ ਸਮੱਸਿਆ ਖੜ੍ਹੀ ਕਰ ਦਿੱਤੀ ਹੈ। ਜੇ ਸਰਕਾਰ ਜ਼ਬਰਦਸਤੀ ਕਰੇਗੀ ਤਾਂ ਹਾਲਾਤ ਖ਼ਰਾਬ ਹੋਣ ਦੇ ਖ਼ਦਸ਼ੇ ਹਨ। ਪੰਜਾਬ ਸਰਕਾਰ ਵੀ ਕਸੂਤੀ ਫਸ ਗਈ ਹੈ। ਜੇ ਕਿਸਾਨਾ ਨੇ ਇਨਸਾਫ਼ ਲੈਣਾ ਹੈ ਤਾਂ ਪਹਿਲਾਂ ਦੀ ਤਰ੍ਹਾ ਸਾਰੇ ਇੱਕਮੁੱਠ ਹੋ ਕੇ ਯੋਜਨਾਬੱਧ ਢੰਗ ਨਾਲ ਅੰਦੋਲਨ ਸ਼ੁਰੂ ਕੀਤਾ ਜਾਵੇ। ਪਹਿਲੇ ਅੰਦੋਲਨ ਵਿੱਚ ਤਾਂ ਸੰਸਾਰ ਵਿੱਚੋਂ ਕਿਸਾਨ ਅੰਦੋਲਨ ਨੂੰ ਪੂਰੀ ਸਮਾਜਿਕ ਅਤੇ ਆਰਥਿਕ ਸਪੋਰਟ ਸੀ। ਸਮਾਜ ਦਾ ਹਰ ਵਰਗ ਵਿਓਪਾਰੀ, ਪੱਲੇਦਾਰ, ਆੜ੍ਹਤੀਆ, ਗ਼ਰੀਬ, ਅਮੀਰ, ਮਜ਼ਦੂਰ ਇਥੋਂ ਤੱਕ ਕਿ ਕਿਸਾਨ ਅੰਦੋਲਨ ਵਿੱਚ ਸ਼ਾਮਲ ਹੋਣ ਲਈ ਹਰ ਇਨਸਾਨ ਇੱਕ ਦੂਜੇ ਤੋਂ ਮੂਹਰੇ ਹੋ ਪਵਿਤਰ ਕਾਰਜ਼ ਸਮਝਦਿਆਂ ਸ਼ਾਮਲ ਹੁੰਦਾ ਸੀ। ਅੱਜ ਉਹ ਪੋਜ਼ੀਸ਼ਨ ਨਹੀਂ ਹੈ। ਲੋਕ ਸੜਕਾਂ ਰੋਕਣ ਨੂੰ ਵੀ ਚੰਗਾ ਨਹੀਂ ਸਮਝ ਰਹੇ। ਭਾਵੇਂ 30 ਦਸੰਬਰ ਦੀ ਹੜਤਾਲ ਪੂਰਨ ਸਫਲ ਰਹੀ ਹੈ। ਜੇ ਹੜਤਾਲ ਕਰਨ ਲਈ ਇਕੱਠੇ ਹੋ ਸਕਦੇ ਤਾਂ ਵੈਸੇ ਕਿਉਂ ਨਹੀਂ? ਆਪੋ ਆਪਣੀ ਡਫਲੀ ਵਜਾਉਣ ਨਾਲ ਸਫਲਤਾ ਬਿਲਕੁਲ ਨਹੀਂ ਮਿਲ ਸਕਦੀ। ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਜਗਜੀਤ ਸਿੰਘ ਡੱਲੇਵਾਲ ਦੀ ਜ਼ਿੰਦਗੀ ਨੂੰ ਬਚਾ ਲਓ। ਪੰਜਾਬੀਆਂ ਦੀ ਆਰਥਿਕ ਹਾਲਤ ਹੁਣ ਵੀ ਬਹੁਤੀ ਚੰਗੀ ਨਹੀਂ ਜੇ ਮੰਦਭਾਗੀ ਘਟਨਾ ਵਾਪਰ ਗਈ ਤਾਂ ਹੋਰ ਨਿਘਾਰ ਹੋ ਜਾਵੇਗਾ। ਪੰਜਾਬ ਦੇ ਬੁੱਧੀਜੀਵੀਆਂ ਨੇ ਜਿਵੇਂ ਪਹਿਲੇ ਕਿਸਾਨ ਅੰਦਲਨ ਵਿੱਚ ਭੂਮਿਕਾ ਨਿਭਾਈ ਸੀ ਹੁਣ ਵੀ ਉਨ੍ਹਾਂ ਨੂੰ ਦਖ਼ਲਅੰਦਾਜ਼ੀ ਕਰਕੇ ਇਹ ਮਰਨ ਵਰਤ ਖ਼ਤਮ ਕਰਵਾਉਣਾ ਚਾਹੀਦਾ ਹੈ।

# ਮੁਹੰਮਦ ਰਫ਼ੀ ਦੇ ਪੁੱਤਰ ਸਾਹਿਦ ਰਫੀ ਨੂੰ ਕੀਤਾ ਸਨਮਾਨਿਤ

**ਮੰਡੀ ਗੋਬਿੰਦਗੜ੍ਹ-** ਯਾਦਗਰ-ਏ-ਰਫ਼ੀ ਸੁਸਾਇਟੀ ਵੱਲੋਂ ਮੁਹੰਮਦ ਰਫੀ ਮੈਮੋਰੀਅਲ ਨਾਈਟ-2024 ਨਾਲ ਪ੍ਰਸਿੱਧ ਗਾਇਕ ਮੁਹੰਮਦ ਰਫ਼ੀ ਨੂੰ ਉਨ੍ਹਾਂ ਦੀ 100ਵੀਂ ਜਨਮ ਸ਼ਤਾ-ਬਦੀ ਮਨਾ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਸਮਾਗਮ ਵਿੱਚ ਮੁਹੰਮਦ ਰਫੀ ਦੁਆਰਾ ਗਾਏ ਗਏ ਪ੍ਰਸਿੱਧ ਗੀਤਾਂ ਦੀ ਪੇਸ਼ਕਾਰੀ ਦੇ ਨਾਲ ਰੂਹਾਨੀ ਧੁਨਾਂ ਦੀ ਇੱਕ ਮਨਮੋਹਕ ਸ਼ਾਮ ਪੇਸ਼ ਕੀਤੀ ਗਈ।

ਇਸ ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਮੁੱਖ ਮਹਿਮਾਨ ਅਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ: ਜ਼ੋਰਾ ਸਿੰਘ ਅਤੇ ਪ੍ਰੋ-ਚਾਂਸਲਰ ਡਾ: ਤਜਿੰਦਰ ਕੌਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਰਫ਼ੀ ਸਾਹਿਬ ਨੂੰ ਸ਼ਰਧਾਂਜਲੀ ਭੇਟ ਕੀਤੀ। ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ ’ਤੇ ਪਹੁੰਚੇ ਮੁਹੰਮਦ ਰਫ਼ੀ ਸਾਹਿਬ ਦੇ ਪੁੱਤਰ ਸਾਹਿਦ ਰਫੀ ਉਹਨਾਂ ਦੀ ਪਤਨੀ ਫਿਰਦੌਸ ਰਫੀ ਅਤੇ ਮੰਤਰੀ ਹਰਭਜਨ ਸਿੰਘ ਦਾ ਚਾਂਸਲਰ ਡਾ। ਜ਼ੋਰਾ ਸਿੰਘ ਅਤੇ ਪ੍ਰੋ-ਚਾਂਸਲਰ ਡਾ। ਤਜਿੰਦਰ ਕੌਰ ਵਲੋਂ ਸਨਮਾਨ ਕੀਤਾ ਗਿਆ। ਦੂਜੇ ਪਾਸੇ ਡਾ: ਜ਼ੋਰਾ ਸਿੰਘ ਨੂੰ ਯਾਦਗਰ-ਏ-ਰਫ਼ੀ ਸੁਸਾਇਟੀ ਵੱਲੋਂ ਸਾਹਿਦ ਰਫ਼ੀ ਤੇ ਜਨਰਲ ਸਕੱਤਰ ਬੀ ਡੀ ਸ਼ਰਮਾ ਦੁਆਰਾ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ: ਜ਼ੋਰਾ ਸਿੰਘ ਨੇ ਮੁਹੰਮਦ ਰਫੀ ਨੂੰ ਉੱਤਮਤਾ ਅਤੇ ਨਿਮਰਤਾ ਦੇ ਪ੍ਰਤੀਕ ਵਜੋਂ, ਅਜਿਹੇ ਸੱਭਿਆਚਾਰਕ ਪ੍ਰਤੀਕਾਂ ਨੂੰ ਯਾਦ ਕਰਨ ਅਤੇ ਸਨਮਾਨਿਤ ਕਰਨ ਦੀ ਮਹੱਤਤਾ ’ਤੇ ਜ਼ੋਰ ਦਿੱਤਾ। ਡਾ। ਤਜਿੰਦਰ ਕੌਰ ਨੇ ਰਫੀ ਸਾਹਿਬ ਦੇ ਸੰਗੀਤ ਦੀ ਸਦੀਵੀ ਯਾਦ ਨੂੰ ਉਜਾਗਰ ਕਰਦੇ ਹੋਏ ਇਸ ਨੂੰ ਪੀੜ੍ਹੀਆਂ ਤੋਂ ਪਾਰ ਦਾ ਖਜ਼ਾਨਾ ਦੱਸਿਆ। ਸਮਾਗਮ ਵਿੱਚ ਬਾਰ ਕੌਂਸਲ ਆਫ਼ ਇੰਡੀਆ ਦੇ ਮੈਂਬਰ ਸੁਵੀਰ ਸਿੱਧੂ ਸਮੇਤ ਸੰਜੀਵ ਕੁਮਾਰ, ਡੀਜੀਐਮ ਯੂਨੀਅਨ ਬੈਂਕ; ਐਸਐਮਐਸ ਸੰਧੂ, ਇਨਫੋਟੈਕ ਪੰਜਾਬ ਦੇ ਸਾਬਕਾ ਚੇਅਰਮੈਨ; ਡਾ: ਸੁਰਜੀਤ ਕੌਰ ਪਥੇਜਾ, ਡਾਇਰੈਕਟਰ ਮੀਡੀਆ ਡੀ।ਬੀ।ਯੂ। ਜਸਬੀਰ ਮੱਗੂ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੀ ਹਾਜ਼ਰੀ ਭਰੀ।



# ਡਾ. ਮਨਮੋਹਨ ਸਿੰਘ ਦੇ ਤੁਰ ਜਾਣ ਨਾਲ ਇੱਕ ਸੁਨਹਿਰੀ ਯੁਗ ਦਾ ਅੰਤ




ਉਜਾਗਰ ਸਿੰਘ
91-94178 13072

ਡਾ. ਮਨਮੋਹਨ ਸਿੰਘ ਦੇ ਤੁਰ ਜਾਣ ਨਾਲ ਇੱਕ ਯੁਗ ਦਾ ਅੰਤ ਹੋ ਗਿਆ। ਉਹ ਕਰਮਯੋਗੀ ਸਨ, ਜਿਨ੍ਹਾਂ ਸਾਰੀ ਉਮਰ ਸਾਦਗੀ ਦਾ ਪੱਲਾ ਨਹੀਂ ਛੱਡਿਆ। ਸੰਸਾਰ ਵਿੱਚ ਸਭ ਤੋਂ ਵੱਧ ਇਮਾਨਦਾਰੀ, ਕਾਬਲੀਅਤ ਅਤੇ ਸਾਦਗੀ ਦੇ ਪ੍ਰਤੀਕ ਦੇ ਤੌਰ ਤੇ ਸਤਿਕਾਰੇ ਜਾਣ ਵਾਲੇ ਇਨਸਾਨ ਜੋ ਭਾਰਤ ਦੀ ਸਿਆਸਤ ਵਿਚ ਇਮਾਨਦਾਰੀ ਦਾ ਧਰੂ ਤਾਰਾ ਕਰਕੇ ਜਾਣੇ ਜਾਂਦੇ ਸਨ, ਡਾ ਮਨਮੋਹਨ ਸਿੰਘ 26 ਦਸੰਬਰ 2024 ਨੂੰ 92 ਸਾਲ ਦੀ ਉਮਰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਹ ਸੰਸਾਰ ਵਿਚ ਇਮਾਨਦਾਰੀ ਦੇ ਪ੍ਰਤੀਕ ਦੇ ਤੌਰ ਪ੍ਰਸਿੱਧੀ ਪ੍ਰਾਪਤ ਆਰਥਿਕ ਮਾਹਿਰ ਸਿਆਸਤਦਾਨਾ ਲਈ ਰਾਹ ਦਸੇਰਾ ਬਣਕੇ ਵਿਚਰਦੇ ਰਹੇ। ਭਾਰਤ ਦੇ ਭਰਿਸ਼ਟ ਨਿਜ਼ਾਮ ਵਿਚ ਡਾ.ਮਨਮੋਹਨ ਸਿੰਘ ਆਪਣੀ ਕਾਬਲੀਅਤ, ਇਮਾਨਦਾਰੀ, ਦਿਆਨਤਦਾਰੀ, ਸੰਵੇਦਨਸ਼ੀਲਤਾ, ਸ਼ਹਿਨਸ਼ੀਲਤਾ ਅਤੇ ਸਾਦਗੀ ਕਰਕੇ ਦਿਨ ਨੂੰ ਸੂਰਜ ਦੀ ਤਰ੍ਹਾਂ ਅਤੇ ਰਾਤ ਨੂੰ ਧਰੂ ਤਾਰੇ ਦੀ ਤਰ੍ਹਾਂ ਚਮਕਦੇ ਰਹੇ ਹਨ। ਭਾਵੇਂ ਭਾਰਤੀ ਪਰਜਾਤੰਤਰ ਨੇ ਉਨ੍ਹਾਂ ਦੀ ਕਾਬਲੀਅਤ ਦਾ ਆਪਣੀ ਲੋੜ ਅਨੁਸਾਰ ਲਾਭ ਤਾਂ ਉਠਾ ਲਿਆ ਪ੍ਰੰਤੂ ਉਨ੍ਹਾਂ ਨੂੰ ਬਣਦੀ ਇੱਜ਼ਤ ਤੇ ਮਾਣ ਨਹੀਂ ਦਿੱਤਾ। 1991 ਵਿਚ ਦੇਸ਼ ਦੀ ਆਰਥਕ ਤੌਰ ਤੇ ਡੁੱਬਦੀ ਬੇੜੀ ਨੂੰ ਪਾਰ ਲੰਘਾਉਣ ਵਾਲਾ ਡਾ.ਮਨਮੋਹਨ ਸਿੰਘ ਕਾਂਗਰਸ ਪਾਰਟੀ ਨੇ ਇਕ ਵਾਰ ਤਾਂ ਛੱਜ ਵਿਚ ਪਾ ਕੇ ਛੱਟ ਦਿੱਤਾ ਸੀ। ਪ੍ਰੰਤੂ ਮੁੜਕੇ ਫਿਰ ਕਾਂਗਰਸ ਪਾਰਟੀ ਨੂੰ ਡਾ. ਮਨਮੋਹਨ ਸਿੰਘ ਦਾ ਸਹਾਰਾ ਲੈਣਾ ਪਿਆ। ਡਾ.ਮਨਮੋਹਨ ਸਿੰਘ ਨੇ ਹੀ ਕਾਂਗਰਸ ਪਾਰਟੀ ਦੀ ਬੇੜੀ ਪਾਰ ਕੀਤੀ।

2004 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਜਦੋਂ ਸੋਨੀਆਂ ਗਾਂਧੀ ਦਾ ਵਿਦੇਸ਼ੀ ਹੋਣ ਦਾ ਮੁੱਦਾ ਜ਼ੋਰਾਂ ਤੇ ਸੀ ਤਾਂ ਉਨ੍ਹਾਂ ਨੇ ਮਜ਼ਬੂਰੀ ਵਸ ਡਾ. ਮਨਮੋਹਨ ਸਿੰਘ ਦੀ ਇਮਾਨਦਾਰੀ, ਕਾਬਲੀਅਤ ਅਤੇ ਦਿਆਨਤਦਾਰੀ ਨੂੰ ਮੁੱਖ ਰਖਕੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਚੋਣ ਕਰਕੇ ਉਨ੍ਹਾਂ ਦੇ ਸਿਰ 'ਤੇ ਪ੍ਰਧਾਨ ਮੰਤਰੀ ਬਦਾ ਤਾਜ ਰੱਖਿਆ। ਡਾ. ਮਨਮੋਹਨ ਸਿੰਘ ਨੇ ਆਪਣੀ ਯੋਗਤਾ ਦੀ ਛਾਪ ਨਾਲ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਮਾਣ ਵਧਾਇਆ ਅਤੇ ਦੇਸ਼ ਦਾ ਰਾਜ ਭਾਗ ਸਫਲਤਾ ਨਾਲ ਚਲਾਇਆ, ਜਿਸ ਕਰਕੇ ਦੁਨੀਆਂ ਵਿਚ ਭਾਰਤ ਦੀ ਅਤੇ ਡਾ. ਮਨਮੋਹਨ ਸਿੰਘ ਦੀ ਤੂਤੀ ਬੋਲਣ ਲੱਗ ਪਈ। ਘੱਟ ਗਿਣਤੀ ਦੀ ਮਿਲੀਜੁਲੀ ਸਰਕਾਰ ਨੂੰ ਬਾਖ਼ੂਬੀ ਚਲਾਉਣ ਦਾ ਸਿਹਰਾ ਵੀ ਡਾ.ਮਨਮੋਹਨ ਸਿੰਘ ਨੂੰ ਹੀ ਜਾਂਦਾ ਹੈ। 2009 ਦੀਆਂ ਲੋਕ ਸਭਾ ਚੋਣਾਂ ਡਾ. ਮਨਮੋਹਨ ਸਿੰਘ ਦੇ ਨਾਂ ਤੇ ਲੜੀਆਂ ਗਈਆਂ, ਜਿਸ ਕਰਕੇ ਦੂਜੀ ਵਾਰ ਕਾਂਗਰਸ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿਚ ਸਰਕਾਰ ਬਣਾਉਣ ਵਿਚ ਸਫਲ ਹੋਈ। ਕਾਂਗਰਸ ਦੀਆਂ ਭਾਈਵਾਲ ਪਾਰਟੀਆਂ ਨੇ ਮਨਮਰਜ਼ੀ ਕਰਦਿਆਂ ਕੇਂਦਰ ਸਰਕਾਰ ਦਾ ਅਕਸ ਡਾ. ਮਨਮੋਹਨ ਸਿੰਘ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਖ਼ਰਾਬ ਕੀਤਾ। ਇਸ ਵਿਚ ਡਾ. ਮਨਮੋਹਨ ਸਿੰਘ ਦਾ ਕੋਈ ਕਸੂਰ ਨਹੀਂ ਸੀ, ਇਹ ਸਾਂਝੀ ਸਰਕਾਰ ਦੀਆਂ ਮਜ਼ਬੂਰੀਆਂ ਸਨ। ਇਹ ਡਾ. ਮਨਮੋਹਨ ਸਿੰਘ ਹੀ ਸੀ, ਜਿਸਨੇ ਭਰਿਸ਼ਟਾਚਾਰ ਦੇ ਇਲਜ਼ਾਮ ਦਾ ਸਾਹਮਣਾ ਕਰਨ ਵਾਲੇ ਮੰਤਰੀਆਂ ਦੀ ਛਾਂਟੀ ਕੀਤੀ, ਭਾਵੇਂ ਉਸਨੂੰ ਪਤਾ ਸੀ ਕਿ ਸਰਕਾਰ ਦੀ ਹੋਂਦ ਲਈ ਖ਼ਤਰਾ ਪੈਦਾ ਹੋ ਸਕਦਾ ਹੈ। ਡਾ. ਮਨਮੋਹਨ ਸਿੰਘ ਦੀ ਇਮਾਨਦਾਰੀ ਦਾ ਸਿੱਕਾ ਅਜੇ ਤੱਕ ਵੀ ਸਾਰਾ ਸੰਸਾਰ ਮੰਨਦਾ ਹੈ। ਅਮਰੀਕਾ ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਹੈ ਤੇ ਉਸਦੇ ਉਦੋਂ ਦੇ ਮੁੱਖੀ ਰਾਸ਼ਟਰਪਤੀ ਬਰਾਕ ਓਬਾਮਾਂ ਡਾ.ਮਨਮੋਹਨ ਸਿੰਘ ਦਾ ਰੈਡ ਕਾਰਪੈਟ ਨਾਲ ਸਵਾਗਤ ਕਰਦੇ ਸਨ ਅਤੇ ਉਨ੍ਹਾਂ ਤੋਂ ਅਗਵਾਈ ਲੈਂਦੇ ਰਹੇ ਹਨ। ਪ੍ਰੰਤੂ ਦੁੱਖ ਦੀ ਗੱਲ ਹੈ ਕਿ ਭਾਰਤ ਦੇ ਸਿਆਸਤਦਾਨਾਂ ਨੇ ਆਪਣੇ ਨਿੱਜੀ ਮੁਫਾਦਾਂ ਕਰਕੇ ਬਣਦਾ ਸਤਿਕਾਰ ਨਹੀਂ ਦਿੱਤਾ। ਇਤਿਹਾਸ ਵਿਚ ਉਨ੍ਹਾਂ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਣ ਤੋਂ ਭਾਰਤੀ ਸਿਆਸਤਦਾਨ ਵੀ ਰੋਕ ਨਹੀਂ ਸਕਣਗੇ। ਯੂ.ਪੀ.ਏ ਨੇ ਆਪਣੀਆਂ ਅਸਫਲਤਾਵਾਂ ਡਾ. ਮਨਮੋਹਨ ਸਿੰਘ ਦੇ ਨਾਂ ਤੇ ਮੜ੍ਹਨ ਦੀ ਕੋਸ਼ਿਸ਼ ਕੀਤੀ ਹੈ। ਇਤਨਾ ਸਾਧਾਰਨ ਤੇ ਸਾਦਾ ਜੀਵਨ ਬਤੀਤ ਕਰਨ ਵਾਲਾ ਪ੍ਰਧਾਨ ਮੰਤਰੀ ਦੁਨੀਆਂ ਵਿਚ ਕੋਈ ਹੋ ਹੀ ਨਹੀਂ ਸਕਦਾ।

ਡਾ. ਮਨਮੋਹਨ ਸਿੰਘ ਦਾ ਜਨਮ ਪਾਕਿਸਤਾਨ ਦੇ ਗਾਹ ਪਿੰਡ ਵਿੱਚ ਸ੍ਰ. ਗੁਰਮੁਖ ਸਿੰਘ ਅਤੇ ਸ਼੍ਰੀਮਤੀ ਅੰਮ੍ਰਿਤ ਕੌਰ ਦੇ ਘਰ 26 ਸਤੰਬਰ 1932 ਨੂੰ ਹੋਇਆ ਸੀ। ਬਚਪਨ ਵਿੱਚ ਹੀ ਉਨ੍ਹਾਂ ਦੀ ਮਾਤਾ ਦਾ ਦਿਹਾਂਤ ਹੋ ਗਿਆ ਅਤੇ ਉਨ੍ਹਾਂ ਦੀ ਪਾਲਣ



ਪੋਸ਼ਣ ਉਨ੍ਹਾਂ ਦੀ ਨਾਨੀ ਨੇ ਹੀ ਕੀਤੀ। ਉਨ੍ਹਾਂ ਨੇ ਆਪਣੀ ਮੁੱਢਲੀ ਪੜ੍ਹਾਈ ਪਾਕਿਸਤਾਨ ਵਾਲੇ ਪੰਜਾਬ ਵਿੱਚ ਹੀ ਕੀਤੀ। ਦੇਸ਼ ਦੀ ਵੰਡ ਸਮੇਂ ਉਨ੍ਹਾਂ ਦਾ ਪਰਿਵਾਰ ਅੰਮ੍ਰਿਤਸਰ ਵਿੱਚ ਆ ਕੇ ਰਹਿਣ ਲੱਗ ਪਿਆ। ਬੀ. ਏ. ਉਨ੍ਹਾਂ ਨੇ ਹਿੰਦੂ ਕਾਲਜ ਤੋਂ 1952 ਵਿੱਚ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਐਮ. ਏ .ਅਰਥ ਸ਼ਾਸ਼ਤਰ ਦੀ ਆਨਰਜ਼ ਵੀ ਪੰਜਾਬ ਯੂਨੀਵਰਸਿਟੀ ਤੋਂ 1954 ਵਿੱਚ ਕੀਤੀ। ਉਦੋਂ ਪੰਜਾਬ ਯੂਨੀਵਰਸਿਟੀ ਹੁਸ਼ਿਆਰਪੁਰ ਵਿੱਚ ਹੁੰਦੀ ਸੀ। ਉਹ ਹਰ ਇਮਤਿਹਾਨ ਵਿੱਚ ਕਲਾਸ ਵਿੱਚੋਂ ਪਹਿਲੇ ਨੰਬਰ ਤੇ ਹੀ ਆਉਂਦੇ ਸਨ। ਫਿਰ ਉਨ੍ਹਾਂ ਨੇ ਉੱਚ ਵਿਦਿਆ ਲਈ ਯੂਨੀਵਰਸਿਟੀ ਆਫ਼ ਕੈਂਬਰਿਜ ਦੇ ਸੇਂਟ ਜਾਹਨਜ ਕਾਲਜ ਵਿੱਚ ਦਾਖਲਾ ਲੈ ਲਿਆ। ਇਸ ਤੋਂ ਬਾਅਦ ਯੂਨੀਵਰਸਿਟੀ ਆਫ਼ ਆਕਸਫੋਰਡ ਦੇ ਨੂਈਫਡ ਕਾਲਜ ਵਿੱਚ ਦਾਖਲਾ ਲਿਆ, ਜਿਥੋਂ 1962 ਵਿੱਚ ਪੜ੍ਹਾਈ ਖਤਮ ਕੀਤੀ। ਉਨ੍ਹਾਂ ਨੂੰ ਉਪਰੋਕਤ ਯੂਨੀਵਰਸਿਟੀਆਂ ਨੇ ਸਕਾਲਰਸ਼ਿਪ ਦੇ ਕੇ ਪੜ੍ਹਾਇਆ। ਉਨ੍ਹਾਂ ਨੇ ਆਪਣੀ ਪੀ. ਐਚ. ਡੀ. ਇੰਡੀਅਨ ਐਕਸਪੋਰਟ ਪਰਫਾਰਮੈਂਸ 1951-60 ਐਕਸਪੋਰਟ ਪ੍ਰਾਸਪੈਕਟਸ ਐਂਡ ਪਾਲਿਸੀ ਇਮਪਲੀਕੇਸ਼ਨਜ ਦੇ ਵਿਸ਼ੇ ਤੇ ਕੀਤੀ। ਉਨ੍ਹਾਂ ਨੇ ਇੱਕ ਪੁਸਤਕ ਇੰਡੀਆਜ਼ ਐਕਸਪੋਰਟ ਟਰੈਂਡਜ਼ ਐਂਡ ਪਰਾਸਪੈਕਟਸ ਫਾਰ ਸੈਲਫ ਸਸਟੇਂਡ ਗਰੋਥ ਲਿਖੀ ਜੋ ਕਿ ਉਨ੍ਹਾਂ ਦੇ ਪੀ. ਐਚ. ਡੀ. ਥੀਸਜ਼ ਤੇ ਹੀ ਅਧਾਰਤ ਹੈ। ਉਹ ਦਿੱਲੀ ਯੂਨੀਵਰਸਿਟੀ ਵਿੱਚ 1957 ਤੋਂ 59 ਤੱਕ ਅਰਥ ਸ਼ਾਸ਼ਤਰ ਦੇ ਸੀਨੀਅਰ ਲੈਕਚਰਾਰ, 1959 ਤੋਂ 63 ਤੱਕ ਰੀਡਰ ਅਤੇ 65 ਤੋਂ 67 ਤੱਕ ਪ੍ਰੋਫੈਸਰ ਰਹੇ। ਇਸ ਤੋਂ ਬਾਅਦ 1969 ਤੋਂ 71 ਤੱਕ ਪ੍ਰੋਫੈਸਰ ਇੰਟਰਨੈਸ਼ਨਲ ਟਰੇਡ ਰਹੇ। ਉਹ 1966 ਤੋਂ 69 ਤੱਕ ਯੂਨਾਈਟਡ ਨੇਸ਼ਨਜ਼ ਕਾਨਫਰੰਸ ਆਨ ਟਰੇਡ ਐਂਡ ਡਿਵੈਲਪਮੈਂਟ ਵਿੱਚ ਵੀ ਕੰਮ ਕਰਦੇ ਰਹੇ। ਇਕ ਵਾਰ ਉਹ ਜਹਾਜ ਵਿੱਚ ਜਾ ਰਹੇ ਸਨ ਤਾਂ ਉਨ੍ਹਾਂ ਦੀ ਮੁਲਾਕਾਤ ਉਦੋਂ ਦੇ ਭਾਰਤ ਦੇ ਵਿਦੇਸ਼ ਮੰਤਰੀ ਲਲਿਤ ਨਰਾਇਣ ਮਿਸ਼ਰਾ ਨਾਲ ਹੋ ਗਈ, ਮਿਸ਼ਰਾ ਡਾਕਟਰ ਮਨਮੋਹਨ ਸਿੰਘ ਨਾਲ ਹੋਈ ਗੱਲਬਾਤ ਤੋਂ ਏਨੇ ਪ੍ਰਭਾਵਤ ਹੋਏ ਤਾਂ ਉਨ੍ਹਾਂ ਨੇ ਡਾ.ਮਨਮੋਹਨ ਸਿੰਘ ਨੂੰ 1982 ਵਿੱਚ ਆਪਣੇ ਵਿਦੇਸ਼ ਮੰਤਰਾਲੇ ਵਿੱਚ ਸਲਾਹਕਾਰ ਨਿਯੁਕਤ ਕਰ ਲਿਆ। ਇਸ ਨਿਯੁਕਤੀ ਤੋਂ ਬਾਅਦ ਉਨ੍ਹਾਂ ਨੂੰ ਰਿਜਰਵ ਬੈਂਕ ਆਫ਼ ਇੰਡੀਆ ਦਾ ਗਵਰਨਰ ਨਿਯੁਕਤ ਕਰ ਦਿੱਤਾ ਗਿਆ, ਜਿਸ ਅਹੁਦੇ ਤੇ ਉਹ 1985 ਤੱਕ ਰਹੇ। ਉਨ੍ਹਾਂ ਦੀ ਕਾਬਲੀਅਤ ਦੀ ਧਾਂਕ ਚਾਰੇ ਪਾਸੇ ਫੈਲ ਗਈ, ਤਦ ਉਨ੍ਹਾਂ ਨੂੰ ਭਾਰਤ ਦੇ ਯੋਜਨਾ ਕਮਿਸ਼ਨ ਦਾ ਉਪ ਚੇਅਰਮੈਨ ਲਗਾ ਦਿੱਤਾ ਗਿਆ ਕਿਉਂਕਿ ਕਮਿਸ਼ਨ ਦਾ ਚੇਅਰਮੈਨ ਤਾਂ ਹਮੇਸ਼ਾ ਪ੍ਰਧਾਨ ਮੰਤਰੀ ਹੀ ਹੁੰਦਾ ਹੈ। ਉਹ ਇਸ ਅਹੁਦੇ 'ਤੇ 1987 ਤੱਕ ਰਹੇ। ਆਰਥਿਕ ਪਾਲਿਸੀ 'ਤੇ ਇੱਕ ਅਜ਼ਾਦ ਥਿੰਕ ਟੈਂਕ ਸਾਊਥ ਕਮਿਸ਼ਨ ਹੈ, ਜਿਸਦਾ ਹੈਡਕਵਾਰਟਰ ਸਵਿਟਜ਼ਰਲੈਂਡ ਦੇ ਜਨੇਵਾ ਸ਼ਹਿਰ ਵਿਚ ਹੀ ਹੁੰਦਾ ਹੈ। ਡਾ. ਮਨਮੋਹਨ ਸਿੰਘ ਨੂੰ ਇਸ ਦਾ ਜਨਰਲ ਸਕੱਤਰ ਬਣਾਇਆ ਗਿਆ ਤੇ ਉਨ੍ਹਾਂ ਨੇ 87 ਤੋਂ 90 ਤੱਕ ਉਸ ਵਿੱਚ ਕੰਮ ਕੀਤਾ। ਜਦੋਂ ਉਨ੍ਹਾਂ ਦੀ ਕਾਬਲੀਅਤ ਦੀ ਦੁਨੀਆਂ ਵਿੱਚ ਪ੍ਰਸੰਸਾ ਹੋ ਰਹੀ ਸੀ ਤਾਂ ਭਾਰਤ ਦੇ ਉਦੋਂ ਦੇ ਪ੍ਰਧਾਨ ਮੰਤਰੀ ਪੀ.ਵੀ. ਨਰਸਿਮਹਾ ਰਾਓ ਨੇ 1991 ਵਿੱਚ ਡਾ. ਮਨਮੋਹਨ ਸਿੰਘ ਨੂੰ ਭਾਰਤ ਸਰਕਾਰ ਦਾ ਖ਼ਜ਼ਾਨਾ ਮੰਤਰੀ ਬਣਾਇਆ। ਉਸ ਸਮੇਂ ਦੇਸ਼ ਦੀ ਆਰਥਕਤਾ ਬਹੁਤ ਹੀ ਡਾਵਾਂਡੋਲ ਸੀ। ਡਾ. ਮਨਮੋਹਨ ਸਿੰਘ ਨੇ ਆਪਣੀਆਂ ਆਰਥਕ ਨੀਤੀਆਂ ਨਾਲ ਦੇਸ਼ ਦੀ ਆਰਥਿਕਤਾ ਨੂੰ ਸਥਿਰ ਕੀਤਾ। ਉਨ੍ਹਾਂ ਨੇ ਲਿਬਰਲਾਈਜੇਸ਼ਨ ਦੀ ਪਾਲਿਸੀ ਅਪਣਾਈ। ਵਿਦੇਸ਼ੀ ਵਪਾਰੀਆਂ ਨੂੰ ਭਾਰਤ ਦੀ ਮਾਰਕੀਟ ਵਿੱਚ ਆਉਣ ਦੀ ਇਜ਼ਾਜ਼ਤ ਦਿੱਤੀ। ਲਾਈਸੈਂਸ ਰਾਜ ਸਿਸਟਮ ਖ਼ਤਮ ਕਰ ਦਿੱਤਾ। ਹਰ ਖੇਤਰ ਵਿੱਚ ਸਰਕਾਰ ਦੀ ਮਨਾਪਲੀ ਖ਼ਤਮ ਕਰ ਦਿੱਤੀ ਤਾਂ ਕਿਤੇ ਜਾਕੇ ਭਾਰਤ ਦੀ ਆਰਥਿਕਤਾ ਮਜ਼ਬੂਤ ਹੋਈ। ਉਨ੍ਹਾਂ ਨੂੰ ਭਾਰਤ ਦੀ ਆਰਥਿਕਤਾ ਨੂੰ ਸ਼ੋਸ਼ਲਿਸਟ ਰੂਪ ਦੇਣ ਵਾਲਾ ਵਿਤ ਮੰਤਰੀ ਕਿਹਾ ਜਾ ਸਕਦਾ ਹੈ। ਦੁਨੀਆਂ ਦੇ ਦੂਜੇ ਦੇਸ਼ਾਂ ਦੇ ਲੀਡਰਾਂ ਨੇ ਡਾ.ਮਨਮੋਹਨ ਸਿੰਘ ਦੀ ਕਾਬਲੀਅਤ ਦੀ ਈਨ ਮੰਨ ਲਈ ਅਤੇ ਉਨ੍ਹਾਂ ਨੂੰ ਆਪਣਾ ਰੋਲ ਮਾਡਲ ਬਣਾਉਣਾ ਸ਼ੁਰੂ ਕਰ ਦਿੱਤਾ। ਨਿਊਜ਼ ਵੀਕ ਮੈਗਜ਼ੀਨ ਨੇ ਲਿਖਿਆ ਦੂਜੇ ਲੀਡਰਾਂ ਦਾ ਪਿਆਰਾ ਲੀਡਰ ਡਾ.ਮਨਮੋਹਨ ਸਿੰਘ । ਮੁਹੰਮਦ ਇਲਬਰਾਲ ਨੇ ਲਿਖਿਆ ਕਿ ਡਾ. ਮਨਮੋਹਨ ਸਿੰਘ ਦੁਨੀਆਂ ਦੇ ਦੂਜੇ ਲੀਡਰਾਂ ਦਾ ਰੋਲ ਮਾਡਲ ਲੀਡਰ ਹੈ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਹਮੇਸ਼ਾ ਉਨ੍ਹਾਂ ਤੋਂ ਆਰਥਕ ਮਾਮਲਿਆਂ ਵਿੱਚ ਸਲਾਹ ਲੈਂਦੇ ਰਹੇ ਹਨ। ਫੋਰਬਜ਼ ਮੈਗਜ਼ੀਨ ਨੇ ਵੀ ਮੋਸਟ ਪਾਵਰਫੁਲ ਲੀਡਰਾਂ ਵਿੱਚ ਡਾ. ਮਨਮੋਹਨ ਸਿੰਘ ਨੂੰ 18 ਵੇਂ ਨੰਬਰ ਤੇ ਰੱਖਿਆ ਹੈ। ਪੰਡਤ ਜਵਾਹਰ ਲਾਲ ਨਹਿਰੂ ਤੋਂ ਬਾਅਦ ਬੈਸਟ ਪ੍ਰਾਈਮ ਮਨਿਸਟਰ ਕਿਹਾ ਅਤੇ ਨਹਿਰੂ ਤੋਂ ਬਾਅਦ ਆਪਣੀ ਟਰਮ ਪੂਰੀ ਕਰਕੇ ਦੁਬਾਰਾ ਪ੍ਰਧਾਨ ਮੰਤਰੀ ਬਣਨ ਵਾਲੇ ਉਹ ਪਹਿਲੇ ਪ੍ਰਧਾਨ ਮੰਤਰੀ ਸਨ। ਕਾਂਗਰਸ ਦੇ ਸਤਵੇਂ ਤੇ ਪਹਿਲੇ ਨਾਨ ਹਿੰਦੂ ਪ੍ਰਧਾਨ ਮੰਤਰੀ ਸਨ। ਦੇਸ਼ ਦਾ ਅਠਾਰਵਾਂ ਰਾਜ ਸਭਾ ਵਿੱਚੋਂ ਪ੍ਰਧਾਨ ਮੰਤਰੀ ਬਣਨ ਵਾਲਾ ਦੂਜਾ ਪ੍ਰਧਾਨ ਮੰਤਰੀ ਹੈ। ਉਹ ਰਾਜ ਸਭਾ ਲਈ 1991, 97, 2003, 2009, 2014 ਅਤੇ 2019 ਵਿੱਚ ਚੁਣੇ ਗਏ ਸਨ। ਉਹ 22 ਮਈ 2004 ਤੋ ਮਈ 2009 ਤੱਕ ਅਤੇ ਮਈ 2009 ਤੋਂ ਮਈ 2014 ਤੱਕ ਪ੍ਰਧਾਨ ਮੰਤਰੀ ਰਹੇ ਹਨ।

ਡਾ. ਮਨਮੋਹਨ ਸਿੰਘ ਨੂੰ ਬਹੁਤ ਸਾਰੀਆਂ ਯੂਨੀਵਰਸਿਟੀਆਂ ਨੇ ਆਨਰੇਰੀ ਡਾਕਟਰੇਟ ਦੀ ਡਿਗਰੀ ਦਿੱਤੀ ਸੀ। ਸਾਲ 1997 ਵਿੱਚ ਯੂਨੀਵਰਸਿਟੀ ਆਫ਼ ਅਲਬਰਟਾ ਨੇ ਆਨਰੇਰੀ ਡਾਕਟਰ ਆਫ਼ ਲਾਅ, ਯੂਨੀਵਰਸਿਟੀ ਆਫ਼ ਆਕਸਫੋਰਡ ਨੇ ਜੁਲਾਈ 2005 ਵਿੱਚ ਡਾਕਟਰ ਆਫ਼ ਸਿਵਲ ਲਾਅ, ਯੂਨੀਵਰਸਿਟੀ ਆਫ ਕੈਂਬਰਿਜ਼ ਨੇ ਡਾਕਟਰ ਆਫ਼ ਸਿਵਲ ਲਾਅ, ਸੇਂਟ ਜਾਹਨਜ਼ ਕਾਲਜ ਨੇ ਉਨ੍ਹਾਂ ਦੇ ਨਾਂ ਤੇ ਪੀ. ਐਚ. ਡੀ. ਦੀ ਡਿਗਰੀ ਕਰਨ ਲਈ ਡਾ. ਮਨਮੋਹਨ ਸਿੰਘ ਸਕਾਲਰਸ਼ਿਪ ਦੇਣ ਦਾ ਫੈਸਲਾ ਕੀਤਾ, ਬਨਾਰਸ ਹਿੰਦੂ ਯੂਨੀਵਰਸਿਟੀ ਨੇ ਡਾਕਟਰੇਟ ਆਫ਼ ਲੈਟਰਜ਼ 2008, ਯੂਨੀਵਰਸਿਟੀ ਆਫ਼ ਮਦਰਾਸ ਨੇ 2008 ਵਿੱਚ ਆਨਰੇਰੀ ਡਾਕਟਰੇਟ ਦੀ ਡਿਗਰੀ ਅਤੇ ਕਿੰਗ ਸਾਊਤ ਯੂਨੀਵਰਸਿਟੀ ਨੇ ਡਾਕਟਰੇਟ ਦੀ ਆਨਰੇਰੀ ਡਿਗਰੀ 2010 ਵਿੱਚ ਦਿੱਤੀ।

ਉਨ੍ਹਾਂ ਨੂੰ 1987 ਵਿੱਚ ਪਦਮ ਵਿਭੂਸ਼ਣ ਦਾ ਖ਼ਿਤਾਬ ਦਿੱਤਾ ਗਿਆ ਸੀ। ਉਨ੍ਹਾਂ ਨੇ ਆਪਣੇ ਕਾਰਜ ਕਾਲ ਦੌਰਾਨ ਬਹੁਤ ਹੀ ਮਾਅਰਕੇ ਦੇ ਕੰਮ ਕੀਤੇ ਭਾਵੇਂ ਸਾਂਝੀ ਸਰਕਾਰ ਦੀਆਂ ਆਪਣੀਆਂ ਵੱਖਰੀ ਤਰ੍ਹਾਂ ਦੀਆਂ ਮੁਸ਼ਕਲਾਂ ਹੁੰਦੀਆਂ ਹਨ। ਉਹਨਾਂ ਵਿੱਚੋਂ ਕੁਝ ਕੁ ਵਰਨਣਯੋਗ ਹਨ, ਜਿਵੇਂ ਕਿ ਰਾਈਟ ਟੂ ਇਨਫਰਮੇਸ਼ਨ ਕਾਨੂੰਨ, ਗ਼ਰੀਬਾਂ ਲਈ ਨਰੇਗਾ, ਰੂਰਲ ਹੈਲਥ ਮਿਸ਼ਨ, ਆਈ. ਆਈ. ਟੀਜ, ਤੇ ਆਈ. ਆਈ. ਮੈਨੇਜਮੈਂਟ ਦਾ ਸਥਾਪਤ ਕਰਨਾ ਸ਼ਾਮਲ ਹਨ। ਉਨ੍ਹਾਂ ਦਾ ਵਿਆਹ ਸ਼੍ਰੀਮਤੀ ਗੁਰਸ਼ਰਨ ਕੌਰ ਨਾਲ 1958 ਵਿੱਚ ਹੋਇਆ। ਉਹ ਦੋਵੇਂ ਕੋਹਲੀ ਪਰਿਵਾਰ ਵਿੱਚੋਂ ਹਨ ਪ੍ਰੰਤੂ ਆਪਣੇ ਨਾਂ ਨਾਲ ਕੋਹਲੀ ਨਹੀਂ ਲਿਖਦੇ। ਉਨ੍ਹਾਂ ਦੇ ਤਿੰਨ ਲੜਕੀਆਂ ਉਪਿੰਦਰ, ਦਮਨ ਅਤੇ ਅੰਮ੍ਰਿਤਾ ਸਿੰਘ ਹਨ। ਡਾ. ਮਨਮੋਹਨ ਸਿੰਘ ਅਜਿਹੇ ਪਹਿਲੇ ਪ੍ਰਧਾਨ ਮੰਤਰੀ ਵੀ ਹੋਣਗੇ, ਜਿਨ੍ਹਾਂ ਨੇ ਆਪਣਾ ਅਹੁਦਾ ਛੱਡਣ ਤੋਂ ਤੁਰੰਤ ਬਾਅਦ ਪ੍ਰਧਾਨ ਮੰਤਰੀ ਦਾ ਨਿਵਾਸ ਖਾਲ੍ਹੀ ਕਰ ਦਿੱਤੀ ਸੀ। ਆਮ ਤੌਰ ਤੇ ਸਿਆਸਤਦਾਨ ਸਰਕਾਰੀ ਸਹੂਲਤਾਂ ਦਾ ਰਿਟਾਇਰਮੈਂਟ ਤੋਂ ਬਾਅਦ ਵੀ ਆਨੰਦ ਮਾਣਦੇ ਰਹਿੰਦੇ ਹਨ। ਭਾਰਤ ਸਰਕਾਰ ਉਨ੍ਹਾਂ ਦੇ ਸਤਿਕਾਰ ਵਜੋਂ 7 ਦਿਨ ਦਾ ਰਾਸ਼ਟਰੀ ਸੋਗ ਦਾ ਐਲਾਨ ਕੀਤਾ ਹੈ।

## ਪੱਥਰ ਦਿਲ ਕਿਉਂ ਬਣਿਆ ਏ?

ਕਈ ਨੰਗੇ ਪਿੰਡੇ ਠੁਰੀ ਜਾਂਦੇ।
ਕੋਈ ਤਪਦੀ ਰੇਤਾ ਚ ਤੁਰੀ ਜਾਂਦੇ।
ਤੂੰ ਬਣ- ਠਣ ਕੇ ਕਿਵੇਂ ਤਣਿਆ ਏ?
ਹੱਡ ਮਾਸ ਦਾ ਬਣਿਆ ਏ।
ਪਰ ਪੱਥਰ ਦਿਲ ਕਿਉਂ ਬਣਿਆ?
ਕਈ ਭੁੱਖੇ ਪਿਆਸੇ ਮੁੱਕੀ ਜਾਂਦੇ।
ਟੁਕੜੇ ਟੁਕੜੇ ਲਈ ਟੁੱਟੀ ਜਾਂਦੇ।
ਤੂੰ ਰੱਜਾ ਪੁੱਜਾ ਕਿਵੇਂ ਗਿਣਿਆ ਏਂ?
ਹੱਡ ਮਾਸ ਦਾ ਬਣਿਆ ਏਂ।
ਪਰ ਪੱਥਰ ਦਿਲ ......?
ਦਿਨ ਦਿਹਾੜੇ ਪੱਤ ਲੁੱਟੀ ਜਾਂਦੇ।
ਧੀਆਂ ਭੈਣਾਂ ਦੇ ਸਾਹ ਸੁੱਕੀ ਜਾਂਦੇ।
ਤੂੰ ਬੁੱਤ ਜਿਹਾ ਕਿਵੇਂ ਬਣਿਆ ਏਂ?
ਹੱਡ ਮਾਸ ਦਾ ਬਣਿਆ ਏਂ।
ਪਰ ਪੱਥਰ ਦਿਲ ......?
ਨਸ਼ਿਆਂ ਦੇ ਹੜ੍ਹ ਵਗੀ ਜਾਂਦੇ।
ਮਾਂਵਾਂ ਦੇ ਪੁੱਤ ਰੁੜ੍ਹੀ ਜਾਂਦੇ।
ਤੂੰ ਵੈਣਾਂ ਤੋਂ ਕਿਵੇਂ ਅਣਸੁਣਿਆ ਏਂ?
ਹੱਡ ਮਾਸ ਦਾ ਬਣਿਆ ਏ।
ਪਰ ਪੱਥਰ ਦਿਲ ......?
ਕਈ ਇਨਸਾਫਾਂ ਲਈ ਰੁਲੀ ਜਾਂਦੇ।
ਫੈਸਲੇ ਪੈਸਿਆਂ ਨਾਲ ਤੁਲੀ ਜਾਂਦੇ।
ਤੂੰ ਅਣਜਾਣ ਜਿਹਾ ਕਿਵੇਂ ਬਣਿਆ ਏਂ?
ਹੱਡ ਮਾਸ ਦਾ ਬਣਿਆ ਏਂ।
ਪਰ ਪੱਥਰ ਦਿਲ ......?
ਧਰਮਾਂ ਦੇ ਨਾਂ ਤੇ ਠਗੀ ਜਾਂਦੇ।
ਬੇਗੁਨਾਹਾਂ ਦੇ ਲਹੂ ਵਗੀ ਜਾਂਦੇ।
ਤੂੰ ਘੁੰਨ-ਵੱਟਾ ਕਿਵੇਂ ਬਣਿਆ ਏਂ?
ਹੱਡ ਮਾਸ ਦਾ ਬਣਿਆ ਏਂ।
ਪਰ ਪੱਥਰ ਦਿਲ ......?
ਆਪਣਾ ਤੂੰ ਜ਼ਮੀਰ ਜਗਾ ਲੈ।
ਇਨਸਾਨੀਅਤ ਦਾ ਫਰਜ਼ ਨਿਭਾ ਲੈ।
ਤੂੰ ਐਨਾ ਖੁਦਗਰਜ਼ ਕਿਵੇਂ ਬਣਿਆ ਏਂ?
ਹੱਡ ਮਾਸ ਦਾ ਬਣਿਆ ਏਂ।
ਪਰ ਪੱਥਰ ਦਿਲ ਕਿਉਂ ਬਣਿਆ ਏਂ?

**ਹਰਜਿੰਦਰ ਕੌਰ**
**91-94642-88784**



## ਨਵਾਂ ਸਾਲ 2025 ਮੁਬਾਰਕ

2024 ਬੀਤ ਗਿਆ ਛੱਡ ਖੱਟੀਆਂ ਮਿੱਠੀਆਂ ਯਾਦਾਂ,
ਨਵਾਂ ਸਾਲ ਮਿਠਾਸ ਬਣਾਵੇ ਜਿਵੇਂ ਰਸ ਵਿੱਚ ਕਮਾਦਾਂ,
ਪਹਿਲੇ ਦਿਨ ਦੀ ਪਹਿਲੀ ਕਿਰਨ ਸਭ ਵਿਹੜੇ ਰੁਸ਼ਨਾਵੇ,
ਕੁਦਰਤ ਨਵਿਆਂ ਰਾਗਾਂ ਦੇ ਵਿੱਚ ਨਵੇਂ ਅਲਾਪ ਲਗਾਵੇ,
ਫੁੱਲਾਂ ਵਰਗੇ ਹਾਸੇ ਖੇੜੇ ਸਭ ਘਰ ਵਿਹੜੇ ਵਿੱਚ ਢੁੱਕਣ,
ਪੈਣ ਮੁਹੱਬਤੀ ਜੱਫੀਆਂ ਘੁੱਟ ਘੁੱਟ ਅਤੇ ਨਫ਼ਰਤਾਂ ਰੁਕਣ ,
ਦੁੱਖ, ਤਕਲੀਫਾਂ, ਗਮ, ਬੇਵਸੀਆਂ ਕਦੇ ਨਾ ਢੁੱਕਣ ਨੇੜੇ,
ਸਮਾਜਿਕ ਤੇ ਪਰਿਵਾਰਕ ਰਿਸ਼ਤੇ ਬਣ ਜਾਣ ਗੂੜ ਲੰਮੇਰੇ,
ਕਿਰਤ ਮਿਲੇ ਤੇ ਰੋਟੀ ਤੋਂ ਕੋਈ ਰਹੇ ਨਾ ਅਵਾਜ਼ਾਰ,
ਸੁੱਖ ਤੇ ਖੁਸ਼ੀਆਂ ਵਾਲ਼ੀ ਚਾਨਣੀ ਖ਼ੁਦਾ ਕਰੇ ਭਰਮਾਰ,
ਹੋਣ ਭਰਵੀਆਂ ਫਸਲਾਂ ਕਿਸਾਨੀ ਮੁਕਤ ਹੋਜੇ ਵਿੱਚੋਂ ਕਰਜੇ
ਝੂਮੇ ਧਰਤੀ ਖੁਸ਼ੀ ਚ ਖੁੱਲ ਕੇ ਸਾਉਣ ਦਾ ਬੱਦਲ ਬਰਸੇ,
ਨੌਜਵਾਨੀ ਪੰਜਾਬ ਘਰ ਨੂੰ ਸਾਂਭੇ ਛੱਡ ਲਾਲਸਾ ਪਰਵਾਸ,
ਅਸਲ ਜਾਮਾ ਪਹਿਨਾਉਣ ਹਕੂਮਤਾਂ ਛੱਡ ਝੂਠੇ ਧਰਵਾਸ,
ਇਸ ਧਰਤੀ ਤੇ ਉੱਠੇ ਕ੍ਰਾਂਤੀ ਜੋ ਨਸ਼ਿਆਂ ਨੂੰ ਜੜ੍ਹ ਤੋਂ ਪੁੱਟੇ,
ਬੇਸਹਾਰਾ ਹੋਣ ਨਾ ਮਾਪੇ, ਨਾ ਸਿਰਾਂ ਦੇ ਚਿੱਟੇ ਹੋਣ ਦੁਪੱਟੇ,
ਨਵੇਂ ਪੈਂਡੇ ਨਾਲ ਨਵੀਆਂ ਮੰਜ਼ਿਲਾਂ ਦਾ ਹਰ ਕੋਈ ਧਾਰਕ ਹੋਵੇ,
ਨਵਾਂ ਸਾਲ 2025 ਮੱਟੂਆ ਇਸੇ ਉਮੀਦ ਨਾਲ ਮੁਬਾਰਕ ਹੋਵੇ

**– ਸਤਨਾਮ ਸਿੰਘ ਮੱਟੂ**
**91-97797-08257**



## ਯੁਵਕ ਸੇਵਾਵਾਂ ਵਿਭਾਗ ਨੇ ਨਸ਼ਿਆਂ ਖਿਲਾਫ ਕਰਵਾਇਆ ਜਾਗਰੂਕਤਾ ਸਮਾਗਮ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਦੇ ਨਿਰਦੇਸਾ ਅਨੁਸਾਰ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ, ਸ਼ਹੀਦ ਭਗਤ ਸਿੰਘ ਨਗਰ ਰਵੀ ਪਾਲ ਦੀ ਅਗਵਾਈ ਹੇਠ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਕੰਗਣਾ ਬੇਟ ਵੱਲੋਂ ਪਿੰਡ ਦੇ ਸਰਕਾਰੀ ਸਕੂਲ ਵਿਚ ਨਸ਼ਾ ਵਿਰੋਧੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਕਲੱਬ ਪ੍ਰਧਾਨ ਕੁਲਦੀਪ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਦੱਸਿਆ ਗਿਆ ਅਤੇ ਬੱਚਿਆਂ ਨੂੰ ਖੇਡਾਂ ਅਤੇ ਹੋਰ ਸਹਿ ਵਿੱਦਿਅਕ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਸਕੂਲੀ ਵਿਦਿਆਰਥੀਆਂ ਵੱਲੋਂ ਨਸ਼ਾ ਵਿਰੋਧੀ ਕਵਿਤਾਵਾਂ ਅਤੇ ਗੀਤ ਪੇਸ਼ ਕੀਤੇ ਗਏ। ਮੈਡਮ ਹਰਦੀਪ ਕੌਰ ਅਤੇ ਮੈਡਮ ਲਲਿਤਾ ਰਾਣੀ ਵਲੋਂ ਬੱਚਿਆਂ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਕਰਵਾਈ ਤਿਆਰੀ ਦੀ ਬਦੌਲਤ ਖੁਸ਼ੀ, ਮੀਨਾਕਸ਼ੀ, ਮਨਪ੍ਰੀਤ, ਅਮ੍ਰਿਤ ਸਿੰਘ, ਗੁਰਲੀਨ, ਕੋਮਲਪ੍ਰੀਤ, ਦਿਲਪ੍ਰੀਤ ਆਦਿ ਵੱਲੋਂ ਬਹੁਤ ਹੀ ਸੁੰਦਰ ਕਵਿਤਾਵਾਂ ਅਤੇ ਗੀਤ ਪੇਸ ਕੀਤੇ ਗਏ। ਇਸ ਦੌਰਾਨ ਬੱਚਿਆਂ ਨੂੰ ਨਕਦ ਇਨਾਮ ਦੇ ਕੇ ਹੌਸਲਾ ਅਫ਼ਜ਼ਾਈ ਵੀ ਕੀਤੀ ਗਈ। ਅੰਤ ਵਿਚ ਸਕੂਲ ਅਧਿਆਪਕ ਪੰਕਜ ਸਿਆਲ ਵੱਲੋਂ ਕਲੱਬ ਮੈਂਬਰਾਂ ਅਤੇ ਯੁਵਕ ਸੇਵਾਵਾਂ ਵਿਭਾਗ ਦਾ ਧੰਨਵਾਦ ਕੀਤਾ ਗਿਆ। ਇਸ ਜਾਗਰੂਕਤਾ ਮੁਹਿੰਮ ਵਿਚ ਯੁਵਕ ਸੇਵਾਵਾਂ ਵਿਭਾਗ ਦੇ ਸਟੈਨੋ ਟਾਈਪਿਸਟ ਗੁਰਪ੍ਰੀਤ ਕੌਰ ਦਾ ਵੱਡਾ ਯੋਗਦਾਨ ਰਿਹਾ। ਇਸ ਮੌਕੇ ਕਲੱਬ ਮੈਂਬਰ ਮਨੋਜ ਕੁਮਾਰ, ਮਨੀ ਚੋਪੜਾ, ਸੁਖਵਿੰਦਰ ਸਿੰਘ, ਜੋਤ, ਭਿੰਦਰ, ਅਰਸ਼ ਆਦਿ ਵੀ ਹਾਜ਼ਰ ਸਨ।




# 1 ਜਨਵਰੀ ਲਈ ਭੀਮਾ ਕੋਰੇਗਾਓਂ ਦੀ ਗੌਰਵਮਈ ਇਤਿਹਾਸਕ ਲੜਾਈ ਸਬੰਧੀ



ਕੁਲਦੀਪ ਚੰਦ
91-9417563054

ਭੀਮਾ ਕੋਰੇਗਾਓਂ ਦੀ ਲੜਾਈ 01 ਜਨਵਰੀ 1818 ਨੂੰ ਕੋਰੇਗਾਓਂ ਭੀਮਾ ਵਿਖੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਅਤੇ ਪੇਸ਼ਵਾ ਸੈਨਾ ਵਿਚਕਾਰ ਲੜੀ ਗਈ ਸੀ। ਹਰ ਸਾਲ 01 ਜਨਵਰੀ ਨੂੰ ਸਮੂਹ ਦਲਿਤ ਭਾਈਚਾਰੇ ਵਲੋਂ ਇਸ ਗੌਰਵਮਈ ਲੜਾਈ ਦੀ ਵਰ੍ਹੇਗੰਢ ਮਨਾਈ ਜਾਂਦੀ ਹੈ ਜਿਸ ਵਿੱਚ ਦਲਿਤ ਸਿਪਾਹੀਆਂ ਨੇ ਪੇਸ਼ਵਾ ਦੀ ਫ਼ੌਜ ਨੂੰ ਹਰਾਇਆ ਸੀ। ਇਸ ਮੌਕੇ ਇੱਥੇ ਯਾਦਗਾਰੀ ਪ੍ਰੋਗਰਾਮ ਕਰਵਾਏ ਜਾਂਦੇ ਹਨ। ਦਲਿਤ ਇਸ ਜਿੱਤ ਨੂੰ ਦੱਬੇ-ਕੁਚਲੇ ਭਾਈਚਾਰਿਆਂ ਦੇ ਸਵੈ-ਮਾਣ ਦੀ ਮੁੜ ਪ੍ਰਾਪਤੀ ਦੀ ਸ਼ੁਰੂਆਤ ਵਜੋਂ ਮਨਾਉਂਦੇ ਹਨ। ਇਸ ਲੜਾਈ ਦੀ ਖਾਸ ਗੱਲ ਇਹ ਸੀ ਕਿ ਇਸਟ ਇੰਡੀਆ ਕੰਪਨੀ ਦੇ ਝੰਡੇ ਹੇਠ ਮਹਾਰ ਸਿਪਾਹੀਆਂ ਨੇ ਪੇਸ਼ਵਾ ਬਾਜੀਰਾਓ ਦੇ ਸਿਪਾਹੀਆਂ ਨਾਲ ਯੁੱਧ ਕੀਤਾ ਸੀ। ਉਸ ਸਮੇਂ ਮਹਾਰ ਜਾਤੀ ਨੂੰ ਅਛੂਤ ਜਾਤ ਮੰਨਿਆ ਜਾਂਦਾ ਸੀ ਅਤੇ ਮਹਾਰਾਂ ਨੇ ਪੇਸ਼ਵਾ ਨੂੰ ਬੇਨਤੀ ਕੀਤੀ ਸੀ ਕਿ ਉਹ ਉਨ੍ਹਾਂ ਦੀ ਤਰਫੋਂ ਲੜਨਾ ਚਾਹੁੰਦੇ ਹਨ ਪਰ ਪੇਸ਼ਵਾ ਨੇ ਇਸ ਦੀ ਆਗਿਆ ਨਹੀਂ ਦਿਤੀ ਅਤੇ ਬਾਅਦ ਵਿਚ ਅੰਗਰੇਜ਼ਾਂ ਨੇ ਮਹਾਰਾਂ ਦੀ ਇਸ ਪੇਸ਼ਕਸ਼ ਨੂੰ ਸਵੀਕਾਰ ਕਰ ਲਿਆ ਜਿਸ ਤੋਂ ਬਾਅਦ ਅੰਗਰੇਜ਼ਾਂ ਅਤੇ ਮਹਾਰਾਂ ਨੇ ਮਿਲ ਕੇ ਪੇਸ਼ਵਾ ਨੂੰ ਹਰਾਇਆ ਸੀ। ਪੇਸ਼ਵਾ ਬਾਜੀ ਰਾਓ ਦੀ ਅਗਵਾਈ ਵਿੱਚ ਲੱਗਭੱਗ 28000 ਵਿਅਕਤੀਆਂ ਵਾਲੀ ਮਜ਼ਬੂਤ ਫੋਰਸ ਜਦੋਂ ਕੰਪਨੀ ਦੇ ਕਬਜ਼ੇ ਵਾਲੇ ਪੁਣੇ ਉੱਤੇ ਹਮਲਾ ਕਰਨ ਦੇ ਰਸਤੇ ਵਿੱਚ ਸੀ ਤਾਂ ਅਚਾਨਕ ਇੱਕ 800 ਵਿਅਕਤੀਆਂ ਵਾਲੀ ਸੁਰੱਖਿਆ ਫੋਰਸ ਦੁਆਰਾ ਮੁਲਾਕਾਤ ਕੀਤੀ ਗਈ ਜੋ ਪੁਣੇ ਵਿੱਚ ਅੰਗਰੇਜ ਸੈਨਿਕਾਂ ਦੀ ਮੱਦਦ ਲਈ ਜਾ ਰਹੀ ਸੀ। ਪੇਸ਼ਵਾ ਨੇ ਲੱਗਭੱਗ 2000 ਸਿਪਾਹੀ ਉਸ ਸੁਰੱਖਿਆ ਫੋਰਸ ਤੇ ਹਮਲਾ ਕਰਨ ਲਈ ਭੇਜੇ ਜੋ ਕੋਰੇਗਾਓਂ ਵਿਚ ਸ਼ਾਮਲ ਹੋਣ ਦੀ ਮੰਗ ਕਰ ਰਹੇ ਸਨ। ਕੈਪਟਨ ਫਰਾਂਸਿਸ ਸਟੌਨਟਨ ਦੀ ਅਗਵਾਈ ਵਿੱਚ ਕੰਪਨੀ ਦੀਆਂ ਫੌਜਾਂ ਨੇ ਲਗਭਗ 12 ਘੰਟਿਆਂ ਤੱਕ ਆਪਣਾ ਬਚਾਅ ਕੀਤਾ। ਇਹ ਲੜਾਈ ਤੀਸਰੇ ਐਂਗਲੋ ਮਰਾਠਾ ਯੁੱਧ ਦਾ ਹੀ ਹਿੱਸਾ ਸੀ। 1800 ਦੇ ਦਹਾਕੇ ਤੱਕ ਮਰਾਠਿਆਂ ਨੂੰ ਇੱਕ ਕਮਜੋਰ ਸੰਘ ਵਿੱਚ ਸੰਗਠਿਤ ਕਰ ਦਿੱਤਾ ਗਿਆ ਸੀ ਜਿਸ ਦੇ ਮੁੱਖ ਹਿੱਸੇ ਪੁਣੇ ਦੇ ਪੇਸ਼ਵਾ, ਗਵਾਲੀਅਰ ਦੇ ਸਿੰਧੀਆ, ਇੰਦੌਰ ਦੇ ਹੋਲਕਰ, ਬੜੌਦਾ ਦੇ ਗਾਇਕਵਾੜ ਅਤੇ ਨਾਗਪੁਰ ਦੇ ਭੋਂਸਲੇ ਸਨ। ਅੰਗਰੇਜ਼ਾਂ ਨੇ ਇਨ੍ਹਾਂ ਵੱਖ ਵੱਖ ਧੜਿਆਂ ਨੂੰ ਅਪਣੇ ਅਧੀਨ ਕਰ ਲਿਆ ਸੀ ਅਤੇ ਉਨ੍ਹਾਂ ਨਾਲ ਸ਼ਾਂਤੀ ਸੰਧੀਆਂ ਤੇ ਦਸਤਖਤ ਕੀਤੇ ਸਨ ਅਤੇ ਆਪਣੀਆਂ ਰਾਜਧਾਨੀਆਂ ਤੇ ਰਿਹਾਇਸ਼ਾਂ ਦੀ ਸਥਾਪਨਾ ਕੀਤੀ ਸੀ। ਅੰਗਰੇਜ਼ਾਂ ਨੇ ਪੇਸ਼ਵਾ ਅਤੇ ਗਾਇਕਵਾੜ ਵਿਚਕਾਰ ਮਾਲੀਆ ਵੰਡ ਵਿਵਾਦ ਵਿੱਚ ਦਖਲ ਦਿੱਤਾ ਅਤੇ 13 ਜੂਨ 1817 ਨੂੰ ਕੰਪਨੀ ਨੇ ਪੇਸ਼ਵਾ ਬਾਜੀ ਰਾਓ ਨੂੰ ਗਾਇਕਵਾੜ ਦੇ ਮਾਲੀਏ ਤੇ ਦਾਅਵਿਆਂ ਦਾ ਤਿਆਗ ਕਰਨ ਅਤੇ ਅੰਗਰੇਜ਼ਾਂ ਦੇ ਵੱਡੇ ਹਿੱਸੇ ਦੇ ਖੇਤਰ ਨੂੰ ਸੌਂਪਣ ਲਈ ਇੱਕ ਸਮਝੌਤੇ ਤੇ ਦਸਤਖਤ ਕਰਨ ਲਈ ਮਜਬੂਰ ਕੀਤਾ। ਪੁਣੇ ਦੀ ਇਸ ਸੰਧੀ ਨੇ ਰਸਮੀ ਤੌਰ ਤੇ ਦੂਜੇ ਮਰਾਠਾ ਮੁਖੀਆਂ ਤੇ ਪੇਸ਼ਵਾ ਦੀ ਸਰਦਾਰੀ ਨੂੰ ਖਤਮ ਕਰ ਦਿੱਤਾ ਸੀ। ਇਸ ਤੋਂ ਬਾਦ ਪੇਸ਼ਵਾ ਨੇ ਪੁਣੇ ਵਿਖੇ ਬ੍ਰਿਟਿਸ਼ ਰੈਜ਼ੀਡੈਂਸੀ ਨੂੰ ਸਾੜ ਦਿੱਤਾ ਪਰ 5 ਨਵੰਬਰ 1817 ਨੂੰ ਪੁਣੇ ਨੇੜੇ ਖੜਕੀ ਦੀ ਲੜਾਈ ਵਿੱਚ ਹਾਰ ਗਿਆ। ਪੇਸ਼ਵਾ ਫਿਰ ਸਤਾਰਾ ਵੱਲ ਭੱਜ ਗਿਆ ਅਤੇ ਕੰਪਨੀ ਦੀਆਂ ਫ਼ੌਜਾਂ ਨੇ ਪੁਣੇ ਤੇ ਪੂਰਾ ਕਬਜ਼ਾ ਕਰ ਲਿਆ। ਪੁਣੇ ਨੂੰ ਕਰਨਲ ਚਾਰਲਸ ਬਾਰਟਨ ਬੁਰ ਦੇ ਅਧੀਨ ਰੱਖਿਆ ਗਿਆ ਸੀ ਜਦੋਂ ਕਿ ਜਨਰਲ ਸਮਿਥ ਦੀ ਅਗਵਾਈ ਵਾਲੀ ਬ੍ਰਿਟਿਸ਼ ਫੋਰਸ ਨੇ ਪੇਸ਼ਵਾ ਦਾ ਪਿੱਛਾ ਕੀਤਾ। ਸਮਿਥ ਨੂੰ ਡਰ ਸੀ ਕਿ ਪੇਸ਼ਵਾ ਕੋਂਕਣ ਵੱਲ ਭੱਜ ਸਕਦਾ ਹੈ ਅਤੇ ਉੱਥੇ ਛੋਟੀ ਬ੍ਰਿਟਿਸ਼ ਟੁਕੜੀ ਨੂੰ ਹਾਵੀ ਕਰ ਸਕਦਾ ਹੈ। ਇਸਲਈ ਉਸਨੇ ਕਰਨਲ ਬੁਰ ਨੂੰ ਕੋਂਕਣ ਵਿੱਚ ਫੌਜ ਭੇਜਣ ਲਈ ਕਿਹਾ ਅਤੇ ਬਦਲੇ ਵਿੱਚ ਜੇ ਲੋੜ ਪਈ ਤਾਂ ਸ਼ਿਰੂਰ ਤੋਂ ਬਲ ਮੰਗਵਾਉਣ ਲਈ ਕਿਹਾ। ਇਸ ਦੌਰਾਨ ਪੇਸ਼ਵਾ ਸਮਿਥ ਤੋਂ ਦੂਰ ਭੱਜਣ ਵਿੱਚ ਕਾਮਯਾਬ ਹੋ ਗਿਆ ਪਰ ਜਨਰਲ ਥਿਓਫਿਲਸ ਪ੍ਰਿਟਜ਼ਿਲਰ ਦੀ ਅਗਵਾਈ ਵਿੱਚ ਇੱਕ ਕੰਪਨੀ ਫੋਰਸ ਦੇ ਅੱਗੇ ਵਧਣ ਕਾਰਨ ਉਸਨੂੰ ਦੱਖਣ ਵੱਲ ਵਧਣ ਤੋਂ ਰੋਕਿਆ ਗਿਆ। ਫਿਰ ਉਸਨੇ ਆਪਣਾ ਰਸਤਾ ਬਦਲਕੇ ਉੱਤਰ-ਪੱਛਮ ਨਾਸਿਕ ਵੱਲ ਮੁੜਨ ਤੋਂ ਪਹਿਲਾਂ ਪੂਰਬ ਵੱਲ ਮਾਰਚ ਕੀਤਾ। ਇਹ ਮਹਿਸੂਸ ਕਰਦੇ ਹੋਏ ਕਿ ਜਨਰਲ ਸਮਿਥ ਉਸਨੂੰ ਰੋਕਣ ਦੀ ਸਥਿਤੀ ਵਿੱਚ ਸੀ ਉਸਨੇ ਅਚਾਨਕ ਪੁਣੇ ਵੱਲ ਦੱਖਣ ਵੱਲ ਨੂੰ ਜਾਣਾ ਸ਼ੁਰੂ ਕਰ ਦਿਤਾ। ਦਸੰਬਰ ਦੇ ਅੰਤ ਵਿੱਚ ਰਨਲ ਬੁਰ ਨੂੰ ਖਬਰ ਮਿਲੀ ਕਿ ਪੇਸ਼ਵਾ ਪੁਣੇ ਉੱਤੇ ਹਮਲਾ ਕਰਨ ਦਾ ਇਰਾਦਾ ਰੱਖਦਾ ਹੈ ਅਤੇ ਸ਼ਿਰੁਰ ਵਿਖੇ ਤਾਇਨਾਤ ਕੰਪਨੀ ਫੌਜਾਂ ਨੂੰ ਮਦਦ ਲਈ ਕਿਹਾ। ਸ਼ਿਰੂਰ ਤੋਂ ਭੇਜੀਆਂ ਗਈਆਂ ਫ਼ੌਜਾਂ ਪੇਸ਼ਵਾ ਦੀਆਂ ਫ਼ੌਜਾਂ ਨਾਲ ਭਿੜ ਗਈਆਂ ਨਤੀਜੇ ਵਜੋਂ ਕੋਰੇਗਾਓਂ ਦੀ ਲੜਾਈ ਹੋਈ। ਪੇਸ਼ਵਾ ਦੀ ਫੌਜ ਵਿੱਚ ਲੱਗਭੱਗ 20000 ਘੋੜਸਵਾਰ ਅਤੇ 8000 ਪੈਦਲ ਸਿਪਾਹੀ ਸ਼ਾਮਿਲ ਸਨ। ਇਹਨਾਂ ਵਿੱਚੋਂ ਲੱਗਭਗ 2000 ਆਦਮੀਆਂ ਨੂੰ ਤਾਇਨਾਤ ਕੀਤਾ ਗਿਆ ਸੀ ਜੋ ਲੜਾਈ ਦੌਰਾਨ ਲਗਾਤਾਰ ਮਜ਼ਬੂਤ ਹੁੰਦੇ ਰਹੇ ਸਨ। ਕੰਪਨੀ ਦੀਆਂ ਫੌਜਾਂ ਤੇ ਹਮਲਾ ਕਰਨ ਵਾਲੀ ਫੋਰਸ ਵਿਚ 600 ਸਿਪਾਹੀਆਂ ਦੇ ਤਿੰਨ ਪੈਦਲ ਦਲ ਸ਼ਾਮਲ ਸਨ। ਇਹਨਾਂ ਸਿਪਾਹੀਆਂ ਵਿੱਚ ਅਰਬੀ, ਗੋਸਾਈਂ ਅਤੇ ਮਰਾਠੇ ਸ਼ਾਮਲ ਸਨ। ਜ਼ਿਆਦਾਤਰ ਹਮਲਾਵਰ ਅਰਬ ਸਨ ਜੋ ਪੇਸ਼ਵਾ ਦੇ ਸਿਪਾਹੀਆਂ ਵਿੱਚ ਸਭ ਤੋਂ ਉੱਤਮ ਮੰਨੇ ਜਾਂਦੇ ਸਨ। ਹਮਲੇ ਦਾ ਨਿਰਦੇਸ਼ਨ ਬਾਪੂ ਗੋਖਲੇ, ਅੱਪਾ ਦੇਸਾਈ ਅਤੇ ਤ੍ਰਿੰਬਕਜੀ ਡੇਂਗਲੇ ਨੇ ਕੀਤਾ ਸੀ। ਹਮਲੇ ਦੌਰਾਨ ਕੋਰੇਗਾਓਂ ਪਿੰਡ ਵਿੱਚ ਦਾਖਲ ਹੋਣ ਵਾਲੇ ਇਨ੍ਹਾਂ ਵਿੱਚੋਂ ਤ੍ਰਿੰਬਕਜੀ ਹੀ ਸਨ। ਪੇਸ਼ਵਾ ਅਤੇ ਹੋਰ ਫੌਜ ਮੁੱਖੀ ਕੋਰੇਗਾਓਂ ਨੇੜੇ ਫੂਲਸ਼ਹਿਰ ਮੌਜੂਦਾ ਫੁਲਗਾਓਂ ਵਿਖੇ ਠਹਿਰੇ ਸਨ। ਮਰਾਠਾ ਛਤਰਪਤੀ ਸਤਾਰਾ ਦਾ ਪ੍ਰਤਾਪ ਸਿੰਘ ਵੀ ਪੇਸ਼ਵਾ ਦੇ ਨਾਲ ਸੀ। ਸ਼ਿਰੂਰ ਤੋਂ ਰਵਾਨਾ ਕੀਤੀ ਗਈ ਕੰਪਨੀ ਦੀਆਂ ਫ਼ੌਜਾਂ ਵਿੱਚ 834 ਆਦਮੀ ਸਨਜਿਨ੍ਹਾਂ ਵਿੱਚ ਬੰਬੇ ਨੇਟਿਵ ਇਨਫੈਂਟਰੀ ਦੀ ਪਹਿਲੀ ਰੈਜੀਮੈਂਟ ਦੀ ਦੂਜੀ ਬਟਾਲੀਅਨ ਦੇ ਲਗਭਗ 500 ਸਿਪਾਹੀ, ਕੈਪਟਨ ਫਰਾਂਸਿਸ ਸਟੌਨਟਨ ਦੀ ਅਗਵਾਈ ਵਿੱਚ ਲੈਫਟੀਨੈਂਟ ਅਤੇ ਐਡਜੂਟੈਂਟ ਪੈਟੀਸਨ, ਲੈਫਟੀਨੈਂਟ ਜੋਨਸ, ਸਹਾਇਕ ਸਰਜਨ ਵਿੰਗੇਟ, ਲੈਫਟੀਨੈਂਟ ਸਵੈਨਸਟਨ ਦੇ ਅਧੀਨ ਲੱਗਭੱਗ 300 ਸਹਾਇਕ ਘੋੜਸਵਾਰ ਅਤੇ ਹੋਰ ਅਧਿਕਾਰੀ ਸ਼ਾਮਲ ਹਨ। ਲੈਫਟੀਨੈਂਟ ਚਿਸ਼ੋਲਮ ਦੀ ਅਗਵਾਈ ਵਿੱਚ ਦੋ 6 ਪਾਊਂਡਰ ਤੋਪਾਂ ਵਾਲੇ 24 ਯੂਰਪੀਅਨ ਅਤੇ 4 ਮੂਲ ਮਦਰਾਸ ਦੇ ਤੋਪਖਾਨੇ। ਚਿਸ਼ੋਲਮ ਤੋਂ ਇਲਾਵਾ ਅਸਿਸਟੈਂਟ ਸਰਜਨ ਵਾਈਲੀ ਜਾਂ ਵਿਲਡੀ ਤੋਪਖਾਨੇ ਵਿਚ ਇਕਲੌਤਾ ਅਧਿਕਾਰੀ ਸ਼ਾਮਲ ਸੀ। ਭਾਰਤੀ ਮੂਲ ਦੇ ਕੰਪਨੀ ਫੌਜਾਂ ਵਿੱਚ ਮਹਾਰ, ਮਰਾਠੇ, ਰਾਜਪੂਤ, ਮੁਸਲਮਾਨ ਅਤੇ ਯਹੂਦੀ ਸ਼ਾਮਲ ਸਨ। ਇਹ ਜਿਆਦਾਤਰ ਉਹ ਫੌਜਾਂ ਸਨ ਜੋ ਕੈਪਟਨ ਸਟੌਨਟਨ ਨੇ ਤਿੰਨ ਮਹੀਨੇ ਪਹਿਲਾਂ ਪੂਨਾ ਦੀ ਰੱਖਿਆ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਰੱਖੀਆਂ ਸਨ ਜੋ ਪਹਿਲਾਂ ਹੀ ਬ੍ਰਿਟਿਸ਼ ਸਰਕਾਰ ਦੇ ਅਧੀਨ ਸੀ। ਕੰਪਨੀ ਦੀਆਂ ਫੌਜਾਂ 31 ਦਸੰਬਰ 1817 ਨੂੰ ਰਾਤ ਲੱਗਭੱਗ 8 ਵਜੇ ਸ਼ਿਰੂਰ ਤੋਂ ਰਵਾਨਾ ਹੋਈਆਂ। ਸਾਰੀ ਰਾਤ 25 ਮੀਲ ਦੀ ਦੂਰੀ ਤੈਅ ਕਰਨ ਤੋਂ ਬਾਅਦ ਉਹ ਤਾਲੇਗਾਂਵ ਧਮਧੇਰੇ ਦੇ ਪਿੱਛੇ ਉੱਚੇ ਮੈਦਾਨ ਤੇ ਪਹੁੰਚ ਗਏ। ਉੱਥੋਂ ਉਨ੍ਹਾਂ ਨੇ ਭੀਮਾ ਨਦੀ ਦੇ ਪਾਰ ਪੇਸ਼ਵਾ ਦੀ ਫੌਜ ਦੇਖੀ। ਕੈਪਟਨ ਸਟੌਨਟਨ ਨੇ ਕੋਰੇਗਾਓਂ ਭੀਮਾ ਪਿੰਡ ਤੱਕ ਮਾਰਚ ਕੀਤਾ ਜੋ ਕਿ ਨਦੀ ਦੇ ਕੰਢੇ ਸਥਿਤ ਸੀ। ਪਿੰਡ ਇੱਕ ਨੀਵੀਂ ਮਿੱਟੀ ਦੀ ਕੰਧ ਨਾਲ ਘਿਰਿਆ ਹੋਇਆ ਸੀ। ਕੈਪਟਨ ਸਟੌਨਟਨ ਨੇ ਭੀਮਾ ਨਦੀ ਨੂੰ ਪਾਰ ਕਰਨ ਦੀ ਯੋਜਨਾ ਬਣਾਈ। 5000 ਮਜ਼ਬੂਤ ਪੈਦਲ ਫੌਜ ਜੋ ਕਿ ਪੇਸ਼ਵਾ ਦੇ ਅੱਡੇ ਤੋਂ ਥੋੜ੍ਹਾ ਅੱਗੇ ਸੀ ਬ੍ਰਿਟਿਸ਼ ਫੌਜਾਂ ਦੀ ਮੌਜੂਦਗੀ ਬਾਰੇ ਸੂਚਿਤ ਕਰਨ ਲਈ ਪਿੱਛੇ ਹਟ ਗਈ। ਇਸ ਦੌਰਾਨ ਸਟੌਨਟਨ ਨੇਨ ਦੀ ਪਾਰਕਰ ਨਦੀ ਬਜਾਏ ਕੋਰੇਗਾਓਂ ਵਿੱਚ ਆਪਣੀਆਂ ਫੌਜਾਂ ਤਾਇਨਾਤ ਕੀਤੀਆਂ। ਉਸਨੇ ਹਥਿਆਰਾਂ ਲਈ ਇੱਕ ਮਜ਼ਬੂਤ ਸੁਰੱਖਿਅਤ ਯੋਜਨਾਵੰਦੀ ਕੀਤੀ। ਉਹਨਾਂ ਵਿੱਚੋਂ ਇੱਕ ਨੂੰ ਭੀਮਾ ਨਦੀ ਜੋ ਕਿ ਲਗਭਗ ਸੁੱਕੀ ਹੀ ਸੀ ਅਤੇ ਸ਼ਿਰੁਰ ਤੋਂ ਸੜ੍ਹਕਦੀ ਰਾਖੀ ਲਈ ਸੁਰੱਖਿਆ ਫੋਰਸ ਨੂੰ ਤਾਇਨਾਤ ਕੀਤਾ ਗਿਆ ਸੀ। ਆਪਣੀ 5000 ਮਜ਼ਬੂਤ ਪੈਦਲ ਫੌਜ ਦੀ ਵਾਪਸੀ ਤੋਂ ਬਾਅਦ ਪੇਸ਼ਵਾ ਨੇ ਅਰਬ, ਗੋਸਾਈਂ ਅਤੇ ਮਰਾਠਾ ਸਿਪਾਹੀਆਂ ਦੇ ਤਿੰਨ ਪੈਦਲ ਦਲਾਂ ਨੂੰ ਰਵਾਨਾ ਕੀਤਾ। ਹਰੇਕ ਦਲ ਵਿੱਚ ਲੱਗਭੱਗ 300 ਤੋਂ 600 ਸਿਪਾਹੀ ਸ਼ਾਮਲ ਸਨ। ਇਨ੍ਹਾਂ ਨੇ ਭੀਮਾ ਨਦੀ ਨੂੰ ਤਿੰਨ ਵੱਖ-ਵੱਖ ਥਾਵਾਂ ਤੇ ਪਾਰ ਕੀਤਾ। ਪੇਸ਼ਵਾ ਦੀਆਂ ਫ਼ੌਜਾਂ ਨੇ ਵੀ ਸ਼ਿਰੂਰ ਰੋਡ ਤੋਂ ਇੱਕ ਧੁੰਦਲਾ ਹਮਲਾ ਕੀਤਾ। ਦੁਪਹਿਰ ਤੱਕ ਅਰਬਾਂ ਨੇ ਪਿੰਡ ਦੇ ਬਾਹਰਵਾਰ ਕਬਜ਼ਾ ਕਰ ਲਿਆ। ਅਰਬਾਂ ਨੇ ਨਦੀ ਦੀ ਰਾਖੀ ਕਰਨ ਵਾਲੀ ਤੋਪ ਤੇ ਵੀ ਕਬਜ਼ਾ ਕਰ ਲਿਆ ਅਤੇ ਉਨ੍ਹਾਂ ਦੇ ਅਫਸਰ ਲੈਫਟੀਨੈਂਟ ਚਿਸ਼ੋਲਮ ਸਮੇਤ ਗਿਆਰਾਂ ਤੋਪਾਂ ਨੂੰ ਖਤਮ ਕਰ ਦਿੱਤਾ ਗਿਆ। ਪਿਆਸ ਅਤੇ ਭੁੱਖ ਦੇ ਕਾਰਨ ਕੰਪਨੀ ਦੇ ਕੁਝ ਸੁਰੱਖਿਆ ਕਰਮਚਾਰੀਆਂ ਨੇ ਸਮਰਪਣ ਲਈ ਗੱਲਬਾਤ ਕਰਨ ਦਾ ਸੁਝਾਅ ਦਿੱਤਾ ਪਰੰਤੂ ਕੈਪਟਨ ਸਟੌਨਟਨ ਨੇ ਝੁਕਣ ਤੋਂ ਇਨਕਾਰ ਕਰ ਦਿੱਤਾ। ਲੈਫਟੀਨੈਂਟ ਪੈਟੀਸਨ ਦੀ ਅਗਵਾਈ ਵਿੱਚ ਇੱਕ ਸਮੂਹ ਨੇ ਤੋਪ ਨੂੰ ਵਾਪਸ ਲਿਆ ਅਤੇ ਲੈਫਟੀਨੈਂਟ ਚਿਸ਼ੋਲਮ ਦਾ ਸਿਰ ਕੱਟਿਆ ਹੋਇਆ ਸ਼ਰੀਰ ਮਿਲਿਆ। ਕੈਪਟਨ ਸਟੌਨਟਨ ਨੇ ਫੌਜਾਂ ਨੂੰ ਲੜ੍ਹਣ ਲਈ ਉਤਸ਼ਾਹਿਤ ਕੀਤਾ। ਕੰਪਨੀ ਦੀਆਂ ਫੌਜਾਂ ਨੇ ਸਫਲਤਾ ਪੂਰਵਕ ਪਿੰਡ ਦੀ ਰੱਖਿਆ ਕੀਤੀ। ਪੇਸ਼ਵਾ ਦੀਆਂ ਫ਼ੌਜਾਂ ਨੇ ਗੋਲੀਬਾਰੀ ਬੰਦ ਕਰ ਦਿੱਤੀ ਅਤੇ ਜਨਰਲ ਜੋਸਫ਼ ਸਮਿਥ ਦੇ ਅਧੀਨ ਬ੍ਰਿਟਿਸ਼ ਫ਼ੌਜ ਦੇ ਨੇੜੇ ਆਉਣ ਦੇ ਡਰ ਤੋਂ ਰਾਤ 9 ਵਜੇ ਤੱਕ ਪਿੰਡ ਛੱਡ ਦਿੱਤਾ। 02 ਜਨਵਰੀ ਦੀ ਰਾਤ ਨੂੰ ਸਟੌਨਟਨ ਨੇ ਪਹਿਲਾਂ ਪੁਣੇ ਦੀ ਦਿਸ਼ਾ ਵਿੱਚ ਜਾਣ ਦਾ ਦਿਖਾਵਾ ਕੀਤਾ ਪਰ ਫਿਰ ਆਪਣੇ ਜ਼ਿਆਦਾਤਰ ਜ਼ਖਮੀ ਸਿਪਾਹੀਆਂ ਨੂੰ ਲੈ ਕੇ ਸ਼ਿਰੂਰ ਵੱਲ ਵਾਪਸ ਕੂਚ ਕੀਤਾ। ਲੰਡਨ ਗਜ਼ਟ ਅਨੁਸਾਰ ਬੰਬੇ ਨੇਟਿਵ ਇਨਫੈਂਟਰੀ ਦੀ ਦੂਜੀ ਬਟਾਲੀਅਨ 1 ਰੈਜੀਮੈਂਟ ਦੀ ਕਮਾਂਡ ਕਰ ਰਹੇ ਕੈਪਟਨ ਸਟੌਨਟਨ ਖੁਸ਼ਕਿਸਮਤੀ ਨਾਲ ਸਫਲ ਹੋ ਗਏ ਸਨ। 125 ਜ਼ਖਮੀਆਂ ਦੇ ਨਾਲ ਕੁੱਝ ਨੂੰ ਉੱਥੇ ਛੱਡ ਕੇ ਸੇਰੂਰ ਵੱਲ ਵਾਪਸ ਮਾਰਚ ਸ਼ੁਰੂ ਕਰਨ ਲਈ ਪੇਸ਼ਵਾ ਜਨਰਲ ਸਮਿਥ ਦਾ ਪਿੱਛਾ ਕਰਦੇ ਹੋਏ ਦੱਖਣ ਵੱਲ ਵਧਿਆ ਸੀ। ਕੰਪਨੀ ਦੇ 834 ਸੈਨਿਕਾਂ ਵਿੱਚੋਂ 275 ਮਾਰੇ ਗਏ ਅਤੇ ਮਰਨ ਵਾਲਿਆਂ ਵਿੱਚ ਦੋ ਅਧਿਕਾਰੀ ਵੀ ਸ਼ਾਮਲ ਸਨ। ਪੈਦਲ ਸੈਨਿਕਾਂ ਵਿੱਚੋ 50 ਮਾਰੇ ਗਏ ਅਤੇ 105 ਜ਼ਖਮੀ ਹੋਏ। ਤੋਪਖਾਨੇ ਵਿੱਚੋਂ 12 ਮਾਰੇ ਗਏ ਅਤੇ 8 ਜ਼ਖਮੀ ਹੋ ਗਏ। ਭਾਰਤੀ ਮੂਲ ਦੇ ਮਰੇ ਹੋਏ ਕੰਪਨੀ ਸਿਪਾਹੀਆਂ ਵਿੱਚ 22 ਮਹਾਰ, 16 ਮਰਾਠੇ, 8 ਰਾਜਪੂਤ, 2 ਮੁਸਲਮਾਨ ਅਤੇ 1-2 ਯਹੂਦੀ ਸ਼ਾਮਲ ਸਨ। ਅਨੁਮਾਨ ਅਨੁਸਾਰ ਪੇਸ਼ਵਾ ਦੇ ਲਗਭਗ 500 ਤੋਂ 600 ਸਿਪਾਹੀ ਲੜਾਈ ਵਿੱਚ ਮਾਰੇ ਗਏ ਜਾਂ ਜ਼ਖਮੀ ਹੋਏ ਸਨ। ਮਾਊਂਟ ਸਟੂਅਰਟ ਐਲਫਿੰਸਟਨ ਜਿਸਨੇ ਦੋ ਦਿਨ ਬਾਅਦ 3 ਜਨਵਰੀ 1818 ਨੂੰ ਕੋਰੇਗਾਓਂ ਦਾ ਦੌਰਾ ਕੀਤਾ ਸੀ ਨੇ ਲਿਖਿਆ ਕਿ ਘਰ ਸਾੜ ਦਿੱਤੇ ਗਏ ਸਨ ਅਤੇ ਗਲੀਆਂ ਘੋੜਿਆਂ ਅਤੇ ਆਦਮੀਆਂ ਦੀਆਂ ਲਾਸ਼ਾਂ ਨਾਲ ਭਰੀਆਂ ਸਨ। ਪਿੰਡ ਵਿੱਚ 50 ਦੇ ਕਰੀਬ ਲਾਸ਼ਾਂ ਪਈਆਂ ਸਨ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਪੇਸ਼ਵਾ ਦੇ ਅਰਬ ਸੈਨਿਕਾਂ ਦੀਆਂ ਸਨ। ਪਿੰਡ ਦੇ ਬਾਹਰ ਛੇ ਲਾਸ਼ਾਂ ਪਈਆਂ ਸਨ। ਇਸ ਤੋਂ ਇਲਾਵਾ ਇੱਥੇ 50 ਮੂਲ ਸਿਪਾਹੀਆਂ 11 ਯੂਰਪੀਅਨ ਸਿਪਾਹੀਆਂ ਅਤੇ ਕੰਪਨੀ ਬਲਾਂ ਨਾਲ ਸਬੰਧਤ 2 ਮ੍ਰਿਤਕ ਅਫਸਰਾਂ ਦੀਆਂ ਕਬਰਾਂ ਸਨ। ਜਦੋਂ ਐਲਫਿੰਸਟਨ ਨੇ ਲੜਾਈ ਦੇ ਮੈਦਾਨ ਦਾ ਦੌਰਾ ਕੀਤਾ ਤਾਂ ਉਸਨੇ ਦੇਖਿਆ ਕਿ ਕੰਪਨੀ ਦੇ ਸਿਪਾਹੀ ਪੂਰੀ ਤਰ੍ਹਾਂ ਆਪਣਾ ਮਨੋਬਲ ਗੁਆ ਚੁੱਕੇ ਸਨ ਅਤੇ ਮਿਲ ਰਹੀ ਪ੍ਰਸ਼ੰਸਾ ਨੂੰ ਮੰਨਣ ਤੋਂ ਘਬਰਾ ਰਹੇ ਸਨ। ਜਨਰਲ ਸਮਿਥ 3 ਜਨਵਰੀ ਨੂੰ ਕੋਰੇਗਾਓਂ ਪਹੁੰਚਿਆ ਪਰ ਇਸ ਸਮੇਂ ਤੱਕ ਪੇਸ਼ਵਾ ਪਹਿਲਾਂ ਹੀ ਇਲਾਕਾ ਛੱਡ ਚੁੱਕਾ ਸੀ। ਜਨਰਲ ਪ੍ਰਿਟਜ਼ਿਲਰ ਦੀ ਅਗਵਾਈ ਵਾਲੀ ਇੱਕ ਕੰਪਨੀ ਫੋਰਸ ਨੇ ਪੇਸ਼ਵਾ ਦਾ ਪਿੱਛਾ ਕੀਤਾ ਜਿਸਨੇ ਮੈਸੂਰ ਵੱਲ ਭੱਜਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਜਨਰਲ ਸਮਿਥ ਨੇ ਰਾਜਧਾਨੀ ਸਤਾਰਾ ਉੱਤੇ ਕਬਜ਼ਾ ਕਰ ਲਿਆ। ਸਮਿਥ ਨੇ 19 ਫਰਵਰੀ 1818 ਨੂੰ ਇੱਕ ਲੜਾਈ ਵਿੱਚ ਪੇਸ਼ਵਾ ਨੂੰ ਰੋਕਿਆ ਅਤੇ ਇਸ ਕਾਰਵਾਈ ਵਿੱਚ ਬਾਪੂ ਜੀ ਗੋਖਲੇ ਮਾਰਿਆ ਗਿਆ। ਪੇਸ਼ਵਾ ਫਿਰ ਭੱਜ ਗਿਆ ਜਦੋਂ ਕਿ ਉਸਦੇ ਜਗੀਰਦਾਰਾਂ ਨੇ ਕੰਪਨੀ ਦੀ ਅਧੀਨਗੀ ਸਵੀਕਾਰ ਕਰ ਲਈ। ਕੋਰੇਗਾਓਂ ਦੀ ਲੜਾਈ ਵਿੱਚ ਉਨ੍ਹਾਂ ਦੀ ਬਹਾਦਰੀ ਦੇ ਇਨਾਮ ਵਜੋਂ ਬੰਬੇ ਨੇਟਿਵ ਇਨਫੈਂਟਰੀ ਦੀ ਪਹਿਲੀ ਰੈਜੀਮੈਂਟ ਦੀ ਦੂਜੀ ਬਟਾਲੀਅਨ ਨੂੰ ਗ੍ਰੇਨੇਡੀਅਰ ਬਣਾਇਆ ਗਿਆ ਸੀ। ਉਹਨਾਂ ਦੀ ਰੈਜੀਮੈਂਟ ਨੂੰ ਬੰਬੇ ਨੇਟਿਵ ਇਨਫੈਂਟਰੀ ਦੀ ਪਹਿਲੀ ਗ੍ਰੇਨੇਡੀਅਰ ਰੈਜੀਮੈਂਟ ਵਜੋਂ ਜਾਣਿਆ ਜਾਂਦਾ ਹੈ। ਪੂਨਾ ਵਿਖੇ ਬ੍ਰਿਟਿਸ਼ ਨਿਵਾਸੀਆਂ ਨੂੰ ਦਿੱਤੀ ਗਈ ਰਿਪੋਰਟ ਸਿਪਾਹੀਆਂ ਦੀ ਬਹਾਦਰੀ, ਸਹਿਣਸ਼ੀਲਤਾ, ਅਨੁਸ਼ਾਸਿਤ, ਨਿਡਰਤਾ ਅਤੇ ਉਹਨਾਂ ਦੇ ਕੰਮਾਂ ਦੀ ਸਮਰਪਣ ਦਲੇਰੀ ਅਤੇ ਪ੍ਰਸ਼ੰਸਾਯੋਗ ਨਿਰੰਤਰਤਾ ਨੂੰ ਦੱਸਦੀ ਹੈ। ਕੈਪਟਨ ਸਟੌਨਟਨ ਨੂੰ ਭਾਰਤ ਦੇ ਗਵਰਨਰ ਜਨਰਲ ਦਾ ਆਨਰੇਰੀ ਸਹਾਇਕ-ਡੀ-ਕੈਂਪ ਨਿਯੁਕਤ ਕੀਤਾ ਗਿਆ ਸੀ। ਕੋਰਟ ਆਫ਼ ਡਾਇਰੈਕਟਰਜ਼ ਨੇ ਉਸਨੂੰ ਇੱਕ ਤਲਵਾਰ ਅਤੇ 500 ਸੋਨੇ ਦੇ ਸਿੱਕੇ ਪੇਸ਼ ਕੀਤੇ। ਬਾਅਦ ਵਿੱਚ 1823 ਵਿੱਚ ਉਹ ਇੱਕ ਮੇਜਰ ਬਣ ਗਿਆ ਅਤੇ ਉਸਨੂੰ ਸਭ ਤੋਂ ਮਾਣਯੋਗ ਮਿਲਟਰੀ ਆਰਡਰ ਦਾ ਸਾਥੀ ਨਿਯੁਕਤ ਕੀਤਾ ਗਿਆ। ਜਨਰਲ ਥਾਮਸ ਹਿਸਲੋਪ ਨੇ ਇਸ ਲੜਾਈ ਨੂੰ ਫੌਜ ਦੇ ਇਤਿਹਾਸ ਵਿੱਚ ਦਰਜ ਕੀਤੀ ਗਈ ਸਭ ਤੋਂ ਬਹਾਦਰੀ ਅਤੇ ਸ਼ਾਨਦਾਰ ਪ੍ਰਾਪਤੀਆਂ ਵਿੱਚੋਂ ਇੱਕ ਕਿਹਾ। ਐਮ. ਐਸ. ਨਰਵਾਣੇ ਅਨੁਸਾਰ ਇੱਕ ਭਾਰੀ ਮਰਾਠਾ ਫੋਰਸ ਦੇ ਵਿਰੁੱਧ ਕੰਪਨੀ ਦੀਆਂ ਥੋੜ੍ਹੀਆਂ ਜਿਹੀਆਂ ਫੌਜਾਂ ਦੁਆਰਾ ਬਹਾਦਰੀ ਨਾਲ ਬਚਾਅ ਕਰਨਾ ਕੰਪਨੀ ਦੀਆਂ ਫੌਜਾਂ ਦੇ ਇਤਿਹਾਸ ਵਿੱਚ ਬਹਾਦਰੀ ਅਤੇ ਦ੍ਰਿੜਤਾ ਦੀਆਂ ਸਭ ਤੋਂ ਸ਼ਾਨਦਾਰ ਉਦਾਹਰਣਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਜਨਰਲ ਸਮਿਥ ਨੇ ਇਸ ਲੜਾਈ ਦੀ ਆਪਣੀ ਅਧਿਕਾਰਤ ਰਿਪੋਰਟ ਵਿੱਚ ਲਿਖਿਆ ਹੈ ਕਿ ਕੋਰੇਗਾਮ ਵਿਖੇ ਹੋਈ ਕਾਰਵਾਈ ਕਿਸੇ ਵੀ ਫੌਜ ਦੁਆਰਾ ਪ੍ਰਾਪਤ ਕੀਤੇ ਗਏ ਸਭ ਤੋਂ ਸ਼ਾਨਦਾਰ ਮਾਮਲਿਆਂ ਵਿੱਚੋਂ ਇੱਕ ਸੀ ਜਿਸ ਵਿੱਚ ਯੂਰਪੀਅਨ ਅਤੇ ਮੂਲ ਸੈਨਿਕਾਂ ਨੇ ਭੁੱਖ ਅਤੇ ਪਿਆਸ ਦੇ ਦਬਾਅ ਹੇਠ ਸਭ ਤੋਂ ਉੱਤਮ ਸ਼ਰਧਾ ਅਤੇ ਸਭ ਤੋਂ ਵੱਧ ਬਹਾਦਰੀ ਦਾ ਪ੍ਰਦਰਸ਼ਨ ਕੀਤਾ। ਲੜਾਈ ਵਿੱਚ ਕਿਸੇ ਵੀ ਪੱਖ ਨੇ ਨਿਰਣਾਇਕ ਜਿੱਤ ਪ੍ਰਾਪਤ ਨਹੀਂ ਕੀਤੀ।ਲੜਾਈ ਤੋਂ ਬਾਅਦ ਮਾਊਂਟਸਟੂਅਰਟ ਐਲਫਿੰਸਟਨ ਨੇ ਇਸ ਨੂੰ ਪੇਸ਼ਵਾ ਲਈ ਛੋਟੀ ਜਿੱਤ ਦੱਸਿਆ ਅਤੇ ਈਸਟ ਇੰਡੀਆ ਕੰਪਨੀ ਦੀ ਸਰਕਾਰ ਨੇ ਆਪਣੀਆਂ ਫੌਜਾਂ ਦੀ ਬਹਾਦਰੀ ਦੀ ਪ੍ਰਸ਼ੰਸਾ ਕੀਤੀ ਜੋ ਗਿਣਤੀ ਤੋਂ ਵੱਧ ਹੋਣ ਦੇ ਬਾਵਜੂਦ ਵੀ ਹਾਵੀ ਨਹੀਂ ਹੋ ਸਕੇ। ਇਹ ਲੜਾਈ ਤੀਜੀ ਐਂਗਲੋ-ਮਰਾਠਾ ਯੁੱਧ ਵਿੱਚ ਲੜੀਆਂ ਜਾਣ ਵਾਲੀਆਂ ਆਖਰੀ ਲੜਾਈਆਂ ਵਿੱਚੋਂ ਇੱਕ ਸੀ ਜਿਸਨੂੰ ਪੇਸ਼ਵਾ ਦੀ ਹਾਰ ਦੇ ਨਾਲ ਯੁੱਧ ਖਤਮ ਹੋਣ ਤੋਂ ਬਾਅਦ ਕੰਪਨੀ ਦੀ ਜਿੱਤ ਵਜੋਂ ਜਾਣਿਆ ਜਾਂਦਾ ਹੈ। ਆਪਣੇ ਸ਼ਹੀਦ ਹੋਏ ਸਿਪਾਹੀਆਂ ਦੀ ਯਾਦ ਵਿੱਚ ਈਸਟ ਇੰਡੀਆ ਕੰਪਨੀ ਨੇ ਕੋਰੇਗਾਓਂ ਵਿੱਚ ਇੱਕ ਜਿੱਤ ਦਾ ਥੰਮ ਬਣਾਇਆ। ਇਸ ਥੰਮ ਦਾ ਸ਼ਿਲਾਲੇਖ ਘੋਸ਼ਣਾ ਕਰਦਾ ਹੈ ਕਿ ਕੈਪਟਨ ਸਟੌਨਟਨ ਦੀ ਫੌਜ ਨੇ ਪੂਰਬ ਵਿੱਚ ਬ੍ਰਿਟਿਸ਼ ਫੌਜ ਦੀ ਸਭ ਤੋਂ ਸ਼ਾਨਦਾਰ ਜਿੱਤਾਂ ਵਿੱਚੋਂ ਇੱਕ ਨੂੰ ਪੂਰਾ ਕੀਤਾ। ਕੋਰੇਗਾਓਂ ਥੰਮ ਦੇ ਸ਼ਿਲਾਲੇਖ ਵਿੱਚ ਲੜਾਈ ਵਿੱਚ ਮਾਰੇ ਗਏ 49 ਕੰਪਨੀ ਸਿਪਾਹੀਆਂ ਦੇ ਨਾਮ ਦਰਜ ਹਨ। ਇਸ ਨੂੰ ਅੰਗਰੇਜ਼ਾਂ ਨੇ ਆਪਣੀ ਸ਼ਕਤੀ ਅਤੇ ਜਿੱਤ ਦੇ ਪ੍ਰਤੀਕ ਵਜੋਂ ਬਣਾਇਆ ਸੀ ਅਤੇ ਹੁਣ ਇਹ ਮਹਾਰਾਂ ਦੀ ਯਾਦਗਾਰ ਵਜੋਂ ਜਾਣਿਆ ਜਾਂਦਾ ਹੈ। ਜਾਤ ਆਧਾਰਿਤ ਸਮਾਜ ਵਿੱਚ ਮਹਾਰਾਂ ਨੂੰ ਅਛੂਤ ਮੰਨਿਆ ਜਾਂਦਾ ਸੀ। ਪੇਸ਼ਵਾ ਜੋ ਉੱਚ-ਜਾਤੀ ਨਾਲ ਸਬੰਧਿਤ ਸਨਅਛੂਤਾਂ ਨਾਲ ਦੁਰਵਿਵਹਾਰ ਅਤੇ ਅੱਤਿਆਚਾਰ ਕਰਦੇ ਸਨ। ਇਸ ਕਰਕੇ ਦਲਿਤਾਂ ਨੇ ਆਜ਼ਾਦੀ ਤੋਂ ਬਾਅਦ ਕੋ-ਰੇਗਾਂਵ ਦੇ ਇਸ ਵਿਜੇ ਥੰਮ ਨੂੰ ਉੱਚ-ਜਾਤੀ ਦੇ ਜ਼ੁਲਮ ਉੱਤੇ ਆਪਣੀ ਜਿੱਤ ਦੇ ਪ੍ਰਤੀਕ ਵਜੋਂ ਦੇਖਿਆ ਅਤੇ ਮੰਨਿਆ ਹੈ। ਦਲਿਤ ਆਗੂ ਡਾਕਟਰ ਭੀਮ ਰਾਓ ਅੰਬੇਡਕਰ ਨੇ 01 ਜਨਵਰੀ 1927 ਨੂੰ ਇਸ ਜਗ੍ਹਾ ਦਾ ਦੌਰਾ ਕੀਤਾ ਸੀ। ਉਨ੍ਹਾਂ ਦੇ ਦੌਰੇ ਦੀ ਯਾਦ ਦਿਵਾਉਣ ਲਈ ਹੁਣ ਹਜ਼ਾਰਾਂ ਪੈਰੋਕਾਰ 01 ਜਨਵਰੀ ਨੂੰ ਇੱਥੇ ਆਂਦੇ ਹਨ। 01 ਜਨਵਰੀ 2018 ਨੂੰ ਕੋਰੇਗਾਓਂ ਦੀ ਲੜਾਈ ਦੀ 200 ਵੀਂ ਵਰ੍ਹੇਗੰਢ ਦੇ ਮੌਕੇ ਹੋਈ ਹਿੰਸਾ ਦੇ ਵਿਰੁੱਧ ਦਲਿਤਾਂ ਨੇ ਰੋਸ ਮੁਜ਼ਾਹਰੇ ਕੀਤੇ ਸਨ। ਘਟਨਾ ਦੌਰਾਨ ਹਿੰਸਾ ਭੜਕ ਗਈ ਜਿਸ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 10 ਪੁਲਿਸ ਕਰਮਚਾਰੀਆਂ ਸਮੇਤ ਕਈ ਲੋਕ ਜ਼ਖਮੀ ਹੋ ਗਏ। ਇਸ ਹਿੰਸਾ ਤੋਂ ਬਾਅਦ ਸੂਬਾ ਬੰਦ ਦਾ ਐਲਾਨ ਕੀਤਾ ਗਿਆ ਸੀ ਜਿਸ ਦੌਰਾਨ ਪੁਲਸ ਨੇ 162 ਲੋਕਾਂ ਖਿਲਾਫ 58 ਮਾਮਲੇ ਦਰਜ ਕੀਤੇ ਸਨ। ਇਸ ਨਾਲ ਮੁੰਬਈ ਅਤੇ ਮਹਾਰਾਸ਼ਟਰ ਵਿੱਚ ਦੋ ਦਿਨਾਂ ਤੱਕ ਹਿੰਸਕ ਪ੍ਰਦਰਸ਼ਨ ਅਤੇ ਦੰਗੇ ਹੋਏ।ਹਿੰਸਾ ਦੇ ਕਾਰਨ ਇੱਕ ਮਰਾਠਾ ਨੌਜਵਾਨ ਰਾਹੁਲ ਫਤੰਗਾਲੇ ਹਿੰਸਾ ਵਿੱਚ ਮਾਰਿਆ ਗਿਆ ਸੀ। ਅੰਦੋਲਨਕਾਰੀਆਂ ਨੇ ਕਾਰਾਂ ਸਾਈਕਲਾਂ ਅਤੇ ਹੋਰ ਗੱਡੀਆਂ ਤਬਾਹ ਕਰ ਦਿੱਤੀਆਂ ਸਨ। ਬੱਚਿਆਂ ਨੂੰ ਜਖ਼ਮੀ ਕਰ ਦਿੱਤਾ ਗਿਆ ਸੀ। ਦਲਿਤ ਸਮੂਹਾਂ ਨੇ 03 ਜਨਵਰੀ 2018 ਨੂੰ ਮਹਾਰਾਸ਼ਟਰ ਬੰਦ ਦਾ ਸੱਦਾ ਦਿੱਤਾ ਸੀ। ਸਾਰੇ ਮਹਾਰਾਸ਼ਟਰ ਵਿੱਚ ਰੋਸ ਪ੍ਰਦਰਸ਼ਨ ਕੀਤੇ ਗਏ। ਮੁੰਬਈ ਵਿੱਚ ਸਥਾਨਕ ਰੇਲ ਗੱਡੀਆਂ ਪ੍ਰਭਾਵਿਤ ਹੋਈਆਂ ਸਨ ਜਿਸ ਕਾਰਨ ਢਾਬੇ ਵਾਲਿਆਂ ਨੇ ਆਪਣੀਆਂ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਸਨ। 16 ਸਾਲਾ ਲੜਕਾ ਯੋਗੇਸ਼ ਪ੍ਰਹਿਲਾਦ ਜਾਧਵ ਪੁਲਿਸ ਲਾਠੀਚਾਰਜ ਵਿੱਚ ਮਾਰਿਆ ਗਿਆ ਸੀ। ਦਲਿਤ ਵਿਦਵਾਨ ਆਨੰਦ ਤੇਲਤੁੰਬੜੇ ਨੇ ਦਲੀਲ ਦਿੱਤੀ ਕਿ ਭੀਮਾ ਕੋਰੇਗਾਓਂ ਦੀ ਲੜਾਈ ਨੂੰ ਪੇਸ਼ਵਾ ਸ਼ਾਸਨ ਵਿੱਚ ਉਨ੍ਹਾਂ ਦੇ ਜਾਤੀ ਦੇ ਜ਼ੁਲਮ ਵਿਰੁੱਧ ਮਹਾਰਾਂ ਦੀ ਲੜਾਈ ਦੇ ਰੂਪ ਵਿੱਚ ਦਰਸਾਉਣਾ ਗੁੰਮਰਾਹਕੁੰਨ ਹੈ। ਤੇਲਤੁੰਬੜੇ ਨੇ ਜ਼ਿਕਰ ਕੀਤਾ ਹੈ ਕਿ ਲੜਾਈ ਵਿੱਚ ਮਰਨ ਵਾਲਿਆਂ ਵਿੱਚੋਂ ਬਹੁਤੇ 49 ਵਿੱਚੋਂ 27 ਮਹਾਰ ਨਹੀਂ ਸਨ ਅਤੇ ਪੇਸ਼ਵਾ ਫ਼ੌਜ ਇੱਕ ਵੱਡੀ ਬ੍ਰਿਟਿਸ਼ ਫ਼ੌਜ ਦੇ ਆਉਣ ਦੇ ਡਰੋਂ ਪਿੱਛੇ ਹਟ ਗਈ ਸੀ। ਭੀਮਾ ਕੋਰੇਗਾਂਵ ਦੀ ਲੜਾਈ ਇੱਕ ਅਨਐਂਡਿੰਗ ਜਰਨੀ ਭਾਰਤੀ ਫਿਲਮ ਨਿਰਮਾਤਾ ਸੋਮਨਾਥ ਵਾਘਮਾਰੇ ਦੁਆਰਾ 2017 ਦੀ ਇੱਕ ਦਸਤਾਵੇਜ਼ੀ ਫਿਲਮ ਹੈ।

ਇਸਨੇ ਪੇਸ਼ਵਾ ਰਾਜਵੰਸ਼ ਦੇ ਖਿਲਾਫ 1 ਜਨਵਰੀ 1818 ਨੂੰ ਕੋਰੇਗਾਓਂ ਦੀ ਲੜਾਈ ਵਿੱਚ 500 ਮਹਾਰ ਸਿਪਾਹੀਆਂ ਦੀ ਭੂਮਿਕਾ ਦੀ ਪੜਚੋਲ ਕੀਤੀ ਹੈ। ਭੀਮਾ ਕੋਰੇਗਾਓਂ ਦੀ ਲੜਾਈ ਇੱਕ ਆਗਾਮੀ ਭਾਰਤੀ ਹਿੰਦੀ-ਭਾਸ਼ਾ ਦੀ ਯੁੱਧ ਡਰਾਮਾ ਫਿਲਮ ਹੈ ਜੋ ਰਮੇਸ਼ ਥੀਟੇ ਦੁਆਰਾ ਨਿਰਦੇਸ਼ਿਤ ਅਤੇ ਉਸ ਦੇ ਬੈਨਰ ਰਮੇਸ਼ ਥੀਟੇ ਫਿਲਮਜ਼ ਦੇ ਅਧੀਨ ਬਣਾਈ ਗਈ ਹੈ ਜਿਸ ਵਿੱਚ ਅਰਜੁਨ ਰਾਮਪਾਲ ਇੱਕ ਮਹਾਰ ਯੋਧੇ ਅਤੇ ਦਿਗਾਂਗਨਾ ਸੂਰਿਆਵੰਸ਼ੀ ਦੇ ਕਿਰਦਾਰ ਵਿੱਚ ਹਨ। ਹਰ ਸਾਲ 01 ਜਨਵਰੀ ਨੂੰ ਦਲਿਤ ਭਾਈਚਾਰੇ 1818 ਦੀ ਲੜਾਈ ਦੀ ਵਰ੍ਹੇਗੰਢ ਮਨਾਉਂਦੇ ਹਨ ਜਿਸ ਵਿੱਚ ਈਸਟ ਇੰਡੀਆ ਕੰਪਨੀ ਦੀਆਂ ਫ਼ੌਜਾਂ ਨੇ ਦਲਿਤ ਸਿਪਾਹੀਆਂ ਨਾਲ ਮਿਲ ਕੇ ਪੁਣੇ ਦੇ ਪੇਸ਼ਵਾ ਦੀ ਫ਼ੌਜ ਨੂੰ ਹਰਾਇਆ ਸੀ। ਇਸ ਮੌਕੇ ਇੱਥੇ ਯਾਦਗਾਰੀ ਪ੍ਰੋਗਰਾਮ ਕਰਵਾਏ ਜਾਂਦੇ ਹਨ। ਸਾਲ 2018 ਦੇ ਪਹਿਲੇ ਹਫ਼ਤੇ ਵਿੱਚ 01 ਜਨਵਰੀ 2018 ਨੂੰ ਕੋਰੇਗਾਓਂ ਦੀ ਲੜਾਈ ਦੀ 200 ਵੀਂ ਵਰ੍ਹੇਗੰਢ ਦੇ ਮੌਕੇ ਮਹਾਰਾਸ਼ਟਰ ਵਿੱਚ ਹਿੰਸਾ ਦੇ ਵਿਰੁੱਧ ਦਲਿਤਾਂ ਨੇ ਰੋਸ ਮੁਜ਼ਾਹਰੇ ਕੀਤੇ ਸਨ।ਦਲਿਤ ਇਸ ਜਿੱਤ ਨੂੰ ਦੱਬੇ-ਕੁਚਲੇ ਭਾਈਚਾਰਿਆਂ ਦੇ ਸਵੈ-ਮਾਣ ਦੀ ਮੁੜ ਪ੍ਰਾਪਤੀ ਦੀ ਸ਼ੁਰੂਆਤ ਵਜੋਂ ਮਨਾਉਂਦੇ ਹਨ। ਇਸ ਮੌਕੇ ਬਰਸੀ ਦੇ ਮੱਦੇਨਜ਼ਰ ਇਲਾਕੇ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਜਾਂਦੇ ਹਨ।



# ਪੰਥਕ ਹਿੱਤਾਂ ਲਈ ਪੰਥਕ ਏਕਤਾ ਦੀ ਜ਼ਰੂਰਤ



ਡਾ. ਅਰਵਿੰਦਰ ਸਿੰਘ ਭੱਲਾ
91-94630-62603

ਅਜੋਕੇ ਸਮੇਂ ਵਿਚ ਜੇਕਰ ਅਸੀਂ ਸਿੱਖ ਕੌਮ ਦੇ ਧਾਰਮਿਕ ਰਹਿਨੁਮਾਵਾਂ ਅਤੇ ਸਿਆਸੀ ਆਗੂਆਂ ਦੇ ਵਰਤਾਉ, ਸ਼ਬਦਾਵਲੀ, ਸੋਚ ਅਤੇ ਕਿਰਦਾਰਾਂ ਉੱਪਰ ਝਾਤ ਮਾਰੀਏ ਤਾਂ ਸੱਚ ਜਾਣਿ ! ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਸੁਹਿਰਦਤਾ ਤੇ ਵਿਦਵਤਾ ਤੋਂ ਸੱਖਣੇ ਅਤੇ ਬੌਧਿਕ ਕੰਗਾਲੀ ਦੇ ਸ਼ਿਕਾਰ ਸਾਡੇ ਆਗੂਆਂ ਵਿਚ ਸਿੱਖ ਕੌਮ ਨੂੰ ਸੇਧ ਦੇਣ ਲਈ ਲੋੜੀਂਦੀ ਦੂਰਅੰਦੇਸ਼ੀ, ਯੋਗਤਾ ਅਤੇ ਸਮਰੱਥਾ ਦੀ ਬੇਹੱਦ ਕਮੀ ਦਿਖਾਈ ਦੇ ਰਹੀ ਹੈ। ਉਹਨਾਂ ਦੀ ਮਨਸ਼ਾ, ਮਨਸੂਬੇ ਅਤੇ ਕਾਰਕਰਦਗੀ ਹੁਣ ਸਿੱਖ ਕੌਮ ਵਲੋਂ ਸ਼ੱਕ ਦੀ ਨਿਗਾਹ ਨਾਲ ਦੇਖੀ ਜਾ ਰਹੀ ਹੈ। ਅਜੋਕੀ ਸਿੱਖ ਸਿਆਸਤ ਦਾ ਸਭ ਤੋਂ ਵੱਧ ਅਫ਼ਸੋਸਜਨਕ ਪਹਿਲੂ ਇਹ ਹੈ ਕਿ ਇਕ ਪਾਸੇ ਅਸੀਂ ਆਪਣੀਆਂ ਧਾਰਮਿਕ ਸੰਸਥਾਵਾਂ ਦੀ ਸਰਵਉੱਚਤਾ ਉਤੇ ਸਵਾਲ ਖੜ੍ਹੇ ਕਰ ਰਹੇ ਹਾਂ ਅਤੇ ਦੂਜੇ ਪਾਸੇ ਭਰਾਮਾਰੂ ਜੰਗ ਵਿਚ ਇਕ ਦੂਜੇ ਦੀ ਕਿਰਦਾਰਕੁਸ਼ੀ, ਇਕ ਦੂਜੇ ਉੱਪਰ ਇਲਜ਼ਾਮਤਰਾਸ਼ੀ, ਹੁਲੜਬਾਜ਼ੀ ਅਤੇ ਆਪਹੁਦਰੇਪਣ ਦੀਆਂ ਸਾਰੀਆਂ ਸੀਮਾਵਾਂ ਨੂੰ ਪਾਰ ਕਰ ਗਏ ਹਾਂ। ਅੱਜ ਕੋਈ ਕਿਸੇ ਨੂੰ ਆਪਣਾ ਆਗੂ ਮੰਨਣ ਲਈ ਤਿਆਰ ਨਹੀਂ, ਕੋਈ ਪੰਥਕ ਏਜੰਡੇ ਉਤੇ ਆਮ ਸਹਿਮਤੀ ਲਈ ਆਪਣੇ ਨਿੱਜੀ ਮੁਫਾਦਾਂ ਨੂੰ ਛੱਡਣ ਲਈ ਤਿਆਰ ਨਹੀਂ, ਕੋਈ ਪੰਥਕ ਸੋਚ ਨੂੰ ਅਪਣਾਉਣ ਲਈ ਇਕ ਮੰਚ ਉਤੇ ਸੰਗਤੀ ਰੂਪ ਵਿਚ ਬੈਠਣ ਨੂੰ ਤਿਆਰ ਨਹੀਂ ਅਤੇ ਹਰ ਕੋਈ ਛੋਟਾ-ਵੱਡਾ ਲੀਡਰ ਖੁਦ ਨੂੰ ਪੰਥਕ ਆਵਾਜ਼ ਕਰਾਰ ਦਿੰਦੇ ਹੋਏ ਸਿੱਖ ਵਿਰੋਧੀ ਤਾਕਤਾਂ ਦੇ ਹੱਥਾਂ ਵਿਚ ਕਠਪੁਤਲੀਆਂ ਵਾਂਗ ਵਿਚਰਨ ਨੂੰ ਆਪਣਾ ਸੁਭਾਗ ਸਮਝ ਰਿਹਾ ਹੈ।

ਵਰਤਮਾਨ ਸਮੇਂ ਵਿਚ ਪੰਥ ਹਿਤੈਸ਼ੀ ਖੁਦ ਨੂੰ ਅਲੱਗ-ਥਲੱਗ ਸਮਝ ਰਹੇ ਹਨ, ਟਕਸਾਲੀ ਆਗੂ ਪਹਿਲਾਂ ਹੀ ਹਾਸ਼ੀਏ ਉੱਤੇ ਧਕੇਲ ਦਿੱਤੇ ਗਏ ਹਨ, ਸਿੱਖ ਨੌਜਵਾਨਾਂ ਨੂੰ ਵਰਗਲਾਉਣ ਦੀਆਂ ਕੋਸ਼ਿਸ਼ਾਂ ਕਰਨ ਵਿਚ ਮਾਹਿਰ ਸਿਆਸਤਦਾਨ ਹਮੇਸ਼ਾ ਵਾਂਗ ਪੰਥ ਦੋਖੀਆਂ ਦੇ ਹੱਥਾਂ ਵਿਚ ਕਠਪੁਤਲੀਆਂ ਵਾਂਗ ਵਿਚਰਦੇ ਹੋਏ ਦਿਖਾਈ ਦੇ ਰਹੇ ਹਨ ਅਤੇ ਸਿੱਖਾਂ ਦੇ ਸਰੋਕਾਰਾਂ, ਹਿੱਤਾਂ ਅਤੇ ਮੰਗਾਂ ਦਾ ਵੱਖ-ਵੱਖ ਧਿਰਾਂ ਵਲੋਂ ਕੀਤਾ ਜਾ ਰਿਹਾ ਸਿਆਸੀਕਰਨ ਸਿੱਖ ਕੌਮ ਨੂੰ ਸੂਬਾਈ, ਰਾਸ਼ਟਰੀ ਅਤੇ ਆਲਮੀ ਪੱਧਰ ਉਤੇ ਨਿੱਤ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਮਜਬੂਰ ਕਰ ਰਿਹਾ ਹੈ। ਦਰਅਸਲ ਸਿੱਖਾਂ ਨੂੰ ਆਪਸੀ ਵਾਦ-ਵਿਵਾਦਾਂ ਅਤੇ ਭੰਬਲਭੂਸੇ ਵਿਚ ਉਲਝਾਉਣ ਦੀਆਂ ਕੋਝੀਆਂ ਕੋਸ਼ਿਸ਼ਾਂ ਨੂੰ ਅਸਫ਼ਲ ਬਣਾਉਣ ਲਈ ਸਾਡੇ ਆਗੂਆਂ ਕੋਲ ਉਚਿਤ ਰਣਨੀਤੀ ਅਤੇ ਇੱਛਾ ਸ਼ਕਤੀ ਦੀ ਘਾਟ ਦੇ ਫ਼ਲਸਰੂਪ ਸਿੱਖਾਂ ਦੇ ਮਸਲਿਆਂ ਦਾ ਹਲ ਲੱਭਣ ਲਈ ਉਸਾਰੂ, ਦੂਰਅੰਦੇਸ਼ ਤੇ ਸਾਕਾਰਾਤਮਕ ਸੋਚ ਅਪਣਾਉਣ ਦੀ ਬਜਾਏ ਜਜ਼ਬਾਤਾਂ ਦੇ ਵਹਿਣ ਵਿਚ ਵਹਿ ਕੇ ਸਾਡੇ ਮੌਕਾਪ੍ਰਸਤ ਤੇ ਉਲਾਰੂ ਸੋਚ ਵਾਲੇ ਅਖੌਤੀ ਪੰਥਕ ਤੇ ਸਿਆਸੀ ਆਗੂਆਂ ਵਲੋਂ ਪੰਥ ਨੂੰ ਦਰਪੇਸ਼ ਚੁਣੌਤੀਆਂ ਲਈ ਇਕ ਦੂਜੇ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਵਰਤਮਾਨ ਸਮੇਂ ਵਿਚ ਬੇਭਰੋਸਗੀ ਦਾ ਆਲਮ ਇਹ ਹੈ ਕਿ ਲੋਕ ਆਪਣੇ ਵਿਅਕਤੀਗਤ ਏਜੰਡੇ ਨੂੰ ਬੜਾਵਾ ਦੇਣ ਲਈ ਸਿੱਖ ਪਰੰਪਰਾਵਾਂ, ਸ਼੍ਰੋਮਣੀ ਸੰਸਥਾਵਾਂ ਅਤੇ ਸੁਹਿਰਦ ਸੋਚ ਰੱਖਣ ਵਾਲੇ ਆਗੂਆਂ ਨੂੰ ਅਪਣਾ ਜਾਤੀ ਦੁਸ਼ਮਣ ਸਮਝ ਰਹੇ ਹਨ।

ਜਿਸ ਨਾਜ਼ੁਕ ਦੌਰ ਵਿਚੋਂ ਅੱਜ ਸਿੱਖ ਕੌਮ ਨੂੰ ਗੁਜ਼ਰਨਾ ਪੈ ਰਿਹਾ ਹੈ, ਜਿਸ ਤਰ੍ਹਾਂ ਸਿੱਖ ਕੌਮ ਦਾ ਵਿਰੋਧ ਕਰਨ ਵਾਲੇ ਸਿੱਖ ਕੌਮ ਬਾਰੇ ਗੁੰਮਰਾਹਕੁੰਨ ਪ੍ਰਚਾਰ ਕਰਕੇ ਸਿੱਖਾਂ ਦੇ ਸਰੋਕਾਰਾਂ ਨੂੰ ਢਾਹ ਲਾਉਣ ਲਈ ਸਾਜ਼ਿਸ਼ਾਂ ਰਚ ਰਹੇ ਹਨ ਅਤੇ ਜਿਸ ਤਰ੍ਹਾਂ ਅੱਜ ਦੇ ਸਮੇਂ ਵਿਚ ਸਿੱਖ ਇਕ ਦੂਜੇ ਵਿਰੁੱਧ ਖੜ੍ਹੇ ਹੋ ਕੇ ਆਪਣੇ ਆਪ ਨੂੰ ਸਹੀ ਅਤੇ ਦੂਜੇ ਨੂੰ ਨੀਵਾਂ ਦਿਖਾਉਂਦੇ ਹੋਏ ਸਿੱਖ ਕੌਮ ਦੀਆਂ ਜੜ੍ਹਾਂ ਨੂੰ ਖੋਖਲਾ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ, ਇਸ ਸਭ ਦੇ ਮੱਦੇਨਜ਼ਰ ਇਹ ਸਹਿਜੇ ਹੀ ਮਹਿਸੂਸ ਹੁੰਦਾ ਹੈ ਕਿ ਸਾਨੂੰ ਪੰਥ ਦੋਖੀਆਂ ਦੀਆਂ ਸਾਜ਼ਿਸ਼ਾਂ ਤੋਂ ਖ਼ਬਰਦਾਰ ਰਹਿਣ ਦੇ ਨਾਲ-ਨਾਲ ਆਪਣੇ ਗਿਰੇਬਾਨ ਵਿਚ ਵੀ ਝਾਂਕਣ ਦੀ ਲੋੜ ਹੈ।

ਸਾਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਆਪਣੀਆਂ ਅਸਫ਼ਲਤਾਵਾਂ ਲਈ ਹਮੇਸ਼ਾ ਦੂਜਿਆਂ ਸਿਰ ਦੋਸ਼ ਮੜ੍ਹਨ ਨਾਲ ਕਦੇ ਵੀ ਹਲਾਤਾਂ ਨੂੰ ਸੁਧਾਰਿਆ ਨਹੀਂ ਜਾ ਸਕਦਾ ਹੈ। ਜੇਕਰ ਗਹੁ ਨਾਲ ਵਾਚਿਆ ਜਾਵੇ ਤਾਂ ਇਹ ਵੀ ਮਹਿਸੂਸ ਹੁੰਦਾ ਹੈ ਜਿਸ ਸਮਾਜਿਕ, ਸਭਿਆਚਾਰਕ, ਰਾਜਨੀਤਕ, ਆਰਥਿਕ, ਵਿਚਾਰਧਾਰਕ ਅਤੇ ਧਾਰਮਿਕ ਨਿਘਾਰ ਵਿਚੋਂ ਸਾਨੂੰ ਸਿੱਖ ਗੁਰੂ ਸਾਹਿਬਾਨ ਨੇ ਕੱਢਿਆ ਸੀ, ਅਸੀਂ ਆਪਣੀ ਬੇਸਮਝੀ ਵਸ ਉਸੇ ਨਿਘਾਰ ਵੱਲ ਬੜੀ ਕਾਹਲੀ-ਕਾਹਲੀ ਕਦਮ ਵਧਾ ਰਹੇ ਹਾਂ। ਅਜੋਕੇ ਸਮੇਂ ਵਿਚ ਡੇਰੇਦਾਰਾਂ, ਅਖੌਤੀ ਵਿਦਵਾਨਾਂ, ਮੀਡੀਆ ਚੈਨਲਾਂ, ਨਵੇਂ-ਨਵੇਂ ਬਣੇ ਪ੍ਰਚਾਰਕਾਂ ਅਤੇ ਸੋਸ਼ਲ ਮੀਡੀਆ ਉੱਪਰ ਸਰਗਰਮ ਕੁਝ ਲੋਕਾਂ ਵਲੋਂ ਸਿੱਖਾਂ ਨੂੰ ਮਾਨਸਿਕ ਤੌਰ ਉੱਤੇ ਭਰਮਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਤਿਹਾਸਕ ਤੱਥਾਂ ਨੂੰ ਜਾਣਬੁੱਝ ਕੇ ਤੋੜਿਆ-ਮਰੋੜਿਆ ਜਾ ਰਿਹਾ ਹੈ ਅਤੇ ਸੁਨਹਿਰੀ ਤੇ ਮਾਣਮੱਤੀਆਂ ਸਿੱਖ ਰਿਵਾਇਤਾਂ ਉਤੇ ਬੇਲੋੜੇ ਤੇ ਵਿਵਾਦਪੂਰਨ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ। ਇਕ ਤਰਫ਼ ਅਸੀਂ ਖ਼ੁਦ ਨੂੰ ਗੁਰੂ ਦੇ ਸਿੱਖ ਕਹਾਉਣ ਦਾ ਦਾਅਵਾ ਕਰਦੇ ਹਾਂ ਅਤੇ ਦੂਜੀ ਤਰਫ਼ ਅਸੀਂ ਗੁਰੂ ਵਲੋਂ ਦਰਸਾਏ ਮਾਰਗ ਉੱਪਰ ਚੱਲਣ ਤੋਂ ਵੀ ਮੁਨਕਰ ਹਾਂ। ਅਸੀਂ ਆਪਣੀ ਹਰ ਸਮਸਿਆ, ਦੁਚਿੱਤੀ ਅਤੇ ਵਿਵਾਦ ਲਈ ਦੂਸਰਿਆਂ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਖ਼ੁਦ ਨੂੰ ਬੇਕਸੂਰ ਕਹਿਲਾਉਣ ਦੇ ਆਦੀ ਹੋ ਚੁੱਕੇ ਹਾਂ।

ਵਾਸਤਵ ਵਿਚ ਨਾ ਸਾਡੀਆਂ ਗੁਰੂਆਂ ਦੀ ਚਰਨ ਛੋਹ ਪ੍ਰਾਪਤ ਪੰਜਾਬ ਦੀ ਧਰਤੀ ਨਾਲ ਕੋਈ ਮੋਹ ਰਿਹਾ ਹੈ, ਨਾ ਹੀ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਵਲੋਂ ਦਿੱਤੇ ਗਏ ਸਿੱਖੀ ਸਰੂਪ ਨੂੰ ਅਪਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਨਾ ਹੀ ਅਸੀਂ ਪੰਜਾਬੀ ਭਾਸ਼ਾ ਤੇ ਪੰਜਾਬੀ ਸਭਿਆਚਾਰ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਹਾਂ, ਨਾ ਹੀ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਬਹਾਲ ਰੱਖਣ ਵਿਚ ਸਮਰਥ ਹਾਂ ਅਤੇ ਨਾ ਅਸੀਂ ਸਿੱਖ ਗੁਰੂਆਂ ਦੇ ਅਦੁੱਤੀ ਉਪਦੇਸ਼ਾਂ ਨੂੰ ਸਮਝਣ ਤੇ ਉਹਨਾਂ ਨੂੰ ਆਪਣੇ ਅਮਲੀ ਜੀਵਨ ਦਾ ਹਿੱਸਾ ਬਣਾਉਣ ਲਈ ਤਤਪਰ ਹਾਂ।

ਅਸਲ ਵਿਚ ਅਸੀਂ ਕੇਵਲ ਫਜ਼ੂਲ ਦੇ ਬਹਿਸ ਮੁਬਾਸਿਆਂ ਵਿਚ ਉਲਝ ਕੇ ਆਪਣੀ ਪੰਥਕ ਸ਼ਕਤੀ ਨੂੰ ਵਿਅਰਥ ਗੁਆਉਣ ਵਿਚ ਰੁਚਿਤ ਹਾਂ। ਸਾਨੂੰ ਵਿਅਕਤੀਗਤ ਅਤੇ ਪੰਥਕ ਤੌਰ ਉੱਪਰ ਇਸ ਗੱਲ ਨੂੰ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ ਕਿ ਆਪਸ ਵਿਚ ਉਲਝ ਕੇ, ਗੁਰਬਾਣੀ ਦੇ ਮਨਚਾਹੇ ਅਰਥ ਕੱਢ ਕੇ, ਸਿੱਖ ਆਦਰਸ਼ਾਂ ਨੂੰ ਤਿਆਗ ਕੇ, ਪੰਜਾਬ, ਪੰਜਾਬੀ ਤੇ ਪੰਜਾਬੀਅਤ ਪ੍ਰਤੀ ਆਪਣੇ ਫਰਜ਼ ਭੁਲਾ ਕੇ, ਸਿੱਖ ਪਰੰਪਰਾਵਾਂ ਨੂੰ ਵਾਦ-ਵਿਵਾਦ ਦਾ ਹਿੱਸਾ ਬਣਾ ਕੇ, ਗੁਰੂ ਨਾਨਕ ਦੇ ਆਦਰਸ਼ ਸਮਾਜ ਦੇ ਸੰਕਲਪ ਨੂੰ ਵਿਸਾਰ ਕੇ, ਗੁਰਮਤਿ ਦੇ ਰਾਹ ਨੂੰ ਛੱਡ ਕੇ ਮਨਮੱਤ ਦੇ ਰਾਹ ਉੱਤੇ ਤੁਰਦਿਆਂ ਨਾ ਤਾਂ ਵਿਅਕਤੀਗਤ ਤੌਰ ਉੱਪਰ ਸਾਡਾ ਤੇ ਨਾ ਸਮੂਹਿਕ ਰੂਪ ਵਿਚ ਪੰਥ ਦਾ ਕੋਈ ਭਲਾ ਹੋ ਸਕਦਾ ਹੈ। ਬੇਸ਼ਕ ਅੱਜ ਸਿੱਖਾਂ ਨੂੰ ਵਰਗਲਾਉਣ, ਗੁੰਮਰਾਹ ਕਰਨ ਅਤੇ ਆਪਸ ਵਿਚ ਇਕ ਦੂਜੇ ਖ਼ਿਲਾਫ਼ ਖੜ੍ਹੇ ਹੋਣ ਲਈ ਸੁਚੇਤ ਪੱਧਰ ਉਤੇ ਵੱਖ-ਵੱਖ ਧਿਰਾਂ ਵਲੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਲੇਕਿਨ ਸਿੱਖਾਂ ਦੀਆਂ ਸਾਰੀਆਂ ਦੁਨਿਆਵੀ ਅਤੇ ਰੂਹਾਨੀ ਉਲਝਣਾਂ ਦਾ ਹਲ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਸਮਰਪਣ ਅਤੇ ਪੰਥਕ ਸੋਚ ਨੂੰ ਅਪਣਾਉਣ ਵਿਚ ਛੁਪਿਆ ਹੋਇਆ ਹੈ। ਬਦਕਿਸਮਤੀ ਨਾਲ ਅਸੀਂ ਇਹ ਸਮਝਣ ਦੀ ਸਭ ਤੋਂ ਵੱਡੀ ਭੁੱਲ ਕਰ ਰਹੇ ਹਾਂ ਕਿ ਸਾਡੀਆਂ ਸਮਸਿਆਵਾਂ ਦਾ ਹਲ ਸ਼ਾਇਦ ਸਾਡੇ ਬਦਨੀਅਤ ਅਖੌਤੀ ਸਿਆਸੀ ਆਗੂਆਂ ਅਤੇ ਉਹਨਾਂ ਦੇ ਜ਼ਰਖਰੀਦ ਸਿੱਖ ਧਰਮ ਦੇ ਠੇਕੇਦਾਰਾਂ ਕੋਲ ਹੈ। ਜਦੋਂ ਤੱਕ ਹਰ ਸਿੱਖ ਗੁਰੂ ਨਾਨਕ ਦੇ ਫ਼ਲਸਫ਼ੇ ਦੀਆਂ ਗੁਝੀਆਂ ਰਮਜ਼ਾਂ ਨੂੰ ਨਹੀਂ ਸਮਝੇਗਾ ਤਦ ਤੱਕ ਸਿੱਖ ਕੌਮ ਇਸੇ ਤਰ੍ਹਾਂ ਆਪਣਿਆਂ ਅਤੇ ਬਿਗਾਨਿਆਂ ਦੇ ਹੱਥੋਂ ਖੁਆਰ ਹੁੰਦੀ ਰਹੇਗੀ। ਸਾਨੂੰ ਇਸ ਗੱਲ ਦਾ ਵੀ ਅਹਿਸਾਸ ਹੋਣਾ ਚਾਹੀਦਾ ਹੈ ਕਿ ਗੁਰੂ ਵੱਲ ਪਿੱਠ ਕਰਕੇ ਅਸੀਂ ਨਾ ਤਾਂ ਆਪਣਾ ਅਤੇ ਨਾ ਹੀ ਕੌਮ ਦਾ ਕੁਝ ਸੰਵਾਰ ਸਕਾਂਗੇ।

ਅਜੋਕੇ ਸਮੇਂ ਵਿਚ ਇਸ ਗੱਲ ਵੀ ਤਵੱਜੋ ਦੇਣ ਦੀ ਲੋੜ ਹੈ ਕਿ ਪੰਥਕ ਏਕਤਾ ਲਈ ਪੰਜਾਬ ਅਤੇ ਭਾਰਤ ਦੇ ਦੂਰ ਦਰਾਜ਼ ਦੇ ਇਲਾਕਿਆਂ ਵਿਚ ਵਸਦੇ ਸਿਕਲੀਗਰ, ਵਣਜਾਰੇ, ਲੁਬਾਣੇ, ਸਤਨਾਮੀਏ, ਭੀਲ ਅਤੇ ਦਲਿਤ ਸਿੱਖਾਂ ਵਿਚ ਪੈਦਾ ਹੋ ਰਹੇ ਬੇਗਾਨਗੀ ਦੇ ਅਹਿਸਾਸ ਨੂੰ ਖਤਮ ਕਰਕੇ ਇਹਨਾਂ ਸਿੱਖਾਂ ਨੂੰ ਸਿੱਖ ਸੰਸਥਾਵਾਂ ਵਿਚ ਬਰਾਬਰਤਾ ਦੇ ਅਧਾਰ ਉੱਤੇ ਪਹਿਲਾਂ ਨਾਲੋਂ ਵਧੇਰੇ ਪ੍ਰਤੀਨਿਧਤਾ ਦਿੱਤੀ ਜਾਵੇ ਅਤੇ ਹਰੇਕ ਸਿੱਖ ਦੀਆਂ ਲੋੜਾਂ ਅਤੇ ਸਰੋਕਾਰਾਂ ਨੂੰ ਧਿਆਨ ਵਿਚ ਰੱਖਿਆ ਜਾਵੇ। ਕਿਸੇ ਇਕ ਵਿਸ਼ੇਸ਼ ਜਾਤੀ, ਕਬੀਲੇ ਅਤੇ ਨਸਲ ਨਾਲ ਸਬੰਧਤ ਸਿੱਖਾਂ ਨੂੰ ਆਪਣੇ ਉੱਚੇ ਆਰਥਿਕ ਰੁਤਬੇ ਜਾਂ ਰਾਜਨੀਤਕ ਅਸਰ ਰਸੂਖ ਕਾਰਨ ਹੋਰਨਾਂ ਸਿੱਖਾਂ ਵਿਚ ਡਰ, ਬੇਵਿਸ਼ਵਾਸੀ ਅਤੇ ਸ਼ੰਕੇ ਪੈਦਾ ਕਰਨ ਤੋਂ ਰੋਕਣਾ ਬੇਹੱਦ ਜ਼ਰੂਰੀ ਹੈ, ਕਿਉਂਕਿ ਜੇਕਰ ਅਜਿਹਾ ਨਹੀਂ ਹੁੰਦਾ ਹੈ ਤਾਂ ਫਿਰ ਸ਼ੋਸ਼ਣ, ਅਨਾਦਰ ਅਤੇ ਤਿਰਸਕਾਰ ਦਾ ਸਾਹਮਣਾ ਕਰ ਰਹੇ ਇਹ ਸਿੱਖ ਹੌਲੀ-ਹੌਲੀ ਸਿੱਖ ਧਰਮ ਤੋਂ ਸਦਾ ਲਈ ਦੂਰ ਹੋ ਜਾਣਗੇ।

ਅੱਜ ਇਸ ਗੱਲ ਦੀ ਵੀ ਬੇਹੱਦ ਲੋੜ ਹੈ ਕਿ ਆਪਣੀਆਂ ਗਲਤੀਆਂ ਨੂੰ ਸਵੀਕਾਰ ਕਰਕੇ ਸ਼ੁਧ ਹਿਰਦੇ ਨਾਲ ਹਰ ਤਰ੍ਹਾਂ ਦੇ ਸਿਆਸੀ ਜੋੜ-ਤੋੜ ਅਤੇ ਵਕਤੀ ਤੌਰ ਉੱਪਰ ਮਿਲਣ ਵਾਲੇ ਸਿਆਸੀ ਲਾਭਾਂ ਦੇ ਮੋਹ ਨੂੰ ਤਿਆਗ ਕੇ ਇਕ ਵਾਰ ਨਵੇਂ ਸਿਰਿਉਂ ਪੰਥਕ ਸੋਚ ਨੂੰ ਅਪਣਾਉਣ ਅਤੇ ਪੰਥਕ ਏਜੰਡੇ ਵੱਲ ਵਾਪਸ ਮੁੜਨ ਦੀ ਪਹਿਲਕਦਮੀ ਕੀਤੀ ਜਾਵੇ। ਇਸ ਸਚਾਈ ਨੂੰ ਸਵੀਕਾਰ ਕਰਨ ਵਿਚ ਵੀ ਕੋਈ ਗੁਰੇਜ਼ ਨਹੀਂ ਕਰਨਾ ਚਾਹੀਦਾ ਹੈ ਕਿ ਇਕ-ਦੂਜੇ ਉਤੇ ਚਿਕੜ ਸੁੱਟ ਕੇ ਸਿੱਖ ਕੇਵਲ ਜੱਗ ਹਸਾਈ ਤਾਂ ਕਰਵਾ ਸਕਦੇ ਹਨ, ਲੇਕਿਨ ਸਿੱਖ ਆਪਣੇ ਹਿੱਤਾਂ ਦੀ ਰਾਖੀ ਕਰਨ ਦੇ ਕਦੇ ਸਮਰੱਥ ਨਹੀਂ ਹੋ ਸਕਦੇ ਹਨ।

## ਸਾਲ ਨਵਾਂ

ਜਿੰਦ ਝੋਰਿਆਂ ਖਾਧੀ ਚਿਰ ਤੋਂ,
ਨਾ ਕੋਈ ਅੱਜ ਵੀ ਹਾਲ ਨਵਾਂ।
ਕਿਹੜੇ ਮੂੰਹ ਨਾਲ ਦਿਆਂ ਵਧਾਈਆਂ
ਕਿਵੇਂ ਆਖਾਂ ਮੈਂ ਸਾਲ ਨਵਾਂ।

ਨਸ਼ਿਆਂ ਅੱਜ ਜਵਾਨੀ ਖਾ ਲਈ,
ਧਾਹੀਂ ਰੋਵਣ ਬੁੱਢੜੇ ਮਾਪੇ।
ਖੁਸ਼ੀਆਂ ਗਈਆਂ ਗਮੀਆਂ ਆਈਆਂ,
ਘਰਾਂ ਦੇ ਅੰਦਰ ਵੈਣ ਸਿਆਪੇ।
ਨਸ਼ੇ ਸੌਦਾਗਰਾਂ ਨਸ਼ੇ ਫੈਲਾਉਣ ਦਾ,
ਬੁਣਿਆ ਕੇਹਾ ਜਾਲ ਨਵਾਂ।
ਕਿਹੜੇ ਮੂੰਹ ਨਾਲ ਦਿਆਂ ਵਧਾਈਆਂ,
ਕਿਵੇਂ ਆਖਾਂ ਮੈਂ ਸਾਲ ਨਵਾਂ।

ਧੀਆਂ ਪੁੱਤ ਜਹਾਜੀਂ ਚੜ ਗਏ,
ਮਿਲਿਆ ਸੀ ਰੁਜ਼ਗਾਰ ਨਾ ਕੋਈ ।
ਦੋਹਰੀ ਮਾਰ 'ਚ ਫਸ ਗਏ ਬੱਚੇ,
ਵਿੱਚ ਵਿਦੇਸ਼ ਵੀ ਮਿਲੇ ਨਾ ਢੋਈ।
ਮੌਤ ਕੁਲਹਿਣੀ ਪਾਰ ਸਮੁੰਦਰ,
ਰੋਜ ਨਿਗਲਦੀ ਲਾਲ ਨਵਾਂ।
ਕਿਹੜੇ ਮੂੰਹ ਨਾਲ ਦਿਆਂ ਵਧਾਈਆਂ,
ਕਿਵੇਂ ਆਖਾਂ ਮੈਂ ਸਾਲ ਨਵਾਂ।

ਰਿਸ਼ਵਤ ਖੋਰੀ , ਸੀਨਾ ਜੋਰੀ,
ਕਤਲੋ ਗਾਰਦ ਦਿਨੇ ਦਿਹਾੜੇ।
ਬੰਬ ਬੰਦੂਕਾਂ ਬਣੀਆਂ ਖੇਡਾਂ,
ਮਾਂ ਧਰਤੀ ਪਈ ਕੱਢਦੀ ਹਾੜੇ ।
ਕੌਣ ਜਾਣੇ ਅੱਜ ਕਿਸ ਦੇ ਸਿਰ ਤੇ,
ਚੜ੍ਹ ਕੇ ਆ ਜਾਏ ਕਾਲ ਨਵਾਂ ।
ਕਿਹੜੇ ਮੂੰਹ ਨਾਲ ਦਿਆਂ ਵਧਾਈਆਂ,
ਕਿਵੇਂ ਆਖਾਂ ਮੈ ਸਾਲ ਨਵਾਂ ।

ਸਾਲ 77 ਬੀਤ ਗਏ ਨੇ,
ਸੁਣਦੇ ਆਏ ਲਾਰੇ ।
ਚੋਣਾਂ ਸਦਾ ਹੀ ਲੀਡਰ ਜਿੱਤਣ,
ਲੋਕ ਹਮੇਸ਼ਾ ਹਾਰੇ ।
ਬੋਤਲ ਨਵੀਂ, ਸ਼ਰਾਬ ਪੁਰਾਣੀ,
ਕੋਈ ਨਾ ਦਿਸਦਾ ਮਾਲ ਨਵਾਂ।
ਕਿਹੜੇ ਮੂੰਹ ਨਾਲ ਦਿਆਂ ਵਧਾਈਆਂ,
ਕਿਵੇਂ ਆਖਾਂ ਮੈਂ ਸਾਲ ਨਵਾਂ।

ਹਸਪਤਾਲਾਂ ਵਿੱਚ ਰੋਗੀ ਰੁਲਦੇ,
ਵਿੱਚ ਸਕੂਲੀ ਬੱਚੇ ।
ਬਦਲ ਬਦਲ ਸਰਕਾਰਾਂ ਆਈਆਂ,
ਵਾਅਦੇ ਕਰਕੇ ਕੱਚੇ।
ਨਾ ਅਧਿਆਪਕ ਨਾ ਹੀ ਡਾਕਟਰ,
ਹੋਰ ਨਾ ਕੋਈ ਸਵਾਲ ਨਵਾਂ ।
ਕਿਹੜੇ ਮੂੰਹ ਨਾਲ ਦਿਆਂ ਵਧਾਈਆਂ,
ਕਿਵੇਂ ਆਖਾਂ ਮੈਂ ਸਾਲ ਨਵਾਂ।

ਮੰਡੀਆਂ ਵਿੱਚ ਕਿਸਾਨ ਰੁਲ ਗਿਆ,
ਗੁਰਬਤ ਵਿੱਚ ਮਜ਼ਦੂਰ।
ਕਰਜ਼ੇ ਨੇ ਪਿੱਠ ਕੁੱਬੀ ਕੀਤੀ,
ਸੁਪਨੇ ਚਕਨਾ ਚੂਰ।
ਬੰਦੇ ਖਾਣੀਆਂ ਸੜਕਾਂ ਕਰ ਜਾਣ,
ਬੰਦਾ ਰੋਜ਼ ਹਲਾਲ ਨਵਾਂ।
ਕਿਹੜੇ ਮੂੰਹ ਨਾਲ ਦਿਆਂ ਵਧਾਈਆਂ,
ਕਿਵੇਂ ਆਖਾਂ ਮੈਂ ਸਾਲ ਨਵਾਂ।

ਕੌਣ ਵਰਤ ਗਿਆ ਭੋਲੀ ਜਨਤਾ,
ਮੁੜ ਮੁੜ ਕਰ ਹੁਸ਼ਿਆਰੀ।
ਲੋਕਾਂ ਨੂੰ ਸਿਰ ਜੋੜ ਬੈਠਣ ਦੀ,
ਕਰਨੀ ਪਊ ਤਿਆਰੀ।
ਲਾਉਣੀ ਪਊਗੀ ਚੋਟ ਨਗਾਰੇ ,
ਛੇੜਨਾ ਪਊਗਾ ਤਾਲ ਨਵਾਂ।
ਫਿਰ ਆਖਾਂਗੇ ਦਿਓ ਵਧਾਈਆਂ,
ਚੜ੍ਹਿਆ ਹੈ ਅੱਜ ਸਾਲ ਨਵਾਂ।

ਉੱਠ ਪੰਜਾਬੀਆਂ ਪਾ ਗਲਵਕੜੀ,
ਮਾਰੀ ਇੱਕ ਆਵਾਜ਼ "ਲੰਗੇਰੀ"।
ਕਲਮ, ਕਲਾ, ਸੰਗਰਾਮ ਮਿਲੇ ਜਦ,
ਮੁੱਕ ਜਾਏਗੀ ਵਾਟ ਲੰਮੇਰੀ।
ਭੂਮੀ ਗਾਊ ਅੰਬਰ ਨੱਚੂ ,
ਚਿਹਰਾ ਫੜੂ ਜਲਾਲ ਨਵਾਂ ।
ਫਿਰ ਆਖਾਂਗੇ ਦਿਓ ਵਧਾਈਆਂ
ਚੜ੍ਹਿਆ ਹੈ ਅੱਜ ਸਾਲ ਨਵਾਂ।

- ਅਵਤਾਰ ਲੰਗੇਰੀ
9463260181

## ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ

ਹਾਸੇ ਖੇੜੇ ਤੜਕ ਸਵੇਰੇ ਮਾਂ ਬਾਪੂ ਦਾ ਪਿਆਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ ।
ਸ਼ੁੱਧ ਚਰਿਤਰ ਦੀ ਪਰਿਭਾਸ਼ਾ ਮਿੱਠੇ-ਮਿੱਠੇ ਬੋਲ ।
ਬੋਲਣ ਤੋਂ ਵੀ ਪਹਿਲਾਂ ਸੱਜਣਾਂ ਪੂਰਾ-ਪੂਰਾ ਤੋਲ ।
ਮੰਦਿਰ ਵਿਚਲੀ ਪੂਜਾ ਵਾਂਗੂੰ ਸਭ ਦਾ ਕਰ ਸਤਿਕਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ ।
ਦਹਿਲੀਜਾਂ ਤੇ ਸੁਰਖ ਸਵੇਰਾ ਸੱਚੇ-ਸੁੱਚੇ ਸਪਨੇ ।
ਦਿਨ ਚੜ੍ਹਿਆ ਹੈ ਭਾਗਾਂ ਵਾਲਾ ਗ਼ੈਰ ਵੀ ਹੋਏ ਅਪਣੇ ।
ਵਿਚ ਵਿਦੇਸ਼ੋਂ ਆਏ ਸੋਹਣੇ ਬੂਹੇ ਬੰਦਨਵਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ
ਬੂਹੇ ਉਤੇ ਵੇਲ ਚੜ੍ਹੀ ਹੈ ਪਹਿਣ ਗੁਲਾਬੀ ਸਾੜੀ ।
ਸੂਰਜ ਆਪਣੀ ਮਮਤਾ ਵਿਚੋਂ ਧੁੱਪ ਬਿਖੇਰੇ ਗਾੜੀ ।
ਸਰਦੀ ਦੀ ਰੁੱਤ ਛਮ-ਛਮ ਆਈ ਕਰ ਕੇ ਹਾਰ ਸ਼ਿਗਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ
ਫੁੱਲ ਖਿੜ੍ਹੇ ਨੇ ਡਾਲੀ-ਡਾਲੀ ਏਦਾਂ ਸੋਹਣੇ-ਸੋਹਣੇ ।
ਨੰਨੇ-ਮੁੰਨ੍ਹੇ ਬੱਚੇ ਜਿੱਦਾਂ ਲਗਦੇ ਨੇ ਮਨਮੋਹਣੇ ।
ਝਾਂਈ-ਮਾਂਈ ਬੱਚੇ ਕਰਦੇ ਘੁੰਢ ਵਿਚੋਂ ਦੀਦਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ
ਸਭ ਦੇ ਦਿਲ ਵਿਚ ਸੱਚਾਈ ਦੇ ਦੀਵੇ ਜਗਦੇ ਹੋਵਣ ।
ਝੁੱਗੀ ਝੌਂਪੜ ਬੇ-ਇਨਸਾਫੀ ਵਿੱਚ ਨਾ ਲੋਕੀਂ ਰੋਵਣ ।
ਹੰਕਾਰ ਬੁਰਾਈ ਨਫ਼ਰਤ ਵਾਲੀ ਤੋੜ ਦਿਓ ਦੀਵਾਰ ।

ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ
ਉੱਚ ਵਿਦਿਆ ਦੇ ਦਾਜ 'ਚ ਜਿਸ ਨੇ ਦਿੱਤੇ ਸਾਰੇ ਗਹਿਣੇ ।
ਸੂਰਜ ਵਾਂਗੂ ਚਮਕਣ ਜਿਹੜੇ ਸੂਰਜ ਵਾਂਗੂੰ ਰਹਿਣੇ ।
ਭੁੱਲ ਨਈ ਸਕਦੀਆਂ ਧੀਆਂ ਆਪਣੇ ਬਾਬਲ ਦਾ ਉਪਕਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ
ਧੀਆਂ ਵਲੋਂ ਆਉਂਦੀਆਂ ਰਹਿਵਣ ਹਰ ਦਮ ਸੁਖਦ ਹਵਾਵਾਂ
ਜਿੱਦਾਂ ਸੰਘਣੇ ਰੁੱਖਾਂ ਹੇਠਾਂ ਠੰਡੀਆਂ ਮਿੱਠੀਆਂ ਛਾਵਾਂ ।
ਧੀਆਂ ਦੇ ਘਰ ਰਹਿਮਤ ਵਾਲੇ ਰਹਿਣ ਭਰੇ ਭੰਡਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ
ਇਹ ਧਰਤੀ ਹੈ ਜੰਨਤ ਵਰਗੀ ਜੰਨਤ ਹੋਰ ਬਣਾਓ ।
ਸਭ ਧਰਮਾਂ ਦਾ ਇਕ ਗੁਲਦਸਦਾ ਆਦਰ ਵਿਚ ਸਜਾਓ ।

ਪਿਆਰ ਮੁਹੱਬਤ ਘਰ-ਘਰ ਵੰਡੋ ਨਤਮਸਤਕ ਉਪਕਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ ।
ਤੂਫਾਨਾਂ ਵਿਚ ਬਾਰਿਸ਼ ਝੱਖੜ ਬੰਦੇ ਦਾ ਇਉਂ ਜੀਣਾ ।
ਜ਼ਹਿਰ ਕਦੀ ਹੈ ਪੀਣਾ ਪੈਂਦਾ ਅੰਮ੍ਰਿਤ ਵੀ ਹੈ ਪੀਣਾ ।
ਵੇਖੋ ਦੀਵਾ ਜਗਦਾ ਜਾਂਦਾ ਸਾਗਰ ਦੇ ਵਿਚਕਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ ।
ਮਿੱਠਤ ਬਾਣੀ ਪਾਈ ਐਸੀ ਖਿੜੀਆਂ ਸੁੰਦਰ ਕਲੀਆਂ ।
ਬੁੱਲਾਂ ਉਤੇ ਏਦਾਂ ਹਾਸੇ ਜਿਉਂ ਮਿਸ਼ਰੀ ਦੀਆਂ ਡਲੀਆਂ ।
ਖਿੜ੍ਹ-ਖਿੜ੍ਹ ਜਾਂਦੀ ਮੌਸਮ ਦੇ ਵਿਚ ਰਿਸ਼ਤੇ ਦੀ ਕਚਨਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ ।
ਰਿਸ਼ਵਤਖੋਰੀ ਨਕਲ ਮਿਲਾਵਟ ਹੋਲੀ-ਹੋਲੀ ਮੁੱਕਣੇ ।
ਗਹਿਰੇ ਜ਼ਖ਼ਮ ਤਾਂ ਸੁੱਕਦੇ-ਸੁੱਕਦੇ, ਸੁੱਕਦੇ-ਸੁੱਕਦੇ ਸੁਕਣੇ ।
ਦੇਸ਼ ਵਿਦੇਸ਼ੀ ਵਧਦੇ ਜਾਣੇ ਭਾਰਤ ਦੇ ਵਿਉਪਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ ।
ਤੇਰਾ ਤੇਰਾ ਨਾਨਕ ਤੋਲੇ ਸੱਚਾਈ ਦੇ ਨਾਲ ।
ਭਾਗਾਂ ਵਾਲਾ ਮੰਨਿਆਂ ਜਾਂਦਾ ਵੀਹ ਸੌ ਤੇਈ ਸਾਲ ।
ਬਾਜ਼ਾਰੀਕਰਨ 'ਚ ਇੱਕ ਪਿੰਡ ਹੋਇਆ ਇਹ ਸਾਰਾ ਸੰਸਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ ।
ਸੱਚ ਨਿਮਰਤਾ ਮਿਹਨਤ ਵਿਦਿਆ ਇਹ ਅਦੁੱਤੀ ਗਹਿਣੇ ।
ਯੁੱਗ-ਯੁਗਾਂਤਰ ਤੀਕਰ ਰਹਿੰਦੇ ਯੁੱਗਾਂ ਤੀਕਰ ਰਹਿਣੇ ।
'ਬਾਲਮ' ਦੇ ਹੁਣ ਲੱਗ ਕੇ ਆਖੇ ਪੱਲੇ ਬੰਨ ਗੁਣ ਚਾਰ ।
ਨਵੇਂ ਸਾਲ ਦੀਆਂ ਨਵੀਆਂ ਖੁਸ਼ੀਆਂ, ਖੁਸ਼ੀਆਂ ਦਾ ਉਪਹਾਰ ।



ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409

# ਸਰਬੰਸ ਦਾਨੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ





ਡਾ. ਇਕਬਾਲ ਸਿੰਘ ਸਕਰੌਦੀ
08427685020।

ਪੰਡਿਤ ਦੌਲਤ ਰਾਮ ਫ਼ਾਰਸੀ ਭਾਸ਼ਾ ਦੇ ਵਿਦਵਾਨ ਹੋਏ ਹਨ। ਉਨ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀ ਅਦੁੱਤੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਹੈ, "ਈਸ਼ਵਰ ਦੀ ਜਦੋਂ ਸਾਰੀ ਸਿਆਣਪ ਇਕੱਠੀ ਹੋਈ। ਈਸ਼ਵਰ ਦੀ ਜਦੋਂ ਸਾਰੀ ਸ਼ਕਤੀ ਇਕੱਠੀ ਹੋਈ। ਈਸ਼ਵਰ ਦਾ ਜਦੋਂ ਸਾਰਾ ਸੁਹੱਪਣ ਇਕੱਠਾ ਹੋਇਆ। ਈਸ਼ਵਰ ਦੇ ਜਦੋਂ ਸਾਰੇ ਰਸ ਇਕੱਠੇ ਹੋਏ। ਈਸ਼ਵਰ ਦੀ ਜਦੋਂ ਸਾਰੀ ਕਲਾ ਇਕੱਠੀ ਹੋਈ ਤਾਂ ਇੱਕ ਮੁਜੱਸਮਾ ਪੈਦਾ ਹੋਇਆ। ਉਸ ਮੁਜੱਸਮੇ ਦਾ ਨਾਂ ਸੀ - ਸ਼੍ਰੀ ਗੁਰੂ ਗੋਬਿੰਦ ਸਿੰਘ ਜੀ।"

ਆਪ ਜੀ ਦਾ ਜਨਮ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਘਰ ਮਾਤਾ ਗੁਜਰੀ ਜੀ ਦੀ ਸੁਲੱਖਣੀ ਕੁੱਖੋਂ ਪੋਹ ਸੁਦੀ 7 ਸ਼ਨੀਵਾਰ ਸੰਮਤ 1723 ਅਰਥਾਤ ਬਾਈ ਦਸੰਬਰ 1666 ਈ. ਨੂੰ ਪਟਨੇ ਸ਼ਹਿਰ ਵਿੱਚ ਹੋਇਆ। ਉਸ ਸਮੇਂ ਆਪ ਦੇ ਗੁਰੂ ਪਿਤਾ ਤੇਗ਼ ਬਹਾਦਰ ਜੀ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਬੰਗਾਲ ਅਤੇ ਆਸਾਮ ਵਾਲ਼ੇ ਪਾਸੇ ਗਏ ਹੋਏ ਸਨ। ਆਪ ਜੀ ਦਾ ਨਾਂ ਗੋਬਿੰਦ ਰਾਇ ਰੱਖਿਆ ਗਿਆ। ਆਪ ਦੇ ਦੀਦਾਰ ਕਰਨ ਲਈ ਇੱਕ ਪਹੁੰਚੇ ਹੋਏ ਸੂਫ਼ੀ ਫ਼ਕੀਰ ਭੀਖਣ ਸ਼ਾਹ ਜੀ ਬਹੁਤ ਦੂਰੋਂ ਚੱਲ ਕੇ ਆਏ। ਦਰਸ਼ਨ ਕਰਨ ਉਪਰੰਤ ਉਨ੍ਹਾਂ ਨੇ ਆਖਿਆ, "ਇਹ ਬਾਲਕ ਹਿੰਦੂ, ਸਿੱਖ, ਮੁਸਲਮਾਨਾਂ ਦਾ ਸਾਂਝਾ ਅਲਾਹੀ ਨੂਰ ਅਤੇ ਪੀਰ ਹੋਵੇਗਾ।"

ਬਾਲਕ ਗੋਬਿੰਦ ਰਾਇ ਬਾਲਪਨ ਅਵੱਸਥਾ ਤੋਂ ਹੀ ਦੂਜੇ ਬੱਚਿਆਂ ਨਾਲੋਂ ਬਿਲਕੁਲ ਅਲੱਗ ਪ੍ਰਵਿਰਤੀ ਦੇ ਮਾਲਕ ਸਨ। ਪੰਜ ਸਾਲ ਦੀ ਉਮਰ ਤੋਂ ਹੀ ਉਹ ਆਪਣੇ ਸਾਥੀ ਬਾਲਾਂ ਸੰਗ ਤੀਰ ਕਮਾਨ, ਨੇਜ਼ਾਬਾਜ਼ੀ, ਤਲਵਾਰਬਾਜ਼ੀ ਆਦਿ ਦਾ ਅਭਿਆਸ ਕਰਨ ਲੱਗ ਪਏ ਸਨ। ਤੀਰ ਕਮਾਨ ਅਤੇ ਗੁਲੇਲ ਨਾਲ਼ ਨਿਸ਼ਾਨੇ ਲਾਉਣੇ, ਗੰਗਾ ਵਿੱਚ ਕਿਸ਼ਤੀ ਚਲਾਉਣਾ, ਜੰਗੀ ਮਸ਼ਕਾਂ ਕਰਨੀਆਂ ਉਨ੍ਹਾਂ ਦੇ ਰੋਜ਼ਾਨਾ ਜੀਵਨ ਦੇ ਸ਼ੁਗਲ ਸਨ। ਪੰਡਿਤ ਸ਼ਿਵ ਦਾਸ, ਨਵਾਬ ਕਰੀਮ, ਨਵਾਬ ਰਹੀਮ ਜਿਹੀਆਂ ਪ੍ਰਭੂ ਪ੍ਰੇਮ ਵਿੱਚ ਰੰਗੀਆਂ ਸੁਹਿਰਦ ਹਸਤੀਆਂ ਨੂੰ ਮੁੱਢ ਤੋਂ ਹੀ ਉਨ੍ਹਾਂ ਦੇ ਚਿਹਰੇ 'ਚੋਂ ਰੂਹਾਨੀ ਨੂਰ ਝਲਕਦਾ ਵਿਖਾਈ ਦਿੰਦਾ ਸੀ।

ਰਾਜਾ ਫ਼ਤਹਿ ਚੰਦ ਅਤੇ ਉਸ ਦੀ ਰਾਣੀ ਬਾਲ ਗੋਬਿੰਦ ਰਾਇ ਨੂੰ ਬਹੁਤ ਜ਼ਿਆਦਾ ਪਿਆਰ ਕਰਦੇ ਸਨ। ਇਹ ਬਾਲਾਂ ਸੰਗ ਉਨ੍ਹਾਂ ਦੇ ਮਹਿਲਾਂ ਵਿੱਚ ਹੀ ਖੇਡਦੇ ਰਹਿੰਦੇ ਸਨ। ਉਨ੍ਹਾਂ ਦੇ ਘਰ ਕੋਈ ਔਲਾਦ ਨਹੀਂ ਸੀ। ਰਾਣੀ ਇੱਕ ਦਿਨ ਅਚਾਨਕ ਪੁੱਤਰ ਦੀ ਕਾਮਨਾ ਕਰਦੀ ਹੋਈ ਧਿਆਨ ਵਿੱਚ ਜੁੜ ਗਈ। ਸਬੱਬੀਂ ਉਸੇ ਵੇਲੇ ਬਾਲ ਗੋਬਿੰਦ ਰਾਇ ਉਨ੍ਹਾਂ ਦੀ ਗੋਦੀ ਵਿੱਚ ਆਣ ਬੈਠੇ। ਤੇ ਬਹੁਤ ਹੀ ਮਾਸੂਮੀਅਤ ਭਰੇ ਪਿਆਰ ਸਹਿਤ ਬੋਲੇ, "ਮਾਂ, ਅੱਖਾਂ ਖੋਲ੍ਹੋ। ਮੈਂ ਤੁਹਾਡਾ ਪੁੱਤਰ ਆ ਗਿਆ ਹਾਂ।" ਰਾਣੀ ਨੇ ਅੱਖਾਂ ਖੋਲ੍ਹੀਆਂ। ਗੋਬਿੰਦ ਰਾਇ ਦੀਆਂ ਅੱਖਾਂ ਵਿੱਚ ਤੱਕਿਆ। ਉਸ ਨੂੰ ਬਾਲ ਦੀਆਂ ਅੱਖਾਂ ਵਿੱਚ ਆਪਣਾ ਪਰਛਾਵਾਂ ਨਜ਼ਰੀਂ ਆਇਆ। ਉਸੇ ਪਲ ਤੋਂ ਉਹ ਗੋਬਿੰਦ ਰਾਇ ਨੂੰ ਆਪਣਾ ਪੁੱਤਰ ਸਮਝਣ ਲੱਗ ਪਈ ਸੀ। ਇਸ ਘਟਨਾ ਉਪਰੰਤ ਫ਼ਤਹਿ ਚੰਦ ਅਤੇ ਰਾਣੀ ਗੋਬਿੰਦ ਰਾਇ ਨੂੰ ਇੰਨਾਂ ਜ਼ਿਆਦਾ ਪਿਆਰ ਕਰਨ ਲੱਗ ਪਈ ਸੀ ਕਿ ਉਨ੍ਹਾਂ ਦੇ ਮਹਿਲਾਂ ਵਿੱਚ ਰੋਜ਼ਾਨਾ ਖ਼ੀਰ, ਕੜਾਹ, ਛੋਲੇ ਪੂੜੀਆਂ ਦਾ ਲੰਗਰ ਤਿਆਰ ਹੋਣ ਲੱਗ ਪਿਆ ਸੀ। ਜਿਸ ਨੂੰ ਗੋਬਿੰਦ ਰਾਇ ਅਤੇ ਉਸਦੇ ਬਾਲ ਸਾਥੀ ਬੜੀ ਰੀਝ ਅਤੇ ਪਿਆਰ ਨਾਲ਼ ਛਕਦੇ ਸਨ।

ਪਟਨੇ ਰਹਿੰਦਿਆਂ ਹੀ ਗੋਬਿੰਦ ਰਾਇ ਦੇ ਮਾਮਾ ਕ੍ਰਿਪਾਲ ਚੰਦ ਨੇ ਉਨ੍ਹਾਂ ਲਈ ਬ੍ਰਿਜ, ਗੁਰਮੁਖੀ, ਹਿੰਦੀ, ਫ਼ਾਰਸੀ ਭਾਸ਼ਾ ਦੀ ਪੜ੍ਹਾਈ ਦਾ ਪ੍ਰਬੰਧ ਪੰਡਿਤ ਮੁਨਸ਼ੀ ਰਾਮ, ਮੌਲਵੀ ਪੀਰ ਮੁਹੰਮਦ ਅਤੇ ਗੁਰੂਘਰ ਦੇ ਭਾਈ ਜੀ ਕੋਲ ਕੀਤਾ ਗਿਆ। ਬੇਸ਼ੱਕ ਤੀਰ ਅੰਦਾਜ਼ੀ ਉਨ੍ਹਾਂ ਪਟਨਾ ਰਹਿੰਦਿਆਂ ਹੀ ਸਿੱਖ ਲਈ ਸੀ। ਪਰੰਤੂ ਆਨੰਦਪੁਰ ਸਾਹਿਬ ਆ ਕੇ ਉਨ੍ਹਾਂ ਸ਼ਸਤਰ ਵਿੱਦਿਆ, ਤੀਰ ਅੰਦਾਜ਼ੀ, ਤਲਵਾਰਬਾਜ਼ੀ, ਨੇਜ਼ਾ ਚਲਾਉਣਾ, ਬੰਦੂਕ ਚਲਾਉਣਾ, ਘੋੜ ਸਵਾਰੀ ਦੀ ਸਿਖ਼ਲਾਈ ਵਿੱਚ ਹੋਰ ਵੀ ਜ਼ਿਆਦਾ ਨਿਪੁੰਨਤਾ ਹਾਸਲ ਕੀਤੀ।

ਉਹ ਆਪਣੇ ਸਮੇਂ ਦੇ ਮਹਾਨ ਕਵੀ ਅਤੇ ਯੁੱਗ ਪੁਰਸ਼ ਹੋਏ ਹਨ। ਆਪ ਸਿੱਖ ਧਰਮ ਦੇ ਦਸਵੇਂ ਅਤੇ ਅੰਤਿਮ ਗੁਰੂ ਸਨ। ਆਪ ਬੜੇ ਦੂਰ ਦ੍ਰਿਸ਼ਟੀ ਰੱਖਣ ਵਾਲ਼ੇ ਅਤੇ ਤੀਖਣ ਬੁੱਧੀ ਦੇ ਮਾਲਕ ਸਨ। ਉਹ ਇੱਕ ਬਹਾਦਰ ਯੋਧੇ, ਮਹਾਨ ਤਪੱਸਵੀ, ਅਦੁੱਤੀ ਤਿਆਗੀ ਅਤੇ ਉੱਚ ਕੋਟੀ ਦੇ ਵਿਦਵਾਨ ਸਨ।

ਗੁਰੂ ਜੀ ਦਾ ਸਮੁੱਚਾ ਜੀਵਨ ਕਰਮ, ਧਰਮ, ਨਿਡਰਤਾ, ਪਰਉਪਕਾਰ ਦੇ ਪੱਖ ਤੋਂ ਬੇਮਿਸਾਲ ਸੀ। ਆਪ ਕੁਰਬਾਨੀ ਦੇ ਮਹਾਨ ਪੁੰਜ ਸਨ। ਗੁਰੂ ਜੀ ਨੇ ਆਪਣੇ ਨਿੱਜੀ ਹਿੱਤਾਂ ਦਾ ਹਮੇਸ਼ਾ ਤਿਆਗ ਕਰਕੇ ਦੇਸ਼, ਕੌਮ, ਧਰਮ, ਸਮਾਜ, ਮਨੁੱਖਤਾ ਲਈ ਕੇਵਲ ਆਪਣਾ ਆਪਾ ਹੀ ਨਹੀਂ, ਸਗੋਂ ਸਮੁੱਚਾ ਸਰਬੰਸ ਹੀ ਵਾਰ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਇਨਕਲਾਬੀ, ਰੂਹਾਨੀ ਰਹਿਬਰ, ਸੂਰਬੀਰ ਯੋਧੇ ਅਤੇ ਸੰਤ ਸਿਪਾਹੀ ਸਨ। ਉਨ੍ਹਾਂ ਭਗਤੀ ਅਤੇ ਸ਼ਕਤੀ ਨੂੰ ਇਕੱਠੇ ਰੱਖਦੇ ਹੋਏ ਮਨੁੱਖਾਂ ਨੂੰ ਸੁਚੱਜਾ ਜੀਵਨ ਜੀਊਣ ਦਾ ਰਾਹ ਦਿਖਾਇਆ। ਸਦੀਆਂ ਤੋਂ ਚੱਲੀ ਆ ਰਹੇ ਗ਼ੁਲਾਮੀ ਅਤੇ ਜ਼ੁਲਮ ਦੀ ਸਲਤਨਤ ਨੂੰ ਠੱਲ੍ਹ ਪਾਈ। ਆਪ ਨੇ ਗ਼ੁਲਾਮੀ ਦੇ ਜੂਲੇ ਨੂੰ ਗਲੋਂ ਲਾਹ ਸੁੱਟਣ ਲਈ ਤੱਕੜੀ ਤੋਲਣ ਵਾਲ਼ਿਆਂ, ਚਿੜੀਆਂ ਤੋਂ ਡਰ ਜਾਣ ਵਾਲ਼ਿਆਂ, ਕੰਮੀਆਂ ਕਿਰਤੀਆਂ ਕਿਸਾਨਾਂ ਮਜ਼ਦੂਰਾਂ ਦੇ ਹੱਥਾਂ ਵਿੱਚ ਸ਼ਸਤਰ ਅਤੇ ਹਿਰਦਿਆਂ ਵਿੱਚ ਨਿਰਭੈਤਾ ਅਤੇ ਦਲੇਰੀ ਭਰ ਦਿੱਤੀ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਦਰਸ਼ਕ ਸਮਾਜ ਦੀ ਸਿਰਜਣਾ ਦੇ ਰਾਹ ਵਿੱਚ ਆਉਣ ਵਾਲ਼ੀਆਂ ਸਾਰੀਆਂ ਰੁਕਾਵਟਾਂ ਜਾਤ-ਪਾਤ, ਵਰਣ-ਵੰਡ, ਪਾਖੰਡਾਂ, ਮਜ਼੍ਹਬਾਂ ਦੀਆਂ ਵੰਡੀਆਂ ਨੂੰ ਜੜ੍ਹੋਂ ਪੁੱਟ ਸੁੱਟਿਆ। ਉਨ੍ਹਾਂ "ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ" ਦਾ ਅਲੌਕਿਕ ਸੰਦੇਸ਼ ਸਮਾਜ ਨੂੰ ਦਿੱਤਾ। ਉਨ੍ਹਾਂ ਸਿੱਖਾਂ ਨੂੰ ਮੜ੍ਹੀਆਂ, ਮਸਾਣਾਂ, ਗੋਰਾਂ, ਮੱਟਾਂ, ਜੰਡਾਂ, ਅੱਗ, ਪਾਣੀ, ਦੀ ਥਾਂ ਸ੍ਰਿਸ਼ਟੀ ਦੇ ਰਚਨਹਾਰ ਦੀ ਉਸਤਤਿ ਕਰਨ ਦਾ ਸੁਨੇਹਾ ਦਿੱਤਾ। ਉਨ੍ਹਾਂ ਝੂਠੇ ਅਡੰਬਰਾਂ ਅਤੇ ਦਿਖਾਵੇ ਦੇ ਕਰਮ ਕਾਂਡਾਂ ਦਾ ਤਿਆਗ ਕਰਕੇ ਨਾਮ ਜਪਣ, ਚੰਗਿਆਈ, ਮਿਹਨਤ ਕਰਕੇ ਪ੍ਰਭੂ ਪ੍ਰੇਮ ਨਾਲ਼ ਮਨੁੱਖਾ ਜੀਵਨ ਬਤੀਤ ਕਰਨ ਦਾ ਇੱਕ ਰੂਹਾਨੀ ਰਾਹ ਬਣਾ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਹੀਦ ਦਾ ਪੁੱਤਰ, ਸ਼ਹੀਦਾਂ ਦਾ ਪਿਤਾ, ਖੰਡੇ ਦੀ ਪਾਹੁਲ ਦਾ ਦਾਤਾ, ਕਲਗੀਆਂ ਵਾਲ਼ਾ, ਬਾਜ਼ਾਂ ਵਾਲ਼ਾ, ਨੀਲੇ ਘੋੜੇ ਦਾ ਸ਼ਾਹ ਅਸਵਾਰ, ਅੰਮ੍ਰਿਤ ਦਾ ਦਾਤਾ, ਮਾਂ ਗੁਜਰੀ ਦਾ ਪਿਆਰਾ, ਪਟਨੇ ਦਾ ਚੰਨ, ਆਪੇ ਗੁਰ ਚੇਲਾ ਆਦਿ ਹੋਰ ਅਨੇਕਾਂ ਤਖੱਲਸਾਂ ਨਾਲ਼ ਯਾਦ ਕੀਤਾ ਜਾਂਦਾ ਹੈ।

ਪੰਜਾਬ ਦਾ ਆਦਰਸ਼ ਬੀਰ ਨਾਇਕ ਗੁਰੂ ਗੋਬਿੰਦ ਸਿੰਘ ਹੈ। ਪੰਜਾਬ ਦੀ ਇਸ ਪੁਨਰ ਰਾਜਨੀਤਕ ਚੇਤਨਾ ਦੇ ਸੰਕਲਪ ਦਾ ਮੂਲ ਆਧਾਰ ਉੱਚੀਆਂ ਅਤੇ ਸੱਚੀਆਂ-ਸੁੱਚੀਆਂ ਮਨੁੱਖੀ ਕਦਰਾਂ-ਕੀਮਤਾਂ ਹਨ। ਪੰਜਾਬ ਦੀ ਇਹ ਬੀਰ ਪਰੰਪਰਾ ਦੁਨੀਆਂ ਤੋਂ ਨਿਆਰੀ ਹੈ। ਇੱਥੇ ਜ਼ਰ, ਜ਼ੋਰੂ, ਜ਼ਮੀਨ ਲਈ ਜੰਗ ਨਹੀਂ ਹੋਈ। ਸਵੈ-ਕੀਰਤੀ, ਸਵੈ-ਵਾਸ਼ਨਾ, ਸਵੈ-ਅਹੰਕਾਰ ਲਈ ਯੁੱਧ ਨਹੀਂ ਕੀਤੇ। ਸਗੋਂ ਨਿੱਜੀ ਸੁਆਰਥ ਤੋਂ ਪੂਰੀ ਤਰ੍ਹਾਂ ਉੱਪਰ ਉੱਠ ਕੇ ਸਰਬੰਸ ਵਾਰਨ ਦੀ ਓਜਮਈ ਗਾਥਾ ਦੀ ਹਕੀਕਤ ਹੈ-

"ਅਵਰ ਬਾਸਨਾ ਨਾਹਿ ਪ੍ਰਭ, ਧਰਮ ਯੁੱਧ ਕਾ ਚਾਇ॥"

ਸਦੀਆਂ ਤੋਂ ਲਿਤਾੜੀ, ਸਾਹ ਸੱਤਹੀਣ ਹੋ ਚੁੱਕੀ ਲੋਕਾਈ, ਹਾਸ਼ੀਏ 'ਤੇ ਧੱਕੇ ਜਾ ਚੁੱਕੇ ਲੋਕਾਂ ਅਤੇ ਮੁਰਦਾ ਹੋ ਚੁੱਕੀ ਕੌਮ ਨੂੰ ਮੁੜ ਪੈਰਾਂ ਸਿਰ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਵਿਸਾਖ ਸੰਮਤ ੧੭੫੬ ( ਤੀਹ ਮਾਰਚ 1699 ਈ।) ਨੂੰ ਵਿਸਾਖੀ ਵਾਲ਼ੇ ਦਿਨ ਕੇਸਗੜ੍ਹ ਕਿਲ੍ਹੇ ਵਿੱਚ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਇੱਕ-ਇੱਕ ਕਰਕੇ ਪੰਜ ਸਿਰਾਂ ਦੀ ਮੰਗ ਕੀਤੀ ਤਾਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਨੇ ਆਪਣਾ ਆਪਾ ਗੁਰੂ ਜੀ ਲਈ ਅਰਪਣ ਕਰ ਦਿੱਤਾ।

ਗੁਰੂ ਸਾਹਿਬ ਨੇ ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਮੁਰਦਿਆਂ ਨੂੰ ਫ਼ਿਰ ਜੀਉਂਦਿਆਂ ਵਿੱਚ ਕਰ ਦਿੱਤਾ। ਉਨ੍ਹਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ। ਫ਼ਿਰ ਉਹੀ ਸਿੰਘ ਬੇਸਹਾਰਾ ਲੋਕਾਂ ਲਈ ਜ਼ੁਲਮ ਦੇ ਖਿਲਾਫ਼ ਲੜ੍ਹੇ। ਉਨ੍ਹਾਂ ਪੰਜ ਪਿਆਰਿਆਂ ਕੋਲੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰੂ ਚੇਲੇ ਦੇ ਭੇਦ ਨੂੰ ਵੀ ਖ਼ਤਮ ਕਰ ਦਿੱਤਾ। ਇਸ ਤੋਂ ਪਹਿਲਾਂ ਦੁਨੀਆਂ ਦੇ ਇਤਿਹਾਸ ਵਿੱਚ ਜੇਕਰ ਕੋਈ ਗੁਰੂ ਬਣਿਆਂ ਤਾਂ ਉਹ ਸਦਾ ਗੁਰੂ ਹੀ ਬਣਿਆਂ ਰਿਹਾ। ਜੇਕਰ ਕੋਈ ਮੁਰੀਦ ਜਾਂ ਬਣਿਆਂ ਤਾਂ ਉਹ ਮੁਰੀਦ ਹੀ ਬਣਿਆਂ ਰਿਹਾ। ਸ਼ਾਗਿਰਦ ਨੂੰ ਕਦੇ ਇਹ ਮਾਣ ਹਾਸਲ ਨਾ ਹੋਇਆ ਕਿ ਉਹ ਗੁਰੂ ਬਣ ਸਕੇ। ਪਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਇਹ ਮਾਣ ਬਖ਼ਸ਼ਿਆ।

ਉਨ੍ਹਾਂ ਦਾ ਸਮਕਾਲੀ ਕਵੀ ਗੁਰਦਾਸ ਸਿੰਘ ਲਿਖਦਾ ਹੈ -
"ਪ੍ਰਗਟਿਓ ਮਰਦ ਅਗੰਮੜਾ ਵਰਿਆਮ ਅਕੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥"

ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲਾਂ ਖ਼ਾਲਸੇ ਦੀ ਸਿਰਜਣਾ ਕੀਤੀ। ਫ਼ਿਰ ਖ਼ਾਲਸੇ ਨੂੰ ਆਪਣਾ ਰੂਪ ਆਖਿਆ -
"ਖ਼ਾਲਸਾ ਮੇਰੋ ਰੂਪ ਹੈ ਖ਼ਾਸ। ਖ਼ਾਲਸੇ ਮਹਿ ਹਉ ਕਰੋ ਨਿਵਾਸ॥"

ਦੁਨੀਆਂ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਕਿ ਖ਼ਾਲਸਾ ਪੰਥ ਦੀ ਸਾਜਨਾ ਸਮੇਂ ਕੁਝ ਪਲਾਂ ਵਿੱਚ ਹੀ ਸਾਰੀ ਦੀ ਸਾਰੀ ਕੌਮ ਨੂੰ ਜੁਝਾਰੂ ਰੂਪ ਵਿੱਚ ਸਹਿਜ ਭਾਵ ਨਾਲ਼ ਰੁਪਾਂਤਰਣ ਕਰ ਦਿੱਤਾ ਗਿਆ ਹੋਵੇ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਨ ਸਧਾਰਨ ਉੱਤੇ ਜ਼ੁਲਮ ਅਤੇ ਸਿਤਮ ਢਾਹੁਣ ਵਾਲ਼ੇ ਹਿੰਦੂ ਪਹਾੜੀ ਰਾਜਿਆਂ ਅਤੇ ਦਿੱਲੀ ਦੇ ਜਾਬਰ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਲਲਕਾਰਿਆ। ਉਨ੍ਹਾਂ ਨਾਲ਼ ਹਥਿਆਰਬੰਦ ਟੱਕਰ ਲਈ। ਉਨ੍ਹਾਂ ਨੇ ਯੁੱਧਾਂ ਵਿੱਚ ਖ਼ੁਦ ਬੀਰਤਾ ਦੇ ਜੌਹਰ ਦਿਖਾਏ।

ਗੁਰੂ ਗੋਬਿੰਦ ਸਿੰਘ ਜੀ ਅਜਿਹੇ ਅਦੁੱਤੀ ਜਰਨੈਲ ਸਨ, ਜਿਨ੍ਹਾਂ ਨੇ ਕੇਵਲ ਬਿਆਲੀ ਸਿੰਘਾਂ ਨਾਲ਼ ਦਸ ਲੱਖ ਲਸ਼ਕਰ ਦਾ ਬੜੀ ਬੀਰਤਾ, ਬਹਾਦਰੀ ਅਤੇ ਸੂਝਬੂਝ ਨਾਲ਼ ਟਾਕਰਾ ਕੀਤਾ। ਹਿੰਦੂ ਧਰਮ ਦੀ ਰਾਖੀ ਲਈ ਆਪਣੇ ਪਿਤਾ ਨੂੰ ਸ਼ਹੀਦ ਹੋਣ ਲਈ ਦਿੱਲੀ ਤੋਰਿਆ। ਆਪਣੇ ਵੱਡੇ ਪੁੱਤਰਾਂ ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਮੈਦਾਨਿ-ਏ-ਜੰਗ ਵਿੱਚ ਲਾੜੀ ਮੌਤ ਨੂੰ ਵਰਣ ਲਈ ਸ਼ਿੰਗਾਰਿਆ।

ਦੁਨੀਆਂ ਦੇ ਇਤਿਹਾਸ ਵਿੱਚ ਬਿਦਰ, ਕੌਟੱਲਿਆ, ਪਾਣਿਨੀ ਆਦਿ ਰਾਜਨੀਤੀਵਾਨ ਹੋਏ ਹਨ, ਜਿਨ੍ਹਾਂ ਨੇ ਨੀਤੀ ਗ੍ਰੰਥ ਰਚੇ ਹਨ। ਇਨ੍ਹਾਂ ਵਿਦਵਾਨਾਂ ਨੇ ਲੋਕਾਈ ਨੂੰ ਦੱਸਿਆ ਕਿ ਦੁਨੀਆਂ ਵਿੱਚ ਜਦੋਂ ਵੀ ਕਿਧਰੇ ਲੜ੍ਹਾਈ ਹੋਈ ਹੈ ਤਾਂ ਉਸ ਦੇ ਕਾਰਨ ਜ਼ਰ ਜ਼ੋਰੂ ਜਾਂ ਜ਼ਮੀਨ ਸਨ। ਪਰੰਤੂ ਚਮਕੌਰ ਦੀ ਜੰਗ ਦਾ ਕਾਰਨ ਨਾ ਤਾਂ ਜ਼ਰ ਸੀ, ਨਾ ਜ਼ੋਰੂ ਸੀ, ਨਾ ਹੀ ਜ਼ਮੀਨ ਸੀ। ਸਗੋਂ ਦੁਨੀਆਂ ਦੇ ਇਤਿਹਾਸ ਵਿੱਚ ਇਹ ਇੱਕੋ-ਇੱਕ ਅਸਾਵੀਂ ਜੰਗ ਸੀ। ਜਿਸ ਵਿੱਚ ਇੱਕ ਪਾਸੇ ਪੂਰੇ ਦੇਸ਼ ਦੀ ਫ਼ੌਜੀ ਤਾਕਤ ਡਟੀ ਹੋਈ ਸੀ। ਇਤਿਹਾਸਕਾਰਾਂ ਨੇ ਜਿਸ ਦੀ ਗਿਣਤੀ ਦਸ ਲੱਖ ਤੋਂ ਵੀ ਵੱਧ ਦਰਜ ਕੀਤੀ ਹੈ। ਦੂਜੇ ਪਾਸੇ ਮੁੱਠੀ ਭਰ ਖ਼ਾਲਸਾ ਫ਼ੌਜ ਦੇ ਚਾਲ਼ੀ ਸਿੰਘ, ਦੋ ਵੱਡੇ ਸਾਹਿਬਜ਼ਾਦੇ ਅਤੇ ਦਰਵੇਸ਼ ਗੁਰੂ ਗੋਬਿੰਦ ਸਿੰਘ। ਕੁੱਲ ਗਿਣਤੀ ਤਰਤਾਲੀ ਸੀ। ਗੁਰੂ ਗੋਬਿੰਦ ਸਿੰਘ ਨੇ ਇਹ ਯੁੱਧ ਧਰਮ ਦੀ ਰੱਖਿਆ ਲਈ ਲੜ੍ਹਿਆ ਸੀ। ਕੌਮ ਦੀ ਰੱਖਿਆ ਲਈ ਲੜ੍ਹਿਆ ਸੀ। ਸਮਾਜ ਨੂੰ ਇਹ ਦੱਸਣ ਲਈ ਲੜ੍ਹਿਆ ਗਿਆ ਸੀ ਕਿ ਆਪਣੇ ਪੁੱਤਰਾਂ ਨੂੰ ਦੇਸ਼, ਕੌਮ, ਧਰਮ, ਸਮਾਜ ਅਤੇ ਮਨੁੱਖਤਾ ਉੱਪਰੋਂ ਕਿਵੇਂ ਕੁਰਬਾਨ ਕੀਤਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਮੁਗ਼ਲ ਸ਼ਹਿਨਸ਼ਾਹ ਔਰੰਗਜ਼ੇਬ ਨੂੰ ਲਿਖੇ ਇਤਿਹਾਸਕ ਖ਼ਤ ਜ਼ਫ਼ਰਨਾਮਾ ਵਿੱਚ ਉਹ ਚਮਕੌਰ ਦੀ ਜੰਗ ਦਾ ਵਾਰ-ਵਾਰ ਜ਼ਿਕਰ ਕਰਦੇ ਹਨ-

ਗੁਰਸਨਾ: ਚਿ ਕਾਰੇ ਕੁਨਦ ਚਿਹਲ ਨਰ।
ਕਿ ਦਹ ਲਕ ਬਰਾਯਦ ਬਹੂ ਬੇਖ਼ਬਰ।

ਅਰਥਾਤ ਭੁੱਖਣ ਭਾਣੇ ਚਾਲ਼ੀ ਆਦਮੀ ਕੀ ਕਰ ਸਕਦੇ ਹਨ, ਜੇਕਰ ਉਨ੍ਹਾਂ ਉੱਤੇ ਅਚਨਚੇਤ ਦਸ ਲੱਖ ਫ਼ੌਜ ਟੁੱਟ ਪਵੇ।ਜਦੋਂ ਵੱਡਾ ਸਾਹਿਬਜ਼ਾਦਾ ਅਜੀਤ ਸਿੰਘ ਜੰਗ ਦੇ ਮੈਦਾਨ ਵਿੱਚ ਸ਼ਹੀਦ ਹੋ ਜਾਂਦਾ ਹੈ। ਤਦ ਉਹ ਛੋਟੇ ਸਾਹਿਬਜ਼ਾਦੇ ਨੂੰ ਆਪਣੇ ਹੱਥੀਂ ਜੰਗ ਵਿੱਚ ਜਾਣ ਲਈ ਤਿਆਰ ਕਰਦੇ ਹਨ। ਉਸ ਸਮੇਂ ਦੇ ਦ੍ਰਿਸ਼ ਨੂੰ ਅੱਲ੍ਹਾ ਯਾਰ ਖਾਂ ਜੋਗੀ ਇਉਂ ਕਲਮਬੰਦ ਕਰਦੇ ਹਨ -

ਖ਼ਵਾਹਿਸ਼ ਹੈ ਤੁਮ੍ਹੇਂ ਤੇਗ਼ ਚਲਾਤੇ ਹੂਏ ਦੇਖੇਂ।
ਹਮ ਆਂਖ ਸੇ ਬਰਛੀ ਤੁਮ੍ਹੇਂ ਖਾਤੇ ਹੂਏ ਦੇਖੇਂ।

ਚੰਡੀ ਦੀ ਵਾਰ ਦੀ ਸਭ ਤੋਂ ਵੱਧ ਖ਼ੂਬਸੂਰਤੀ ਅਤੇ ਵਿਲੱਖਣਤਾ ਇਸ ਗੱਲ ਵਿੱਚ ਹੈ ਕਿ ਆਪ ਨੇ ਜਿੱਥੇ ਦੁਰਗਾ ਦੇਵੀ ਨੂੰ ਬਹੁਤ ਹੀ ਬਹਾਦਰੀ ਅਤੇ ਦਲੇਰੀ ਨਾਲ਼ ਲੜ੍ਹਦੇ ਵਿਖਾਇਆ ਹੈ, ਉੱਥੇ ਰਾਖਸ਼ਾਂ ਨੂੰ ਵੀ ਬੜੇ ਸੂਰਬੀਰ ਯੋਧਿਆਂ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ-

"ਲੱਖ ਨਗਾਰੇ ਵੱਜਨ ਆਹ੍ਹਮੋ ਸਾਹਮਣੇ।
ਰਾਕਸ਼ ਰਣੋਂ ਨਾ ਭੱਜਨ ਰੋਹੇ ਰੋਹਲੇ।
ਸ਼ੀਹਾਂ ਵਾਂਗੂੰ ਗੱਜਣ ਸਭੈ ਸੂਰਮੇਂ।
ਤਣਿ ਤਣਿ ਕੈਬਰ ਛੱਡਣ ਦੁਰਗਾ ਸਾਮ੍ਹਣੇ।

ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤਰਾਂ ਦਾ ਮੰਗਲ ਕੀਤਾ, ਪੂਜਾ ਕੀਤੀ। ਉਨ੍ਹਾਂ ਸ਼ਸਤਰਨਾਮਾ ਮਾਲਾ ਦੀ ਸਿਰਜਣਾ ਸਮੇਂ ਅਨੇਕ ਪ੍ਰਕਾਰ ਦੇ ਹਥਿਆਰਾਂ ਨੂੰ ਵਡਿਆਇਆ ਹੈ। ਉਨ੍ਹਾਂ ਨੇ ਚਰਣਾਮ੍ਰਿਤ ਦੀ ਰੀਤ ਨੂੰ ਛੱਡ ਕੇ ਖੰਡੇਧਾਰ ਪਾਹੁਲ ਨੂੰ ਤਿਆਰ ਕੀਤਾ। ਅਰਦਾਸ ਕਰਨ ਉਪਰੰਤ ਸ਼੍ਰੀ ਸਾਹਿਬ ਨੂੰ ਭੋਗ ਲਗਾਉਣ ਲਈ ਵਰਤਿਆ ਜਾਂਦਾ ਹੈ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਦ ਵੀ ਸ਼ਸਤਰ ਦੁਆਰਾ ਤਿਆਰ ਕੀਤੀ ਪਾਹੁਲ (ਅੰਮ੍ਰਿਤ) ਨੂੰ ਚੇਲਾ ਬਣ ਕੇ ਨਿਮਰ ਭਾਵ ਨਾਲ਼ ਅੰਗੀਕਾਰ ਕੀਤਾ ਸੀ। ਉਨ੍ਹਾਂ ਨੇ ਸ਼ਸਤਰ ਦੀ ਮਾਣ ਮਰਿਯਾਦਾ ਕਾਇਮ ਕੀਤੀ। ਉਨ੍ਹਾਂ ਸ਼ਸਤਰ ਨੂੰ ਕੌਮ ਦੇ ਸਰੀਰ ਦਾ ਅੰਗ ਬਣਾ ਦਿੱਤਾ। ਸ਼ਸਤਰ ਦੇ ਸੰਬੰਧ ਵਿੱਚ ਗੁਰੂ ਸਾਹਿਬ ਦੀ ਮਹਾਨਤਾ ਦੋ ਹੋਰ ਗੱਲਾਂ ਵਿੱਚ ਵੀ ਉਜਾਗਰ ਹੁੰਦੀ ਹੈ। ਪਹਿਲੀ ਇਸਤਰੀ ਜਾਤੀ ਨੂੰ ਸ਼ਸਤਰਧਾਰੀ ਹੋਣਾ ਲਾਜ਼ਮੀ ਕਰਾਰ ਦਿੱਤਾ। ਦੂਜੀ ਉਨ੍ਹਾਂ ਨੇ ਇਸਤਰੀ (ਚੰਡੀ ਦੇਵੀ) ਦੀ ਯੁੱਧ ਕਥਾ ਨੂੰ ਤਿੰਨ ਵਾਰ ਕਾਵਿ-ਬੱਧ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਇੱਕੋ ਸਮੇਂ ਸ਼ਾਸਤਰ ਅਤੇ ਸ਼ਸਤਰ ਨੂੰ ਉੱਚ ਸਥਾਨ ਪ੍ਰਦਾਨ ਕੀਤਾ। ਉਨ੍ਹਾਂ ਨੇ ਸ਼ਾਸਤਰ "ਸ਼੍ਰੀ ਗੁਰੂ ਗ੍ਰੰਥ ਸਾਹਿਬ" ਨੂੰ ਗੁਰੂ ਦਾ ਦਰਜਾ ਦਿੱਤਾ।

ਸੰਸਕ੍ਰਿਤ ਭਾਸ਼ਾ ਦੇ ਆਚਾਰੀਆ ਪੰਡਿਤ ਵਿਸ਼ਵਾਨਾਥ ਨੇ ਬੀਰ ਨਾਇਕ ਦੇ ਚਾਰ ਭੇਦ ਦੱਸੇ ਹਨ - ਯੁੱਧ ਬੀਰ, ਧਰਮ ਬੀਰ, ਦਯਾ ਬੀਰ, ਦਾਨ ਬੀਰ। ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ਕ ਬੀਰ ਨਾਇਕ ਹੋਣ ਦਾ ਇੱਕ ਪ੍ਰਮਾਣ ਉਨ੍ਹਾਂ ਦੇ ਯੁੱਧ ਬੀਰ ਹੋਣ ਦੇ ਨਾਲ਼-ਨਾਲ਼ ਧਰਮ ਬੀਰ, ਦਯਾ ਬੀਰ, ਦਾਨ ਬੀਰ ਵਿੱਚ ਪ੍ਰਵੀਨ ਹੋਣਾ ਹੈ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੀਵਨ ਦੀਆਂ ਕਠਿਨਤਮ ਅਤੇ ਸੰਕਟਮਈ ਪ੍ਰਸਥਿਤੀਆਂ ਵਿੱਚ ਵੀ ਧਰਮ ਦਾ ਸਾਥ ਨਹੀਂ ਛੱਡਿਆ। ਉਹ ਤਾਂ ਦਇਆ ਦੇ ਸਾਗਰ ਸਨ। ਉਨ੍ਹਾਂ ਦੀ ਕਿਸੇ ਨਾਲ਼ ਜਾਤੀ ਦੁਸ਼ਮਣੀ ਨਹੀਂ ਸੀ। ਸਗੋਂ ਉਹ ਤਾਂ ਆਪਣੇ ਵਿਰੋਧੀਆਂ ਉੱਤੇ ਵੀ ਦਇਆ ਕਰਦੇ ਸਨ। ਇਹ ਵੀ ਇੱਕ ਤੱਥ ਹੈ ਕਿ ਗੁਰੂ ਜੀ ਦੇ ਤੀਰ ਵਿੱਚ ਸੋਨੇ ਦੀ ਮੋਹਰ ਲੱਗੀ ਹੁੰਦੀ ਸੀ ਤਾਂ ਜੋ ਸ਼ਹੀਦ ਹੋਣ ਵਾਲ਼ੇ ਵਿਅਕਤੀ ਦੇ ਕੱਫ਼ਣ ਦਾ ਪ੍ਰਬੰਧ ਹੋ ਸਕੇ।

ਗੁਰੂ ਜੀ ਵੱਡੇ ਦਾਨੀ ਵੀ ਸਨ। ਉਨ੍ਹਾਂ ਨੇ ਆਪਣੇ ਦਰਬਾਰ ਦੇ ਬਵੰਜਾ ਕਵੀਆਂ ਨੂੰ ਬਹੁਤ ਮੁੱਲਵਾਨ ਵਸਤੂਆਂ ਦਾਨ ਕੀਤੀਆਂ। ਉਨ੍ਹਾਂ ਨੇ ਗ਼ਰੀਬ ਦੇ ਮੁੱਖ ਨੂੰ 'ਗੁਰੂ ਕੀ ਗੋਲਕ' ਕਿਹਾ। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਰਾਜੇ ਮਹਾਰਾਜੇ ਹੋਣ ਦੇ ਵਰ ਦਿੱਤੇ। ਸ਼ਕਤੀ ਅਤੇ ਮੁਕਤੀ ਦਾ ਦਾਨ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਇਹੀ ਸੰਦੇਸ਼ ਦਿੱਤਾ ਹੈ ਕਿ ਨਾ ਕਿਸੇ ਤੋਂ ਡਰੋ। ਨਾ ਕਿਸੇ ਨੂੰ ਡਰਾਉ। ਨਾ ਹੀ ਕਿਸੇ ਦਾ ਡਰ ਮੰਨੋ -
"ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨ।"

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਉਦੇਸ਼ ਸਾਰੇ ਸੰਸਾਰ ਵਿੱਚ ਮਾਨਵਤਾ ਦੇ ਧਰਮ ਦਾ ਪ੍ਰਚਾਰ ਕਰਨਾ ਸੀ। ਇਸ ਸੰਬੰਧੀ ਉਨ੍ਹਾਂ "ਬਚਿੱਤ੍ਰ ਨਾਟਕ" ਵਿੱਚ ਲਿਖਿਆ ਹੈ-
ਹਮ ਇਹ ਕਾਜ ਜਗਤ ਮੋਹਿ ਆਏ।
ਧਰਮ ਹੇਤ ਗੁਰਦੇਵ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ।
ਦੁਸ਼ਟ ਦੋਖੀਅਨ ਪਕੜ ਪਿਛਾਰੋ।

ਗੁਰੂ ਸਾਹਿਬ ਨੇ ਦੱਸਿਆ ਹੈ ਕਿ ਉਚੇਰਾ ਅਧਿਆਤਮਕ ਜੀਵਨ ਜੀਊਣ ਲਈ ਚੰਗੇ ਗੁਣਾਂ ਦਾ ਧਾਰਨੀ ਹੋਣਾ ਚਾਹੀਦਾ ਹੈ।

ਸਾਹਿਤ ਵਿੱਚ ਬੜੀ ਅਦਭੁੱਤ ਅਤੇ ਅਸੀਮ ਸ਼ਕਤੀ ਹੁੰਦੀ ਹੈ। ਸਾਹਿਤ ਉਹ ਕੁਝ ਵੀ ਕਰ ਦਿਖਾਉਂਦਾ ਹੈ, ਜੋ ਕਿ ਤਲਵਾਰ ਦੀ ਸ਼ਕਤੀ ਵੀ ਨਹੀਂ ਕਰ ਸਕਦੀ। ਇਸ ਪ੍ਰਕਾਰ ਸਾਹਿਤ ਜਨ ਸਧਾਰਨ ਨੂੰ ਉੱਚਾ ਉਠਾਉਣ ਵਾਲ਼ਾ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਆਪਣੇ ਉਦੇਸ਼ ਦੀ ਪੂਰਤੀ ਹਿੱਤ ਪ੍ਰਭੂ ਤੋਂ ਵੀ ਇਹੋ ਵਰ ਮੰਗਦੇ ਹਨ -
ਦੇਹ ਸ਼ਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ।
ਨਾ ਡਰੋਂ ਅਰਿ ਸੋਂ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ।
ਅਰ ਸਿੱਖ ਹੀ ਅਪਨੇ ਮਨ ਕੋ, ਯਹ ਲਾਲਚ ਹੋਂ ਗੁਨ ਤਉ ਉਚਰੋਂ।
ਜਬ ਆਵ ਕੀ ਅਉਧ ਨਿਧਾਨ ਬਨੈ, ਅਤਿ ਹੀ ਰਣ ਮੇਂ ਤਬ ਜੂਝ ਮਰੋਂ।


ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬਿਆਲੀ ਸਾਲ ਦੇ ਜੀਵਨ ਕਾਲ ਵਿੱਚ ਉਹ ਅਦੁੱਤੀ, ਅਦਭੁੱਤ, ਅਸਾਧਾਰਨ, ਅਲੋਕਾਰ ਕਾਰਜ ਕਰ ਦਿੱਤੇ ਕਿ ਉਨ੍ਹਾਂ ਦੇ ਕੀਤੇ ਕਾਰਨਾਮਿਆਂ ਨੂੰ ਜਾਣ ਕੇ ਮਨੁੱਖਤਾ ਦੰਗ ਰਹਿ ਜਾਂਦੀ ਹੈ। ਉਨ੍ਹਾਂ ਨੇ ਦਮਦਮਾ ਸਾਹਿਬ ਦੇ ਸਥਾਨ 'ਤੇ ਭਾਈ ਮਨੀ ਸਿੰਘ ਨੂੰ ਲਿਖਾਰੀ ਦੀ ਸੇਵਾ ਸੌਂਪ ਕੇ ਆਦਿ ਗ੍ਰੰਥ ਵਿੱਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਨੂੰ ਦਰਜ ਕੀਤਾ। ਇਸ ਪ੍ਰਕਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਿੱਖਾਂ ਦੇ ਗੁਰੂ ਰੂਪ ਵਿੱਚ ਸਥਾਪਤ ਕਰਕੇ ਕੇਵਲ ਸਿੱਖਾਂ ਲਈ ਹੀ ਨਹੀਂ, ਸਗੋਂ ਸਮੁੱਚੀ ਮਾਨਵਤਾ ਦੇ ਭਲੇ ਹਿੱਤ ਰਾਹ ਦਸੇਰੀ ਅਤੇ ਚਾਨਣ ਮੁਨਾਰਾ ਸਾਬਤ ਹੋ ਰਹੀ ਹੈ।

ਅੱਜ ਦਸਮੇਸ਼ ਪਿਤਾ ਦੇ ਪਾਵਨ ਪ੍ਰਕਾਸ਼ ਪੁਰਬ ਦੇ ਸ਼ੁਭ ਦਿਹਾੜੇ 'ਤੇ ਲੋੜ ਇਸ ਗੱਲ ਦੀ ਹੈ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਿੱਤੇ ਸਿਧਾਂਤਾਂ ਉੱਤੇ ਪਹਿਰਾ ਦਿੰਦੇ ਹੋਏ ਸਮਾਜ ਵਿੱਚ ਵਿਚਰਦੇ ਹੋਏ ਆਪਸੀ ਪਿਆਰ, ਸਦਭਾਵਨਾ, ਭਾਈਚਾਰਕ ਸਾਂਝ, ਏਕਤਾ ਨੂੰ ਦ੍ਰਿੜ੍ਹ ਕਰੀਏ। ਜਾਤ ਪਾਤ, ਮਜ਼੍ਹਬ, ਧਰਮ, ਭਾਸ਼ਾ, ਖੇਤਰ ਦੇ ਵਖਰੇਵਿਆਂ ਤੋਂ ਉੱਪਰ ਉੱਠ ਕੇ ਸਾਰਿਆਂ ਨੂੰ ਉਸ ਪ੍ਰਭੂ ਦੀ ਸਿਰਜਣਾ ਮੰਨ ਕੇ ਇੱਕ ਦੂਜੇ ਦੀਆਂ ਭਾਵਨਾਵਾਂ ਦਾ ਸਤਿਕਾਰ ਕਰੀਏ ਤਾਂ ਜੋ ਸਰਬੱਤ ਦੇ ਭਲੇ ਵਾਲ਼ੇ ਸਮਾਜ ਦੀ ਸਿਰਜਣਾ ਹੋ ਸਕੇ।

# ਪੁਸਤਕ ਸਮੀਖਿਆ

**ਸਤਿਗੁਰ ਰਵਿਦਾਸ- ਬਾਣੀ: ਕ੍ਰਾਂਤੀਕਾਰੀ ਸੰਦੇਸ਼ (ਭਾਗ-2)**
**ਰੀਵਿਊਕਾਰ: ਬਲਜਿੰਦਰ ਮਾਨ 98150 18947**
**ਲੇਖਕ: ਨਵਤੇਜ ਗੜ੍ਹਦੀਵਾਲਾ**
**ਪ੍ਰਕਾਸ਼ਕ: ਸਪਤਰਿਸ਼ੀ ਪਬਲਿਕੇਸ਼ਨ ਚੰਡੀਗੜ੍ਹ, ਪੰਨੇ 244 , ਮੁੱਲ: 320 ਰੁਪਏ**

ਧਾਰਮਿਕ ਗ੍ਰੰਥਾਂ ਦੀ ਖੋਜ ਕਰਨ ਵਾਲੇ ਅਨੇਕਾਂ ਖੋਜਕਾਰਾਂ ਨੇ ਆਪੋ ਆਪਣੇ ਨਜ਼ਰੀਏ ਨਾਲ ਇਹਨਾਂ ਗ੍ਰੰਥਾਂ ਦੀ ਵਿਆਖਿਆ ਕੀਤੀ ਹੈ। ਸਮੇਂ ਸਮੇਂ ਤੇ ਰਚੇ ਗਏ ਗ੍ਰੰਥਾਂ ਵਿੱਚ ਦਰਜ ਤੱਥਾਂ ਨੂੰ ਸਮੇਂ ਦੀਆਂ ਸੱਚਾਈਆਂ ਨੇ ਝੁਠਲਾਇਆ ਵੀ ਹੈ ਅਤੇ ਅਪਣਾਇਆ ਵੀ ਹੈ। ਹਿੰਦੂ ਗ੍ਰੰਥਾਂ ਵਿੱਚ ਰਚੀਆਂ ਗਈਆਂ ਸ਼ੂਦਰਾਂ ਦੇ ਖਿਲਾਫ ਰਚਨਾਵਾਂ ਅਤੇ ਕਵਿਤਾਵਾਂ ਨੂੰ ਸਮੇਂ ਦੇ ਰਹਿਬਰਾਂ ਅਤੇ ਮਹਾਂਪੁਰਸ਼ਾਂ ਨੇ ਰੱਦ ਕਰਕੇ ਮਨੁੱਖਤਾ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ। ਮਾਨਵਤਾ ਦੇ ਮਹਾਨ ਅਲੰਬਰਦਾਰ ਅਤੇ ਕ੍ਰਾਂਤੀਕਾਰੀ ਗੁਰੂ ਰਵਿਦਾਸ ਨੇ ਆਪਣੀ ਬਾਣੀ ਦੇ ਵਿੱਚ ਸਮੇਂ ਦੇ ਹਾਕਮਾਂ ਨੂੰ ਵੰਗਾਰਦਿਆਂ ਹਕੀਕਤਾਂ ਨੂੰ ਰੂਬਰੂ ਕੀਤਾ। ਇਹ ਤਲਖ ਹਕੀਕਤਾਂ ਆਧੁਨਿਕ ਸਮੇਂ ਦੇ ਵੀ ਰੂੜੀਵਾਦੀ ਅਤੇ ਕੱਟੜਵਾਦੀ ਲੋਕ ਮੰਨਣ ਨੂੰ ਤਿਆਰ ਨਹੀਂ ਹਨ।




ਪੁਸਤਕ 'ਸਤਿਗੁਰ ਰਵਿਦਾਸ-ਬਾਣੀ; ਕ੍ਰਾਂਤੀਕਾਰੀ ਸੰਦੇਸ਼' ਦੇ ਕਰਤਾ ਨਵਤੇਜ ਗੜ੍ਹਦੀਵਾਲਾ ਦੁਆਰਾ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਮਾਹਿਲਪੁਰ (ਹੁਸ਼ਿਆਰਪੁਰ) ਦੁਆਰਾ ਪ੍ਰਕਾਸ਼ਿਤ ਕੀਤੇ ਪਹਿਲੇ ਭਾਗ ਦੀ ਸਾਰਥਿਕ ਚਰਚਾ ਤੋਂ ਬਾਅਦ ਇਹ ਦੂਸਰਾ ਭਾਗ ਪ੍ਰਕਾਸ਼ਿਤ ਕੀਤਾ ਗਿਆ ਹੈ। ਜਿਸ ਵਿੱਚ ਗੁਰੂ ਸਾਹਿਬ ਦੁਆਰਾ ਰਚੀ ਬਾਣੀ ਦਾ ਅਧਿਐਨ ਬਹੁਤ ਗੰਭੀਰਤਾ ਨਾਲ ਕੀਤਾ ਗਿਆ ਹੈ। ਰਾਗਾਂ ਵਿੱਚ ਰਚੀ ਇਸ ਬਾਣੀ ਨੂੰ ਆਮ ਭਾਸ਼ਾ ਵਿੱਚ ਸਮਝਾਉਣ ਵਾਸਤੇ ਅਨੇਕਾਂ ਖੋਜੀਆਂ ਦੇ ਹਵਾਲੇ ਦਿੱਤੇ ਗਏ ਹਨ। 40 ਕਾਂਡਾਂ ਵਿੱਚ ਵੰਡੀ ਇਹ ਪੁਸਤਕ ਆਪਣੇ ਆਪ ਵਿੱਚ ਇੱਕ ਗ੍ਰੰਥ ਬਣ ਗਈ ਹੈ। ਗੁਰੂ ਰਵਿਦਾਸ ਦੇ ਨਾਲ ਨਾਲ ਭਗਤਾਂ ਅਤੇ ਗੁਰੂ ਸਾਹਿਬਾਨ ਦੀ ਬਾਣੀ ਦਾ ਵੀ ਤੁਲਨਾਤਮਿਕ ਅਧਿਐਨ ਵੀ ਕੀਤਾ ਗਿਆ ਹੈ। ਇਸ ਤਰ੍ਹਾਂ ਇਹ ਇੱਕ ਹਵਾਲਾ ਪੁਸਤਕ ਬਣ ਜਾਂਦੀ ਹੈ। ਪੁਸਤਕ ਦੇ ਅੰਤਲੇ ਪੰਨਿਆਂ ਤੇ ਦਿੱਤੇ ਸ਼ਬਦ ਅਰਥ ਅਤੇ 200 ਤੋਂ ਵੱਧ ਪੁਸਤਕਾਂ ਅਤੇ ਗ੍ਰੰਥਾਂ ਦਾ ਦਿੱਤਾ ਗਿਆ ਵੇਰਵਾ ਇਸ ਦੀ ਮਹਾਨਤਾ ਅਤੇ ਲੋੜ ਨੂੰ ਉਜਾਗਰ ਕਰਦਾ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਲੇਖਕ ਨੇ ਇਸ ਪੁਸਤਕ ਦੀ ਤਿਆਰੀ ਲਈ ਸਾਲਾਂ ਦਾ ਅਧਿਐਨ ਅਤੇ ਮਿਹਨਤ ਕੀਤੀ ਹੈ। ਪਰ ਇਹ ਗੱਲ ਵੀ ਅਸੀਂ ਸਾਰੇ ਜਾਣਦੇ ਹਾਂ ਕਿ ਰੱਬ ਇੱਕ ਇਹੋ ਜਿਹਾ ਵਿਸ਼ਾ ਹੈ ਜਿਸ ਤੇ ਅੰਤਲਾ ਸਿੱਟਾ ਕੱਢਣਾ ਸੰਭਵ ਹੀ ਨਹੀਂ ਹੈ। ਪਰ ਅਸੀਂ ਉਸ ਨਾਮ , ਕੁਦਰਤ ਜਾਂ ਸ਼ਬਦ ਦੀ ਸ਼ਕਤੀ ਦਾ ਅਹਿਸਾਸ ਕਰਕੇ ਇਸ ਜੀਵਨ ਨੂੰ ਸੋਹਣਾ ਤੇ ਸੁਚੱਜਾ ਬਣਾਉਣ ਦੇ ਕਾਬਲ ਬਣ ਸਕਦੇ ਹਾਂ। ਲੇਖਕ ਦਾ ਮਨੋਰਥ ਵੀ ਗੁਰੂ ਰਵਿਦਾਸ ਬਾਣੀ ਦੁਆਰਾ ਇਸ ਸਮਾਜ ਨੂੰ ਬਰਾਬਰੀ ਅਤੇ ਆਪਸੀ ਸਾਂਝਾ ਵਾਲਾ ਬਣਾਉਣਾ ਹੈ।

ਲੇਖਕ ਨੇ ਆਪਣੀ ਖੋਜੀ ਅਤੇ ਸਮਰਪਣ ਦੀ ਬਿਰਤੀ ਨਾਲ ਰਾਗ ਗਉੜੀ, ਆਸਾ, ਸੋਰਠਿ, ਧਨਾਸਰੀ, ਰਾਗ ਸੂਹੀ, ਰਾਗੁ ਗੋਂਡ, ਰਾਮਕਲੀ, ਰਾਗ ਮਾਰੂ, ਰਾਗ ਕੇਦਾਰਾ, ਭੈਰਉ,ਬਸੰਤ ਅਤੇ ਮਲਾਰ ਰਾਗ ਵਿੱਚ ਰਚੇ ਸ਼ਬਦਾਂ ਦੀ ਵਿਆਖਿਆ ਅਤੇ ਤੁਲਨਾਤਮਿਕ ਅਧਿਐਨ ਪੇਸ਼ ਕਰਕੇ ਸਧਾਰਨ ਪਾਠਕਾਂ ਲਈ ਰੌਸ਼ਨ ਮਿਨਾਰਾ ਖੜਾ ਕੀਤਾ ਹੈ। ਲੇਖਕ ਨੇ ਗੁਰੂ ਰਵਿਦਾਸ ਬਾਣੀ ਨੂੰ ਇੱਕ ਕ੍ਰਾਂਤੀਕਾਰੀ ਪਰਿਵਰਤਨ ਵਜੋਂ ਪੇਸ਼ ਕੀਤਾ ਹੈ ਕਿਉਂਕਿ ਸਮੇਂ ਦੇ ਹਾਕਮਾਂ ਦੇ ਖਿਲਾਫ ਆਵਾਜ਼ ਨੂੰ ਬੁਲੰਦ ਕਰਨ ਵਾਲੇ ਉਹ ਪਹਿਲੇ ਮਹਾਂਪੁਰਸ਼ ਹੋਏ ਹਨ। ਉਹਨਾਂ ਗਿਆਨ ਦੀ ਸ਼ਕਤੀ ਨਾਲ ਅਤੇ ਨਾਮ ਦੀ ਸ਼ਕਤੀ ਨਾਲ ਆਪਣੇ ਜੀਵਨ ਨੂੰ ਉਚੇਰਾ ਕਰਨ ਦਾ ਉਪਦੇਸ਼ ਦਿੱਤਾ। ਇਸੇ ਉਪਦੇਸ਼ ਨੂੰ ਪ੍ਰਚਾਰਕਾਂ ਨੇ ਆਪਣੇ ਰੰਗ ਢੰਗ ਨਾਲ ਪੇਸ਼ ਕਰਕੇ ਸ਼ੂਦਰਾਂ ਦੀ ਅਵਸਥਾ ਨੂੰ ਸੁਧਾਰਨ ਦੀ ਗੱਲ ਨਹੀਂ ਤੁਰਨ ਦਿੱਤੀ। ਜਿਵੇਂ ਜਿਵੇਂ ਗਿਆਨ ਵਿਗਿਆਨ ਦਾ ਪਸਾਰ ਹੋਇਆ ਉਵੇਂ ਹੀ ਇਹਨਾਂ ਦੇ ਸ਼ਬਦਾਂ ਦੇ ਅਰਥ ਨਵੇਂ ਰੰਗ ਰੂਪ ਵਿੱਚ ਲੋਕਾਂ ਵਿੱਚ ਪ੍ਰਚਾਰੇ ਜਾਣ ਲੱਗੇ ।ਅਸਲ ਵਿੱਚ ਨਵਤੇਜ ਗੜ੍ਹਦੀਵਾਲਾ ਦਾ ਯਤਨ ਵੀ ਇਹੀ ਹੈ ਕਿ ਗੁਰੂ ਜੀ ਦੀ ਬਾਣੀ ਨੂੰ ਸਿਰਫ ਪੜ੍ਹਨ ਸੁਣਨ ਅਤੇ ਸੁਣਾਉਣ ਤੱਕ ਹੀ ਸੀਮਤ ਨਾ ਰੱਖਿਆ ਜਾਵੇ ਸਗੋਂ ਉਹਨਾਂ ਦੀ ਫਿਲਾਸਫੀ ਨੂੰ ਜੀਵਨ ਵਿੱਚ ਅਪਨਾ ਕੇ ਇਸ ਸਮਾਜ ਨੂੰ ਰਹਿਣ ਯੋਗ ਅਤੇ ਮਾਨਣਯੋਗ ਬਣਾਇਆ ਜਾਵੇ । ਜਿਵੇਂ ਕਿ ਗੁਰੂ ਸਾਹਿਬ ਨੇ ਬੇਗਮਪੁਰਾ ਵਸਾਉਣ ਦੀ ਗੱਲ ਤੋਰੀ। ਇਸ ਲਿਖਤ ਦੀ ਇਹ ਵੀ ਸਿਫਤ ਹੈ ਕਿ ਇਸ ਵਿੱਚ ਮਹਾਨ ਚਿੰਤਕਾਂ ਦੇ ਵਿਚਾਰਾਂ ਤੋਂ ਇਲਾਵਾ ਲੋਕ ਕਥਾਵਾਂ ਅਤੇ ਸੂਫੀ ਸੰਤਾਂ ਅਤੇ ਕਿੱਸਾਕਾਰਾਂ ਦੇ ਵਿਚਾਰਾਂ ਨੂੰ ਵੀ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਗੁਰਬਾਣੀ ਦੀਆਂ ਤੁਕਾਂ ਨੂੰ ਵੱਖ ਵੱਖ ਸੰਤਾਂ ਮਹਾਤਮਾ ਦੀਆਂ ਤੁਕਾਂ ਨਾਲ ਤੁਲਨਾਤਮਕ ਤੌਰ ਤੇ ਪੇਸ਼ ਕਰਕੇ ਪਾਠਕਾਂ ਨੂੰ ਸਧਾਰਨ ਭਾਸ਼ਾ ਵਿੱਚ ਇਹਨਾਂ ਸ਼ਬਦਾਂ ਦੇ ਅਰਥ ਗ੍ਰੰਥਾਂ ਅਤੇ ਪੋਥੀਆਂ ਵਿੱਚ ਵਰਤੇ ਗਏ ਅਰਥਾਂ ਦੇ ਨਾਲ ਨਾਲ ਨਵੇਂ ਅਰਥਾਂ ਵਿੱਚ ਵੀ ਪੇਸ਼ ਕੀਤਾ ਹੈ। ਇਹ ਪੁਸਤਕ ਪਾਠਕਾਂ ਅੰਦਰ ਸੱਚੋ ਸੱਚ ਦਾ ਗਿਆਨ ਪ੍ਰਾਪਤ ਕਰਨ ਦੀ ਸ਼ਰਧਾ ਅਤੇ ਸਤਿਕਾਰ ਪੈਦਾ ਕਰਦੀ ਹੈ।

ਰਾਗ ਸੋਰਠਿ ਵਿੱਚ ਆਏ ਸ਼ਬਦ :
ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧੇਨੁ ਬਸਿ ਜਾ ਕੇ ॥
ਚਾਰਿ ਪਦਾਰਥ ਅਸਟ ਦਸਾ ਸਿਧੀ ਨਾਵ ਨਿਧਿ ਕਰ ਤਲ ਤਾ ਕੇ॥

ਦੀ ਵਿਆਖਿਆ ਵਿੱਚ ਲਿਖਿਆ ਗਿਆ ਹੈ ਕਿ ਚਾਰ ਪਦਾਰਥ ਦਾ ਅਰਥ ਹੈ ਅਰਥ, ਧਰਮ, ਕਾਮ, ਮੋਕਸ਼। ਸਿੱਧੀ ਨੂੰ ਕਰਾਮਾਤ ਜਾਂ ਗੈਬੀ ਸ਼ਕਤੀ ਮੰਨਿਆ ਜਾਂਦਾ ਹੈ ਅਤੇ ਅਜਿਹੀ ਸਿੱਧੀ ਵਾਲੇ ਜੋਗੀ ਨੂੰ ਸਿੱਧ ਕਿਹਾ ਜਾਂਦਾ ਹੈ। ਮਹਾਨ ਕੋਸ਼ ਅਨੁਸਾਰ 18 ਸਿੱਧੀਆਂ ਵਿੱਚੋਂ ਅੱਠ ਮੁੱਖ ਸਿਧੀਆਂ- ਅਨਿਮਾ, ਮਹਿਮਾ, ਗਰਿਮਾ, ਲਘਿਮਾ, ਪ੍ਰਾਪਤੀ, ਪ੍ਰਾਕਾਮਯਾ ਈਸ਼ਤਾ ਤੇ ਵਸਿਸ਼ਤਾ। ਦਸ ਹੋਰ ਸਿੱਧੀਆਂ-ਭੁੱਖ ਪਿਆਸ ਤੇ ਕਾਬੂ, ਦੂਰੋਂ ਸੁਣਨਾ ਤੇ ਦੇਖ ਲੈਣਾ, ਮਨ ਦੀ ਚਾਲ ਤੇ ਤੁਰਨਾ, ਮਰਜ਼ੀ ਦੀ ਮੌਤ, ਹੋਰਨਾਂ ਵਿੱਚ ਦਾਖਲ ਹੋ ਜਾਣਾ, ਦੇਵਤਿਆਂ ਨਾਲ ਰਹਿਣਾ, ਕਿਤੇ ਵੀ ਆ ਜਾ ਸਕਣਾ, ਸਿੱਧੀਆਂ ਦੇ ਦੱਬ ਦਬਾਅ ਨਾਲ ਹੀ ਸਮਾਜ ਵਿੱਚ ਜੋਗੀਆਂ ਦਾ ਸਿੱਕਾ ਚੱਲਦਾ ਸੀ। ਨਵ ਨਿਧੀ ਦਾ ਅਰਥ ਹੈ ਨੌ ਖਜ਼ਾਨੇ । ਇਹ ਨਿਧੀਆਂ ਰਤਨ ਰੂਪ ਹਨ। ਇਹਨਾਂ ਦੇ ਵੱਖ-ਵੱਖ ਗੁਣ ਹਨ ਜਿਵੇਂ ਪਦਮ ਨਿਧੀ ਸਤਵਿਕ ਹੈ ਇਸ ਤੋਂ ਪੁੱਤ ਪੋਤੇ ਵੱਧਦੇ ਹਨ, ਸੋਨੇ ਚਾਂਦੀ ਦੀ ਪ੍ਰਾਪਤੀ ਹੁੰਦੀ ਹੈ। ਮਕਰ ਨਿਧੀ ਤਮੋ ਗੁਣੀ ਹੈ, ਜਿਸ ਤੋਂ ਸ਼ਾਸਤਰ ਵਿਦਿਆ ਦੀ ਪ੍ਰਾਪਤੀ ਹੁੰਦੀ ਹੈ, ਸਭ ਤੇ ਹਕੂਮਤ ਹੁੰਦੀ ਹੈ ਆਦਿ। ਨਵ ਨਿਧੀ ਤੋਂ ਭਾਵ ਧਨ ਜਾਇਦਾਦ ਆਦਿ ਵੀ ਲਿਆ ਜਾਂਦਾ ਹੈ।

ਇਸੇ ਤਰ੍ਹਾਂ ਵੇਦਾਂ ਬਾਰੇ ਦਿੱਤੀ ਜਾਣਕਾਰੀ ਵੀ ਖੋਜਾਰਥੀਆਂ ਲਈ ਲਾਹੇਬੰਦੀ ਹੈ। ਵੇਦ ਦਾ ਅਰਥ ਹੈ ਗਿਆਨ ਜਾਂ ਦਰਸ਼ਨ। ਚਾਰ ਵੇਦ ਹਿੰਦੂ ਸਿਧਾਂਤਾਂ ਦੇ ਰੂਪ ਵਿੱਚ ਪ੍ਰਾਚੀਨਤਮ ਮੂਲ ਗ੍ਰੰਥ ਹਨ। ਜਿਨ੍ਹਾਂ ਨੇ ਹਿੰਦੂਆਂ ਦੀ ਸਮੁੱਚੀ ਜੀਵਨ ਧਾਰਾ ਨੂੰ ਨਿਸ਼ਚਿਤ ਕੀਤਾ ਹੈ। ਰਿਗਵੇਦ ਸਭ ਤੋਂ ਪਹਿਲੀ ਰਚਨਾ ਹੈ। ਦੇਵਤਿਆਂ ਸਬੰਧੀ ਭਜਨਾਂ ਦਾ ਇਹ ਸੰਗ੍ਰਹਿ ਵੈਦਿਕ ਸੱਭਿਅਤਾ ਦੀ ਜਾਣਕਾਰੀ ਦਾ ਸਰੋਤ ਹੈ। ਇਹ ਭਜਨ ਵੱਖ-ਵੱਖ ਰਿਸ਼ੀਆਂ ਦੁਆਰਾ ਰਚੇ ਗਏ ਹਨ। ਸਾਮ ਦਾ ਅਰਥ ਹੈ ਸੁੱਖ ਦੇਣ ਵਾਲਾ ,ਸੁੰਦਰ ਬਚਨ, ਸੰਗੀਤ, ਗਾਣਾ ਆਦਿ। ਇਸ ਵੇਦ ਵਿੱਚ ਰਿਗਵੇਦ ਅਤੇ ਯਜੁਰਵੇਦ ਦੇ ਗਾਏ ਜਾਣ ਵਾਲੇ ਮੰਤਰ ਦਰਜ ਹਨ। ਇਸ ਨੂੰ ਉਪਾਸਨਾ ਕਾਂਡ ਵੀ ਕਿਹਾ ਜਾਂਦਾ ਹੈ। ਯਜੁਰਵੇਦ ਧਾਰਮਿਕ ਰਸਮਾਂ ਨਿਭਾਉਣ ਲਈ ਅਗਵਾਈ ਲੀਹਾਂ ਦਰਸਾਉਣ ਵਾਲਾ ਇੱਕ ਤਕਨੀਕੀ ਦਸਤਾਵੇਜ਼ ਹੈ। ਮੁੱਖ ਰੂਪ ਵਿੱਚ ਇਹ ਯਗ, ਹਵਨਾਂ ਦੇ ਨਿਯਮਾਂ ਅਤੇ ਵਿਧਾਨ ਸਬੰਧੀ ਕਰਮਕਾਂਡਾਂ ਦਾ ਸਰੋਤ ਹੈ। ਅਥਰਵ ਵੇਦ ਵਿੱਚ ਮੋਹਿਤ ਕਰਨ, ਚਿਲੇ ਕੱਟਣ, ਜਾਦੂ ਟੂਣੇ, ਭੂਤ -ਪ੍ਰੇਤ ਸੰਬੰਧੀ ਕਈ ਮੰਤਰ ਹਨ। ਇਸ ਵਿੱਚ ਦਰਜ ਬਹੁਤੇ ਮੰਤਰਾਂ ਦੇ ਵਿਸ਼ਿਆਂ ਦੀ ਸ੍ਰੇਸ਼ਟਤਾ ਧਰਮ ਸੂਤਰਾਂ ਅਤੇ ਸਿਮਰਤੀਆਂ ਨੇ ਪ੍ਰਵਾਨ ਨਹੀਂ ਕੀਤੀ।

ਉੱਚ ਜਾਤੀਆਂ ਵੱਲੋਂ ਆਪਣੇ ਹਿਤਾਂ ਵਾਸਤੇ ਸ਼ੂਦਰਾਂ ਵਿੱਚ ਪਾਈਆਂ ਵੰਡੀਆਂ ਉਹਨਾਂ ਦੀ ਤਰਾਸਦੀ ਅਤੇ ਨਿਰਾਸ਼ਾ ਦਾ ਮੁੱਖ ਕਾਰਨ ਹਨ। ਇਸ ਅਲਾਮਤ ਤੋਂ ਛੁਟਕਾਰਾ ਪਾਉਣ ਵਾਸਤੇ ਆਪਸੀ ਏਕਤਾ ਅਤੇ ਭਾਈਚਾਰਕ ਸਾਂਝ ਅਤੇ ਗਿਆਨ ਦੀ ਸ਼ਕਤੀ ਹਾਸਿਲ ਕਰਨ ਦਾ ਸੁਨੇਹਾ ਦਿੱਤਾ ਗਿਆ ਹੈ।


ਪੁਸਤਕ ਵਿੱਚ ਗੁਰਬਾਣੀ ਅਨੁਸਾਰ ਕਰਮਕਾਂਡਾਂ ਨੂੰ ਭੰਡਿਆ ਗਿਆ ਹੈ। ਜੀਵਨ ਨੂੰ ਸੁਖਾਲਾ ਤੇ ਸੁਚੱਜਾ ਬਣਾਉਣ ਵਾਸਤੇ ਇੱਕ ਨਾਮ ਦਾ ਆਧਾਰ ਹੀ ਹੈ ਤੇ ਸਵਰਗ ਨਰਕ ਇਸ ਧਰਤੀ ਤੇ ਹੀ ਹਨ। ਨਾ ਕੋਈ ਮਰਦਾ ਹੈ ਤੇ ਨਾ ਕੋਈ ਜਨਮ ਲੈਂਦਾ ਹੈ ਸਿਰਫ ਆਪਣਾ ਰੂਪ ਬਦਲਦਾ ਹੈ। ਲੇਖਕ ਆਧੁਨਿਕ ਸਮੇਂ ਦੇ ਮਨੁੱਖਾਂ ਨੂੰ ਵੀ ਵਹਿਮਾਂ ਭਰਮਾਂ ਚੋਂ ਕੱਢਦਾ ਹੋਇਆ ਵਿਗਿਆਨਕ ਸੋਚ ਅਪਣਾਉਣ ਦੀ ਸਲਾਹ ਦਿੰਦਾ ਹੈ।

ਇਸ ਖੋਜ ਭਰਪੂਰ ਪੁਸਤਕ ਤੋਂ ਜਿੱਥੇ ਸਾਨੂੰ ਧਾਰਮਿਕ ਜਾਣਕਾਰੀ ਮਿਲਦੀ ਹੈ ਉੱਥੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰੂ ਰਵਿਦਾਸ ਅਤੇ ਭਗਤਾਂ ਦੀ ਬਾਣੀ ਦੀ ਮਹਾਨਤਾ ਦਾ ਗਿਆਨ ਵੀ ਹੁੰਦਾ ਹੈ। ਇਹ ਬਾਣੀ ਪੂਜਣ ਵਾਸਤੇ ਨਹੀਂ ਸਗੋਂ ਜੀਵਨ ਵਿੱਚ ਅਪਣਾਉਣ ਵਾਸਤੇ ਹੈ। ਪੁਸਤਕ ਵਿੱਚ ਸਾਡੇ ਅੱਗੇ ਗੈਰ ਵਿਗਿਆਨਿਕ ਤੌਰ ਤੇ ਕੀਤੇ ਜਾ ਰਹੇ ਕਾਰਜਾਂ ਪ੍ਰਤੀ ਵੀ ਸਵਾਲ ਖੜੇ ਕੀਤੇ ਗਏ ਹਨ। ਮਨੂ ਦੇ ਵਾਰਸਾਂ ਦੁਆਰਾ ਕੀਤੀ ਘੇਰਾਬੰਦੀ 'ਚੋਂ ਬਾਹਰ ਨਿਕਲਣ ਲਈ ਗੁਰੂ ਉਪਦੇਸ਼ 'ਤੇ ਚੱਲਣ ਦਾ ਸੁਨੇਹਾ ਦਿੱਤਾ ਗਿਆ ਹੈ। ਇਹ ਸੁਨੇਹਾ ਜਿੱਥੇ ਮਨ ਦੀਆਂ ਮੈਲਾਂ ਨੂੰ ਧੋਂਦਾ ਹੈ ਉੱਥੇ ਆਪਣੇ ਅੰਦਰ ਇੱਕ ਕ੍ਰਾਂਤੀਕਾਰੀ ਯੋਧੇ ਦੀ ਭਾਵਨਾ ਵੀ ਪੈਦਾ ਕਰਦਾ ਹੈ।

ਗੁਰੂ ਸਾਹਿਬ ਦੁਆਰਾ ਦਰਸਾਏ ਮਾਰਗ ਤੇ ਚੱਲ ਕੇ ਹੀ ਅਸੀਂ ਆਪਣੇ ਜੀਵਨ ਨੂੰ ਸਮੇਂ ਦਾ ਹਾਣੀ ਬਣਾਉਣ ਦੇ ਸਮਰੱਥ ਹੋ ਸਕਦੇ ਹਾਂ। ਖੋਜੀ ਵਿਦਵਾਨ ਨਵਤੇਜ ਗੜ੍ਹਦੀਵਾਲਾ ਦੇ ਇਸ ਉਪਰਾਲੇ ਨੂੰ ਸਾਹਿਤਕ, ਧਾਰਮਿਕ ਅਤੇ ਸਮਾਜਿਕ ਨਜ਼ਰੀਏ ਤੋਂ ਉੱਤਮ ਦਰਜੇ ਦਾ ਮੰਨਿਆ ਜਾਣਾ ਬਣਦਾ ਹੈ।

## ਪੁਸਤਕ- ਢਾਣੀ ਮੁਖਤਿਆਰ ਸਿੰਘ

ਸਹਿਜ ਪਬਲਿਕੇਸ਼ਨਜ਼ ਸਮਾਣਾ ਵੱਲੋਂ ਪ੍ਰਕਾਸ਼ਿਤ ਨਾਵਲ ਢਾਣੀ ਮੁਖਤਿਆਰ ਸਿੰਘ ਮਿਹਨਤਕਸ਼, ਸੱਚੇ-ਸੁੱਚੇ ਇਨਸਾਨ ਦੀ ਕਹਾਣੀ ਹੈ। ਇਹ ਅਸਲ ਵਿੱਚ ਸਿਰਫ ਇੱਕ ਕਹਾਣੀ ਜਾਂ ਨਾਵਲ ਨਹੀਂ ਹੈ ਸਗੋਂ ਇਹ ਆਪਣੇ ਵਿੱਚ ਬੀਤੀ ਪੂਰੀ ਸਦੀ ਸਮੇਟੇ ਹੋਏ ਹੈ। ਇਸ ਵਿੱਚ ਆਜ਼ਾਦੀ ਤੋਂ ਪਹਿਲਾਂ ਅਤੇ ਆਜ਼ਾਦੀ ਤੋਂ ਬਾਅਦ ਦੇ ਹਾਲਾਤਾਂ ਦਾ ਵਰਣਨ ਕੀਤਾ ਗਿਆ ਹੈ। ਨਾਵਲ ਪੜ੍ਹਨ ਤੇ ਇੰਞ ਲੱਗਦਾ ਹੈ ਜਿਵੇਂ ਲੇਖਕ ਜਗਸੀਰ ਸਿੰਘ ਕਲਾਲਾ ਇਹਨਾਂ ਸਾਰੇ ਪਾਤਰਾਂ ਨਾਲ ਆਪ ਵਿਚਰਿਆ ਹੋਇਆ ਹੈ। 23 ਅਧਿਆਇਆਂ ਵਿੱਚ ਵੰਡੇ ਇਸ ਨਾਵਲ ਵਿੱਚ ਲੇਖਕ ਬਾਰ ਦੇ (ਹੁਣ ਦੇ ਪਾਕਿਸਤਾਨ ਵਿਚਲੇ) ਇਲਾਕੇ ਵਿੱਚੋਂ ਆਏ ਰਿਫਿਊਜ਼ੀਆਂ ਅਤੇ ਮਾਲਵੇ ਦੇ ਲੋਕਾਂ ਦੇ ਜੀਵਨ ਪੱਧਰ ਅਤੇ ਰਹਿਣ ਸਹਿਣ ਦਾ ਤੁਲਨਾਤਮਕ ਅਧਿਐਨ ਕਰਦਾ ਹੈ। ਲੇਖਕ ਵੱਖ-ਵੱਖ ਸਮੇਂ ਤੇ ਉੱਠੀਆਂ ਵੱਖੋ-ਵੱਖਰੀਆਂ ਲਹਿਰਾਂ ਬਾਰੇ ਵੀ ਗੱਲ ਕਰਦਾ ਹੈ।




ਆਜ਼ਾਦੀ ਤੋਂ ਪਹਿਲਾਂ ਜਦੋਂ ਡਾਕੂਆਂ ਦਾ ਦਬਦਬਾ ਹੁੰਦਾ ਸੀ, ਉਸ ਵੇਲੇ ਇੱਕ ਬੱਚਾ ਕਿਸ ਤਰ੍ਹਾਂ ਡਾਕੂਆਂ ਨਾਲ ਮਿਲਦਾ ਹੈ, ਉਹਨਾਂ ਤੋਂ ਕਿਸ ਤਰ੍ਹਾਂ ਆਪਣਾ ਪਿੱਛਾ ਛੁੜਾਉਂਦਾ ਹੈ ਅਤੇ ਨਿਹੰਗ ਸਿੰਘਾਂ ਨਾਲ ਮਿਲਦਾ ਹੈ, ਉਸ ਨੂੰ ਉਹਨਾਂ ਦਾ ਪਰਿਵਾਰ ਕਿਸ ਤਰ੍ਹਾਂ ਲੱਭਦਾ ਹੈ, ਇਹ ਸਾਰਾ ਬ੍ਰਿਤਾਂਤ ਚਿਤਰਿਆ ਗਿਆ ਹੈ। ਇਹ ਨਾਵਲ ਜੀਵਨ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਜਾਪਦਾ ਹੈ। ਕਿਤੇ ਵੀ ਸਾਨੂੰ ਲੇਖਕ ਅਜਿਹੀ ਸਥਿਤੀ ਵਿੱਚ ਨਹੀਂ ਭੇਜਦਾ ਜਿੱਥੇ ਹਾਲਾਤ ਡਾਵਾਂ ਡੋਲ ਹੋਣ। ਇਸ ਵਿੱਚ ਕਿਰਤੀ ਬੰਦਿਆਂ ਅਤੇ ਕੰਮ ਕਰਨ ਵਾਲੇ ਲੋਕਾਂ ਨੂੰ ਤਰਜੀਹ ਦਿੱਤੀ ਗਈ ਹੈ। 160 ਪੰਨਿਆਂ ਵਾਲੇ 199 ਰੁਪਏ ਕੀਮਤ ਵਾਲੇ ਇਸ ਨਾਵਲ ਢਾਣੀ ਮੁਖਤਿਆਰ ਸਿੰਘ ਵਿੱਚ ਪੰਜਾਬ ਅਤੇ ਰਾਜਸਥਾਨ ਦੇ ਰਹਿਣ ਸਹਿਣ ਦਾ ਵਖਰੇਵਾਂ ਵੀ ਦਰਸ਼ਾਇਆ ਗਿਆ ਹੈ।

ਇਸ ਵਿੱਚ ਉਸ ਸਮੇਂ ਦੇ ਸਰਕਾਰੀ ਸਕੂਲਾਂ ਦਾ ਪੱਧਰ ਦੇ ਜੋ ਲੇਖਕ ਨੇ ਦਰਸ਼ਾਇਆ ਹੈ ਪੜ੍ਹ ਕੇ ਫਖਰ ਵੀ ਹੁੰਦਾ ਹੈ ਅਤੇ ਹੈਰਾਨੀ ਵੀ ਹੁੰਦੀ ਹੈ। ਦੂਜੇ ਪਾਸੇ ਅੱਜ ਦੇ ਵਿਦਿਅਕ ਢਾਂਚੇ ਨੂੰ ਦੇਖ ਕੇ ਸ਼ਰਮ ਵੀ ਆਉਂਦੀ ਹੈ। ਇਹ ਸਭ ਦੇਖ ਕੇ ਅਸੀਂ ਇਹ ਸੋਚਣ ਲਈ ਮਜਬੂਰ ਹੁੰਦੇ ਹਾਂ ਕਿ ਅਸੀਂ ਅੱਗੇ ਜਾ ਰਹੇ ਹਾਂ ਜਾਂ ਪਿਛੜ ਰਹੇ ਹਾਂ। ਜਿਹੜੀਆਂ ਥਾਵਾਂ ਦਾ ਜ਼ਿਕਰ ਲੇਖਕ ਕਰਦਾ ਹੈ, ਉਹ ਸਾਰੀਆਂ ਸਾਡੇ ਆਲੇ ਦੁਆਲੇ ਹੋਣ ਕਾਰਨ ਜਿਆਦਾ ਦਿਲਚਸਪੀ ਪੈਦਾ ਕਰਦੀਆਂ ਹਨ। ਮੁੱਖ ਰੂਪ ਵਿੱਚ ਨਾਵਲ ਪਾਠਕ ਦੀ ਨਿਰੰਤਰਤਾ ਅਤੇ ਰੋਚਕਤਾ ਬਣਾਈ ਰੱਖਦਾ ਹੈ, ਜਿਸ ਕਾਰਨ ਇਸ ਨੂੰ ਪੜ੍ਹਨ ਦਾ ਬਦੋਬਦੀ ਚਿੱਤ ਕਰਦਾ ਹੈ।

**ਸੰਜੀਵ ਝਾਂਜੀ ਜਗਰਾਉਂ**
**91-80049-10000**

## ਇਸ ਸਾਲ

ਨਾ ਪੈਸੇ ਪਾਣੀ ਵਾਂਗ ਵਹਾਉਣੇ,
ਪਿੱਛੇ ਲੱਗ ਨਾ ਕੱਪੜੇ ਪੜ੍ਹਵਾਉਣੇ,
ਨਵੇਂ ਸਾਲ ਸਾਦੇ ਜਸ਼ਨ ਮਨਾਉਣੇ,
ਸਭ ਵੰਡਕੇ ਆਪਾਂ ਖਾਮਾਂਗੇ,
ਇਸ ਸਾਲ ਤਾਂ ਮਾਪਿਆਂ ਨੂੰ,
ਕੁਝ ਆਪਾਂ ਕਰਕੇ ਦਿਖਾਮਾਂਗੇ ।

ਛੱਡੀਏ ਆਪਾਂ ਮੋੜਾਂ ਤੇ ਖੜ੍ਹਨਾਂ,
ਛੋਟੀ-ਛੋਟੀ ਗੱਲ ਉੱਤੇ ਲੜਨਾ,
ਅਧਿਆਪਕ ਤਾਂ ਰੱਬ ਵਾਂਗੂ ਪੂਜਣੇ,
ਜਿੱਥੇ ਮਿਲੇ ਗੋਡੀਂ ਹੱਥ ਲਾਮਾਂਗੇ,
ਇਸ ਸਾਲ ਤਾਂ ਮਾਪਿਆਂ ਨੂੰ,
ਕੁਝ ਆਪਾਂ ਕਰਕੇ ਦਿਖਾਮਾਂਗੇ ।

ਨਾ ਕਿਸੇ ਨਾਲ ਠੱਗੀ ਠੋਰੀ,
ਮੂੰਹ ਤੇ ਗੱਲ ਕਹੀਏ ਕੋਰੀ,
ਜ਼ਹਿਰ ਭਾਮੇਂ ਖਾਣਾ ਪੇਜੇ,
ਨਾ ਖਾਰ ਆਪਾਂ ਖਾਮਾਂਗੇ,
ਇਸ ਸਾਲ ਤਾਂ ਮਾਪਿਆਂ ਨੂੰ,
ਕੁੱਝ ਆਪਾਂ ਕਰਕੇ ਦਿਖਾਮਾਂਗੇ ।

**-ਚੇਤਨ ਬਿਰਧਨੋ**
**9417558971**

## ਖੁਸ਼ੀਆਂ ਭਰਿਆ ਸਾਲ ਆਵੇ

ਖੁਸ਼ੀਆਂ ਭਰਿਆ ਸਾਲ ਆਵੇ
ਸਭ ਦੇ ਖੇੜੇ ਭਾਗ ਲਾਵੇ
ਤੰਗੀਆਂ ਮੁੱਕਣ ਆਏ ਸਰੱਗੀ
ਗੱਭਰੂ ਨਾ ਕੋਈ ਧੱਕੇ ਖਾਵੇ ।
ਕੋਈ ਕਰੇ ਨਾ ਕਿਸੇ ਨਾਲ ਧੋਖਾ
ਨਾ ਕੋਈ ਹੱਕ ਗਰੀਬ ਦਾ ਖਾਵੇ
ਪੈਂਦੇ ਰਹਿਣ ਸਦਾ ਗਿੱਧੇ ਭੰਗੜੇ
ਹਰ ਕੋਈ ਵਾਤਾਵਰਣ ਬਚਾਵੇ ।
ਬੱਚਿਆਂ ਹੱਥ ਕਿਤਾਬਾਂ ਹੋਵਣ
ਬਸਤੇ ਦਾ ਕੋਈ ਭਾਰ ਘਟਾਵੇ

ਲੋੜ ਮੁਤਾਬਿਕ ਟੀਚਰ ਹੋਵਣ
ਰੌਸ਼ਨ ਸਭ ਦਾ ਰਾਹ ਹੋ ਜਾਵੇ।
ਸਭ ਨੂੰ ਮਿਲੇ ਸਿਹਤ ਸੁਰੱਖਿਆ
ਨਾ ਕੋਈ ਰੁੱਖੀ ਮਿੱਸੀ ਖਾਵੇ
ਵਿਹਲੜ ਨਾ ਕੋਈ ਕਰੇ ਖਰੂਦ
ਉੱਠ ਸਵੇਰੇ ਕੰਮ ਤੇ ਜਾਵੇ ।
ਆਗੂ ਬਣਨ ਕਲਾਮ ਜਿਹੇ
ਹਰ ਕੋਈ ਸੱਚੀ ਕਿਰਤ ਕਮਾਵੇ
ਹਰ ਇੱਕ ਵਾਸੀ ਦੇਸ਼ ਮੇਰੇ ਦਾ
ਉੱਚੀਆਂ ਫਿਰ ਉਡਾਰੀਆਂ ਲਾਵੇ।

ਭੁੱਖ ਗਰੀਬੀ ਤੇ ਵੱਢੀ ਖੋਰੀ
ਦੂਰ ਕਿਤੇ ਉੱਡ ਪੁਡ ਜਾਵੇ
ਹੱਕ ਸੱਚ ਇਨਸਾਫ ਮਿਲੇ
ਨਾ ਕੋਈ ਇਥੇ ਧਰਨੇ ਲਾਵੇ।
ਸਭ ਨਾਲ 'ਮਾਨ' ਪਏ ਮੁਹੱਬਤ
ਦੇਸ਼ ਨਾ ਕੋਈ ਜੰਗ ਲਾਵੇ
ਮਜ਼੍ਹਬਾਂ ਦੇ ਨਾ ਹੋਵਣ ਝਗੜੇ
ਦੁਨੀਆਂ ਫਿਰ ਤਰੱਕੀ ਪਾਵੇ।

**- ਬਲਜਿੰਦਰ ਮਾਨ**
**98150-18947**

## ਮਲੰਗ ਸਿਆਸਤ

ਵੈਰ-ਵਿਰੋਧ ਰੋਜ਼ ਹੋ ਰਿਹਾ ਅੱਜ ਢੰਗ ਸਿਆਸਤ ਦਾ,
ਰਹਿਣਾ ਸਦਾ ਦੁਸ਼ਮਣ ਵਾਂਗੂੰ ਨਵਾਂ ਰੰਗ ਸਿਆਸਤ ਦਾ।

ਲੋੜ ਲੋਕਾਂ ਦੀ ਰੁਜ਼ਗਾਰ ਤੇ ਦੋ ਵਕਤ ਦੀ ਰੋਟੀ ਹੈ,
ਮਜ਼ਬੂਨ ਇਨ੍ਹਾਂ ਰਲ ਰੱਖਿਆ ਧਰਮ ਸੰਗ ਸਿਆਸਤ ਦਾ।

ਬੀਤੀਆਂ ਗੱਲਾਂ ਟੁੱਕ 2 ਕੇ ਇਹ ਵਕਤ ਲੰਘਾਉਂਦੇ ਨੇ,
ਸੰਸਦ ਤਾਂ ਬਣਿਆ ਮੈਦਾਨ ਹੁਣ ਜੰਗ ਸਿਆਸਤ ਦਾ।


ਹੰਗਾਮਾ ਚਲੇ ਪਿੰਡ-ਸ਼ਹਿਰ ਕਿ ਮਸਜਿਦ ਥੱਲੇ ਮੰਦਿਰ,
ਇਹ ਵੀ ਚੜ੍ਹਿਆ ਹੋਇਆ ਹੈ ਹੁਣ ਪਤੰਗ ਸਿਆਸਤ ਦਾ।

ਜ਼ਖ਼ਮ ਵਿਧਾਨ ਦੇ ਵਲੂੰਧਰੇ ਧਰਮ ਕਰਮੀ ਲੀਡਰਾਂ ਨੇ,
ਹਿੰਦੂ, ਮੁਸਲਮਾਨ ਮਸਲਾ ਤਾਂ ਹੈ ਤੰਗ ਸਿਆਸਤ ਦਾ।

ਧਰਮ ਨਿਰਪੱਖ ਹੋ ਚੱਲਣਾ ਲਿਖਿਆ ਸੰਵਿਧਾਨ ਵਿੱਚ,
ਧਰਮ ਵਿੱਚ ਫਸਾ ਰੱਖਣਾ ਜੁ ਅਧਰੰਗ ਸਿਆਸਤ ਦਾ।

ਰੁਸ਼ਨਾ ਸਕੇ ਨਹੀਂ ਜੋ ਕਦੇ ਹਨੇਰਿਆਂ ਵਿਹੜਿਆਂ ਨੂੰ ,
ਇਹ ਰਹਿੰਦੇ ਬਣੇ ਸਾਰਥੀ ਇਸ ਮਲੰਗ ਸਿਆਸਤ ਦਾ।

**-ਰਬਿੰਦਰ ਸ਼ਰਮਾ**
**919814667682**






ਾਹਿਬਜ਼ਾਦਿਆਂ ਦੀਆਂ ਅਦੁੱਤੀ ਸ਼ਹਾਦਤਾਂ ਦੀ ਯਾਦ ਵਿਚ ਪਿੰਡ ਦੁਪਾਲ ਪੁਰ (ਨਵਾਂਸ਼ਹਿਰ) ਦੇ ਨੌਜਵਾਨਾ ਨੇ ਜਿੱਥੇ 28 ਦਸੰਬਰ ਨੂੰ ਸ਼ਹੀਦੀ ਸਮਾਗਮ ਆਯੋਜਿਤ ਕਰਵਾਇਆ ਉੱਥੇ ਖ਼ੂਨ-ਦਾਨ ਕੈਂਪ ਰਾਹੀਂ ਮਾਨਵ ਸੇਵਾ ਦਾ ਵੀ ਪੁੰਨ ਖੱਟਿਆ!
**(ਫੋਟੋ ਅਤੇ ਵੇਰਵਾ- ਤਰਲੋਚਨ ਸਿੰਘ ਦੁਪਾਲ ਪੁਰ)**

# ਡਾ. ਅੰਬੇਡਕਰ ਦਾ ਨਾਂ ਲੈਣਾ ਮਜਬੂਰੀ ਕਿ ਜ਼ਰੂਰੀ?




**ਫਤਿਹਜੰਗ ਸਿੰਘ**


ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ

91-98726-70278


ਪਿਛਲੇ ਦਿਨੀਂ 17-12-2024 ਨੂੰ ਰਾਜ ਸਭਾ ਵਿਚ ਭਾਜਪਾ ਦੇ ਵੱਡੇ ਆਗੂ, ਪ੍ਰਧਾਨ ਮੰਤਰੀ ਦੀ ਸੱਜੀ ਬਾਂਹ ਮੰਨੇ ਜਾਂਦੇ, ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਵੱਲੋਂ ਬਾਬਾ ਸਾਹਿਬ ਡਾ. ਅੰਬੇਡਕਰ ਬਾਰੇ ਇਕ ਬਿਆਨ ਦਿੱਤਾ ਗਿਆ, ਜਿਸਦੀ ਤਿੱਖੀ ਆਲੋਚਨਾ ਹਰ ਪਾਸੇ ਹੋਈ ਜੋ ਹਾਲੇ ਤੱਕ ਵੀ ਜਾਰੀ ਹੈ ਤੇ ਖਤਮ ਹੋਣ ਦਾ ਨਾਂ ਨਹੀਂ ਲੈ ਰਹੀ। ਗ੍ਰਹਿ ਮੰਤਰੀ ਨੇ ਆਖਿਆ ਕਿ ਉਸਦੇ ਬਿਆਨ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਵੱਲੋਂ ਤਾਬੜ ਤੋੜ 6 ਟਵੀਟ ਕਰਕੇ ਜਿੱਥੇ ਗ੍ਰਹਿ ਮੰਤਰੀ ਦਾ ਪੱਖ ਪੂਰਿਆ ਗਿਆ, ਉਥੇ ਕਾਂਗਰਸ ਨੂੰ ਵੀ ਬੜੀ ਗੁੱਸੇ ਵਾਲੀ ਤੇ ਭੱਦੀ ਭਾਸ਼ਾ ਵਿਚ ਆਲੋਚਨਾ ਦਾ ਸ਼ਿਕਾਰ ਬਣਾਇਆ ਗਿਆ। ਬਿਆਨ ਇੰਜ ਸੀ: ''ਹੁਣ ਇਕ ਫੈਸ਼ਨ ਹੋ ਗਿਆ ਹੈ ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ ਆਖਣਾ... ਇੰਨੀ ਵਾਰੀ ਜੇ ਭਗਵਾਨ ਦਾ ਨਾਂ ਲੈਂਦੇ ਤਾਂ ਸੱਤ ਜਨਮਾਂ ਤੱਕ ਸਵਰਗ ਮਿਲ ਜਾਂਦਾ।''

ਇਸ ਬਿਆਨ ਵਿਚੋਂ ਕੁਝ ਸਵਾਲ, ਕੁਝ ਸਿੱਧੇ/ਅਸਿੱਧੇ ਪ੍ਰਗਟਾਵੇ ਤੇ ਕੁਝ ਲੁਕਵੇਂ ਮੰਤਵ ਪੈਦਾ ਹੁੰਦੇ ਹਨ। ਬਾਬਾ ਸਾਹਿਬ ਅੱਜ ਉਸ ਮੁਕਾਮ 'ਤੇ ਪਹੁੰਚ ਗਏ ਹਨ ਕਿ ਹਰ ਸਿਆਸੀ ਪਾਰਟੀ ਤੇ ਆਗੂ ਦੀ ਇਹ ਮਜਬੂਰੀ ਬਣ ਗਈ ਹੈ ਕਿ ਉਹ ਉਹਨਾਂ ਨੂੰ ਮੰਨਣ, ਉਹਨਾਂ ਦੇ ਕੰਮਾਂ ਦੀ ਸਰਾਹਨਾ ਕਰਨ, ਕੋਈ ਸੇਧ ਲੈਣ ਤੋਂ ਬਿਨਾਂ ਰਹਿ ਨਹੀਂ ਸਕਦੇ। ਬਾਬਾ ਸਾਹਿਬ ਨੇ ਸਮਾਜਿਕ, ਆਰਥਿਕ, ਸਿਆਸੀ, ਧਾਰਮਿਕ, ਨਿਆਇਕ ਖੇਤਰ ਵਿਚ ਹਰ ਪੱਖੋਂ ਵੱਧ ਚੜ੍ਹ ਕੇ ਕੰਮ ਕੀਤਾ, ਪੂਰਨੇ ਪਾਏ, ਸੇਧ ਦਿੱਤੀ, ਭਵਿੱਖਬਾਣੀ ਕੀਤੀ ਜੋ ਸਹੀ ਹੁੰਦੀ ਜਾ ਰਹੀ ਹੈ, ਜਿਸ ਕਰਕੇ ਅੱਜ ਦੇ ਹਰ ਲੀਡਰ ਲਈ ਚੁਣੌਤੀ ਬਣਦੇ ਜਾ ਰਹੇ ਹਨ। ਹਰ ਪਾਸੇ ਉਹਨਾਂ ਦੇ ਕੰਮਾਂ ਅਤੇ ਪ੍ਰਾਪਤੀਆਂ ਦੀ ਗੂੰਜ ਹੈ ਜੋ ਅਖੌਤੀ ਆਗੂਆਂ ਲਈ ਇਕ ਵੰਗਾਰ ਬਣ ਚੁੱਕੀ ਹੈ। ਸਮਾਜ ਅਤੇ ਦੇਸ਼ ਲਈ ਸਮਤਾ, ਸਵਤੰਤਰਤਾ, ਭਾਈਚਾਰਾ ਤੇ ਨਿਆਂ ਮੂਲਕ ਨਿਰਧਾਰਿਤ ਕਰਨ ਲਈ ਉਹ ਦਿਨ ਰਾਤ ਕੰਮ ਕਰਦੇ ਰਹੇ- ਬਿਨਾਂ ਆਰਾਮ, ਲਾਲਚ, ਕੁਰਸੀ ਜਾਂ ਅਹੁਦੇ ਦੇ ਪਰਿਵਾਰਕ ਜ਼ਿੰਮੇਵਾਰੀਆਂ ਆਈਆਂ, ਨਾਮੁਰਾਦ ਬਿਮਾਰੀ ਨੇ ਭਾਵੇਂ ਸਰੀਰ ਬੋਦਾ ਬਣਾ ਦਿੱਤਾ, ਵਿਰੋਧੀਆਂ ਵੱਲੋਂ ਵੀ ਰਾਹ ਵਿਚ ਅਨੇਕਾਂ ਅੜਚਣਾਂ ਖੜ੍ਹੀਆਂ ਕੀਤੀਆਂ ਗਈਆਂ ਪਰ ਉਹ ਆਪਣੇ ਮਿਸ਼ਨ ਵਿਚ ਨਾ ਟੱਸ ਤੋਂ ਮੱਸ ਹੋਏ, ਨਾ ਕੋਈ ਵੰਗਾਰ ਉਹਨਾਂ ਨੂੰ ਦਿਸ਼ਾ ਤੋਂ ਭਟਕਾ ਸਕੀ। ਇਸ ਸਭ ਕੁਝ ਦੇ ਬਾਵਜੂਦ ਉਹ ਲਗਾਤਾਰ ਅੱਗੇ ਵਧਦੇ ਗਏ ਤੇ ਸਦੀਆਂ ਤੋਂ ਨਪੀੜਿਆਂ, ਲੁੱਟਿਆਂ-ਪੁੱਟਿਆਂ ਨੂੰ ਮਨੁੱਖੀ ਦਰਜਾ ਦਿਵਾ ਗਏ। ਜੋ ਉਹਨਾਂ ਨੇ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ, ਉਹ ਉਹਨਾਂ ਨੂੰ ਮੁਢਲੇ ਤੇ ਬੁਨਿਆਦੀ ਹੱਕਾਂ ਦੇ ਰੂਪ ਵਿਚ ਭੇਂਟ ਕਰ ਗਏ। ਕਿਸੇ ਦੇਸ਼ ਦੇ ਇਤਿਹਾਸ ਵਿਚ ਸੰਵਿਧਾਨ ਲਿਖਣ ਦਾ ਅਵਸਰ ਇਕ ਵਾਰ ਹੀ ਮਿਲਦਾ ਹੈ ਤੇ ਬਾਬਾ ਸਾਹਿਬ ਨੇ ਆਪਣੇ ਆਪ ਨੂੰ ਆਪਣੀ ਮਿਹਨਤ ਤੇ ਸੋਚ ਨਾਲ ਇਸ ਲਾਇਕ ਬਣਾਇਆ ਕਿ ਉਹ ਅਣਗਿਣਤ ਅੜਚਣਾਂ ਦੇ ਬਾਵਜੂਦ ਉਸ ਸੰਵਿਧਾਨ ਨਿਰਮਾਣ ਦੇ ਢਾਂਚੇ ਵਿਚ ਜਾ ਫਿੱਟ ਹੋਏ। ਫਿਰ ਉਹ ਜਿੱਥੇ ਦੱਬੇ ਕੁਚਲਿਆਂ ਲਈ ਮਸੀਹਾ ਬਣੇ, ਉਥੇ ਸਮੁੱਚੇ ਦੇਸ਼ ਨੂੰ ਵਿਕਾਸ ਦੀਆਂ ਨਵੀਆਂ ਲੀਹਾਂ 'ਤੇ ਵੀ ਪਾ ਗਏ। ਇਸੇ ਲਈ ਡਾ. ਅੰਬੇਡਕਰ ਦਾ ਨਾਂ ਵਾਰ-ਵਾਰ ਤੇ ਹਰ ਆਗੂ ਦੇ ਮੂੰਹੋਂ ਸੁਣ ਕੇ ਗ੍ਰਹਿ ਮੰਤਰੀ ਜੀ ਨੇ ਇਸਨੂੰ ਫੈਸ਼ਨ ਦੀ ਤਸਬੀਹ ਦੇ ਦਿੱਤੀ।

ਫੈਸ਼ਨ ਦੇ ਡਿਕਸ਼ਨਰੀ ਮਾਅਨੇ ਹਨ- ਵਿਅਕਤੀਗਤ ਪ੍ਰਗਟਾਵੇ ਅਤੇ ਪਛਾਣ ਨਿਰਮਾਣ ਕਰਨ ਵਾਲਾ ਇਕ ਉਪਕਰਨ। ਜੇ ਡਾ. ਅੰਬੇਡਕਰ ਨੂੰ ਫੈਸ਼ਨ ਦਾ ਇਕ ਉਪਕਰਨ ਬਣਾਇਆ ਜਾਂਦਾ ਹੈ ਤਾਂ ਇਸ ਵਿਚ ਕੋਈ ਮਾੜੀ ਗੱਲ ਵੀ ਨਹੀਂ। ਕਿਰਦਾਰ ਪੱਖੋਂ ਉਹ ਜਿੱਥੇ ਸੰਪੂਰਨ ਸਨ, ਉਥੇ ਬਾਹਰੀ ਦਿੱਖ ਤੋਂ ਵੀ ਉਹ ਪੂਰੇ ਸੱਜ ਸੰਵਰ ਕੇ ਰਹਿੰਦੇ ਸਨ। ਬਾਬਾ ਸਾਹਿਬ ਪਾਰਲੀਮੈਂਟ ਵਿਚ ਪੂਰੇ ਸੂਟ-ਬੂਟ ਵਾਲੇ, ਸਜੇ ਸੰਵਰੇ, ਨਿਖਰੀ ਸ਼ਖਸੀਅਤ ਵਾਲੇ ਇਨਸਾਨ ਮੰਨੇ ਜਾਂਦੇ ਸਨ, ਭਾਵੇਂ ਉਹ ਦਿਨ ਰਾਤ ਕੰਮ ਵਿਚ ਜੁਟੇ ਰਹਿੰਦੇ ਸਨ ਤੇ ਬਿਮਾਰੀ ਨੇ ਕਮਜ਼ੋਰ ਵੀ ਕਰ ਦਿੱਤਾ ਸੀ। ਪਰ ਜਿਸ ਵਿਅੰਗਾਤਮਕ ਲਹਿਜ਼ੇ ਵਿਚ ਗ੍ਰਹਿ ਮੰਤਰੀ ਨੇ ਬਾਂਹ ਫੈਲਾ ਕੇ ਛੇ ਵਾਰ ਅੰਬੇਡਕਰ ਆਖਿਆ, ਉਸਨੇ ਫੈਸ਼ਨ ਦੇ ਅਰਥ ਹੀ ਬਦਲ ਕੇ ਉਲਟ ਕਰ ਦਿੱਤੇ। ਗ੍ਰਹਿ ਮੰਤਰੀ ਦੇ ਉਸ ਲਹਿਜ਼ੇ ਵਿਚੋਂ ਬੁਖਲਾਹਟ, ਚਿੜ੍ਹ, ਵਿਅੰਗ, ਸਾੜਾ, ਗੁੱਸਾ, ਨਿਰਾਸ਼ਾ, ਘਿਰਣਾ, ਛਟਪਟਾਹਟ ਝਲਕ ਰਹੀ ਸੀ। ਇਹੀ ਉਹ ਕਾਰਨ ਸੀ ਕਿ ਗ੍ਰਹਿ ਮੰਤਰੀ ਜੀ ਹਰ ਇਕ ਦੇ ਨਿਸ਼ਾਨੇ 'ਤੇ ਆ ਗਏ। ਉਹਨਾਂ ਦੀ ਤੇ ਉਹਨਾਂ ਦੀ ਪਾਰਟੀ ਦੀ ਦੱਬ ਕੇ ਆਲੋਚਨਾ ਹੋਈ ਤੇ ਉਹਨਾਂ ਦੇ ਅਸਤੀਫ਼ੇ ਦੀ ਮੰਗ ਦੇ ਨਾਲ ਨਾਲ ਮਾਫ਼ੀ ਮੰਗਣ ਲਈ ਵੀ ਆਖਿਆ ਗਿਆ। ਵਿਰੋਧ ਇੰਨਾ ਜਬਰਦਸਤ ਸੀ ਕਿ ਅਮਿਤ ਸ਼ਾਹ ਨੂੰ ਤੁਰੰਤ ਪ੍ਰੈਸ ਕਾਨਫਰੰਸ ਕਰਕੇ ਆਖਣਾ ਪਿਆ ਕਿ ਉਹ ਤੇ ਉਹਨਾਂ ਦੀ ਪਾਰਟੀ/ ਸਰਕਾਰ ਬਾਬਾ ਸਾਹਿਬ ਦਾ ਬਹੁਤ ਸਤਿਕਾਰ ਕਰਦੇ ਹਨ। ਉਹਨਾਂ ਦੀ ਸਰਕਾਰ ਨੇ ਬਾਬਾ ਸਾਹਿਬ ਦੀਆਂ ਕਈ ਯਾਦਗਾਰਾਂ ਬਣਾਈਆਂ ਹਨ। ਉਹਨਾਂ ਨੇ ਆਖਿਆ ਕਿ ਉਸਦੇ ਬਿਆਨ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਸਚਾਈ ਲਈ ਮੇਰੇ ਸਾਰੇ ਵਿਖਿਆਨ ਨੂੰ ਵਾਚਿਆ ਜਾਵੇ।



ਗ੍ਰਹਿ ਮੰਤਰੀ ਦੇ ਬਿਆਨ ਦੇ ਬਾਕੀ ਹਿੱਸੇ ਨੂੰ ਸੁਣਨ ਤੋਂ ਬਾਅਦ ਸਪਸ਼ਟ ਹੁੰਦਾ ਹੈ ਕਿ ਉਹਨਾਂ ਨੇ ਜੋ ਅੱਗੇ ਆਖਿਆ ਉਹ ਵੀ ਸਚਾਈ ਤੋਂ ਕੋਹਾਂ ਦੂਰ ਹੈ। ਉਹਨਾਂ ਨੇ ਆਖਿਆ ਕਿ ਡਾ. ਅੰਬੇਡਕਰ ਨੂੰ ਨਹਿਰੂ ਵਜ਼ਾਰਤ ਤੋਂ ਅਸਤੀਫ਼ਾ ਇਸ ਲਈ ਦੇਣਾ ਪਿਆ ਸੀ ਕਿਉਂਕਿ ਉਹ ਐਸ. ਸੀ., ਐਸ. ਟੀ. ਪ੍ਰਤੀ ਹੋ ਰਹੇ ਵਿਵਹਾਰ, ਕਸ਼ਮੀਰ ਵਿਚ ਆਰਟੀਕਲ 370 ਅਤੇ ਸਰਕਾਰ ਦੀ ਵਿਦੇਸ਼ ਨੀਤੀ ਤੋਂ ਅਸੰਤੁਸ਼ਟ ਸਨ। ਪਰ ਬਾਬਾ ਸਾਹਿਬ ਨੇ ਆਪਣੇ ਅਸਤੀਫ਼ੇ ਦੇ ਕਾਰਨਾਂ ਵਿਚ ਇਹਨਾਂ ਵਿਚੋਂ ਕਿਸੇ ਕਾਰਨ ਨੂੰ ਨਹੀਂ ਲਿਖਿਆ। ਉਹਨਾਂ ਨੇ ਦੋ ਕਾਰਨ ਹੀ ਲਿਖੇ ਸਨ- ਇਕ ਸੀ ਹਿੰਦੂ ਕੋਡ ਬਿਲ ਨੂੰ ਪਾਸ ਨਾ ਕਰਾ ਸਕਣਾ ਅਤੇ ਦੂਜਾ ਦਿਨ-ਬ-ਦਿਨ ਬਿਮਾਰੀ ਨਾਲ ਡਿੱਗਦੀ ਜਾ ਰਹੀ ਸਿਹਤ ਕਰਕੇ। "ਡਾ. ਅੰਬੇਡਕਰ ਰਾਈਟਿੰਗ ਐਂਡ ਸਪੀਚਿਜ਼-ਵਾਲਿਊਮ 15- ਸਫ਼ਾ 826-827" ਉੱਤੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਡਾ. ਅੰਬੇਡਕਰ ਦੇ ਬਾਰੇ ਅਸਤੀਫ਼ੇ ਦੇ ਸਬੰਧ ਵਿਚ ਚਿੱਠੀਆਂ ਦਾ ਆਦਾਨ ਪ੍ਰਦਾਨ ਦਿੱਤਾ ਗਿਆ ਹੈ, ਜਿਸਤੋਂ ਸਾਫ ਹੋ ਜਾਂਦਾ ਹੈ ਕਿ ਅਸਤੀਫ਼ੇ ਦੇ ਉਹ ਕਾਰਨ ਨਹੀਂ ਸਨ ਜੋ ਅਮਿਤ ਸ਼ਾਹ ਨੇ ਗਿਣਵਾਏ ਹਨ।

ਪ੍ਰਧਾਨ ਮੰਤਰੀ ਨਹਿਰੂ ਨੇ ਡਾ. ਅੰਬੇਡਕਰ ਦੇ ਅਸਤੀਫ਼ੇ ਤੋਂ ਬਾਦ ਜੋ ਖ਼ਤ ਡਾ. ਅੰਬੇਡਕਰ ਨੂੰ ਲਿਖਿਆ ਉਸ ਵਿਚ ਉਹਨਾਂ ਨੇ ਲਿਖਿਆ, ''.. ਤੁਸੀਂ ਜੋ ਆਪਣੀ ਖਰਾਬ ਸਿਹਤ ਦਾ ਹਵਾਲਾ ਦਿੱਤਾ ਹੈ.. ਮੈਂ ਤੁਹਾਡੇ ਤੇ ਜ਼ੋਰ ਨਹੀਂ ਪਾਵਾਂਗਾ.. ਤੁਸੀਂ ਆਪ ਵੀ ਪਹਿਲਾਂ ਇਸਦਾ ਕਈ ਵਾਰ ਜ਼ਿਕਰ ਕੀਤਾ ਹੈ.. ਮੈਨੂੰ ਇਹ ਵੀ ਪਤਾ ਹੈ ਕਿ ਤੁਸੀਂ ਹਿੰਦੂ ਕੋਡ ਬਿਲ ਤੇ ਬਹੁਤ ਮਿਹਨਤ ਕੀਤੀ ਹੈ ਪਰ ਉਹ ਪਾਸ ਨਾ ਹੋਣ ਕਾਰਨ ਤੁਹਾਨੂੰ ਬਹੁਤ ਨਿਰਾਸ਼ਾ ਹੋਈ ਹੋਵੇਗੀ.. ਕੁਝ ਹੋਰ ਵੀ ਬਿਲ ਪੈਂਡਿੰਗ ਪਏ ਹਨ, ਜਿਨ੍ਹਾਂ ਦਾ ਸਬੰਧ ਤੁਹਾਡੇ ਨਾਲ ਹੈ .. ਉਹਨਾਂ ਦੇ ਪਾਸ ਹੋਣ ਤੱਕ ਇਸ ਸੈਸ਼ਨ ਦੀ ਸਮਾਪਤੀ ਤੀਕਰ ਠਹਿਰਦੇ .. ਉਸ ਵਿਚ ਥੋੜ੍ਹਾ ਸਮਾਂ ਹੀ ਬਚਦਾ ਹੈ .. ਪਰ ਮੈਂ ਜ਼ੋਰ ਨਹੀਂ ਪਾਵਾਂਗਾ..'' ਇਸ ਖ਼ਤੋ ਖ਼ਿਤਾਬਤ ਦੀ ਵਾਰਤਾ ਤੋਂ ਅਮਿਤ ਸ਼ਾਹ ਦਾ ਉਹ ਬਿਆਨ ਵੀ ਝੁਠਲਾਇਆ ਜਾਂਦਾ ਹੈ, ਜਿਸ ਵਿਚ ਉਸਨੇ ਆਖਿਆ ਸੀ ਕਿ ਜਦੋਂ ਨਹਿਰੂ ਨੂੰ ਇਹ ਪੁੱਛਿਆ ਗਿਆ ਕਿ ਰਾਜੇ ਅਤੇ ਅੰਬੇਡਕਰ ਦੇ ਅਸਤੀਫ਼ਿਆਂ ਨਾਲ ਤੁਹਾਨੂੰ ਕੀ ਫਰਕ ਪੈਣ ਵਾਲਾ ਹੈ ਤਾਂ ਨਹਿਰੂ ਨੇ ਜਵਾਬ ਦਿੱਤਾ ਸੀ ਕਿ ਰਾਜੇ ਦੇ ਅਸਤੀਫ਼ੇ ਨਾਲ ਕੁਝ ਫਰਕ ਪਵੇਗਾ ਪਰ ਅੰਬੇਡਕਰ ਦੇ ਅਸਤੀਫ਼ੇ ਨਾਲ ਕੋਈ ਫਰਕ ਨਹੀਂ ਪਵੇਗਾ।

ਅਮਿਤ ਸ਼ਾਹ ਨੇ ਜੋ ਆਪਣੇ ਬਿਆਨ ਵਿਚ ਇਹ ਆਖਿਆ ਹੈ ਕਿ ਜੇ ਇੰਨੀ ਵਾਰੀ ਭਗਵਾਨ ਦਾ ਨਾਂ ਲਿਆ ਜਾਂਦਾ ਤਾਂ ਸੱਤ ਜਨਮਾਂ ਦਾ ਸਵਰਗ ਮਿਲ ਜਾਂਦਾ। ਇਸ ਉੱਤੇ ਸਵਾਲ ਪੈਦਾ ਹੁੰਦਾ ਹੈ ਕਿ ਕੀ ਸਿਰਫ਼ ਭਗਵਾਨ ਦਾ ਨਾਂ ਹੀ ਰਟਣ ਨਾਲ ਸਵਰਗ ਮਿਲ ਜਾਂਦਾ ਹੈ? ਕੀ ਸਵਰਗ ਦੀ ਪ੍ਰਾਪਤੀ ਹੀ ਜੀਵਨ ਦਾ ਮਨੋਰਥ ਹੈ? ਕੀ ਸਵਰਗ ਨਰਕ ਦੀ ਹੋਂਦ ਦੀ ਪੁਸ਼ਟੀ ਹੋਈ ਹੈ? ਕੀ ਪਾਰਲੀਮੈਂਟ ਲੋਕਾਂ ਦੀਆਂ ਸਮੱਸਿਆਵਾਂ ਤੇ ਉਹਨਾਂ ਦਾ ਹੱਲ ਕਰਨ ਲਈ, ਦੇਸ਼ ਦੇ ਆਰਥਿਕ ਵਿਕਾਸ, ਸਮਾਜਿਕ ਨਿਆਂ ਜਾਂ ਬਰਾਬਰਤਾ ਲਈ ਵਿਚਾਰ ਵਟਾਂਦਰਾ ਕਰਨ ਤੇ ਕਾਨੂੰਨ ਬਣਾਉਣ ਦੀ ਸੰਸਥਾ ਹੈ ਜਾਂ ਕਿ ਨਰਕ-ਸਵਰਗ, ਭਗਵਾਨ ਦਾ ਨਾਂ ਰਟਣ ਦੀ ਗੱਲ ਕਰਨ ਦੀ ਥਾਂ ਹੈ? ਅਸਲ ਵਿਚ ਇਤਿਹਾਸ ਵਿਚ ਜਦੋਂ ਬ੍ਰਿਹਦਰਥ ਮੋਰੀਆ ਦੇ ਪੁਸ਼ਿਆਮਿਤਰ ਸੁੰਗ ਦੁਆਰਾ ਕਤਲ (185 ਪੂਰਵ ਇਸਵੀ) ਕਰਨ ਨਾਲ ਜੋ ਧਰਮ ਉਭਰੇ, ਉਹਨਾਂ ਨੂੰ ਦੋ ਖੇਮਿਆਂ ਵਿਚ ਵੰਡਿਆ ਗਿਆ- ਸਰਗੁਣ ਅਤੇ ਨਿਰਗੁਣ। ਸਰਗੁਣ ਖੇਮੇ ਦੇ ਧਰਮ ਕਰਮ ਕਾਂਡਾਂ ਨੂੰ ਸਵੀਕਾਰਦੇ ਸਨ ਤੇ ਉਹਨਾਂ ਦੀ ਵਿਚਾਰਧਾਰਾ ਵਿਚ ਹੀ ਸ਼ਾਮਲ ਸੀ ਕਿ ਨਾਮ ਦੇ ਰਟਣ ਨਾਲ ਹੀ ਮੁਕਤੀ ਮਿਲਦੀ ਹੈ ਤੇ ਸਵਰਗ ਦੇ ਦਰਵਾਜ਼ੇ ਖੁੱਲ੍ਹ ਜਾਂਦੇ ਹਨ ਜਦੋਂ ਕਿ ਨਿਰਗੁਣ ਵਾਲੇ ਮਿਹਨਤ ਮੁਸ਼ੱਕਤ ਕਰਕੇ ਰੋਟੀ ਕਮਾਉਣ ਵਿਚ ਯਕੀਨ ਰੱਖਦੇ ਸਨ ਤੇ ਕਰਮ ਕਾਂਡਾਂ ਵਿਚ ਯਕੀਨ ਨਹੀਂ ਸੀ ਰੱਖਦੇ। ਅਮਿਤ ਸ਼ਾਹ ਉਸ ਸਦੀਆਂ ਪੁਰਾਣੇ ਧਰਮ ਨੂੰ ਪਾਰਲੀਮੈਂਟ ਵਿਚ ਦਾਖਲ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੇ, ਇਸ ਤਰ੍ਹਾਂ ਦੇ ਬਿਆਨ ਦੇ ਕੇ? ਸਾਡੇ ਸੰਵਿਧਾਨ ਦਾ ਚਿਹਰਾ ਮੁਹਰਾ ਤੇ ਭਾਵਨਾ ਧਰਮ ਨਿਰਪੱਖ ਹੈ। ਪਾਰਲੀਮੈਂਟ ਵਿਚ ਅਮਿਤ ਸ਼ਾਹ ਦਾ ਇਸ ਤਰ੍ਹਾਂ ਦਾ ਬਿਆਨ ਗੈਰ-ਸੰਵਿਧਾਨਕ ਹੈ ਤੇ ਫਜ਼ੂਲ ਵੀ। ਸਾਡੇ ਦੇਸ਼ ਦੇ ਕਰੋੜਾਂ ਲੋਕੀ ਹਨ ਜੋ ਸਰਗੁਣ ਧਰਮ ਨੂੰ ਮੰਨਦੇ ਰਹੇ ਪਰ ਉਹਨਾਂ ਦਾ ਜੀਵਨ ਉਦੋਂ ਬਦਲਿਆ ਜਦੋਂ ਸੰਵਿਧਾਨ ਨੇ ਧਰਮ ਦੀ ਨਹੀਂ ਉਹਨਾਂ ਦੀ ਵਿੱਦਿਆ, ਨੌਕਰੀ, ਸਾਂਝੇਦਾਰੀ ਦੀ ਗੱਲ ਆਖੀ ਤੇ ਉਸਨੂੰ ਅਮਲੀ ਰੂਪ ਮਿਲਣ ਲੱਗਿਆ। ਹੁਣ ਫਿਰ ਧਰਮਾਂ ਦੇ ਚੱਕਰਾਂ ਵਿਚ ਉਲਝਾ ਕੇ, ਸਵਰਗ ਨਰਕ ਦੀ ਗੱਲ ਕਰਕੇ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦੀ ਕੋਸ਼ਿਸ਼ ਨਹੀਂ ਜਾਪਦੀ ਇਹ?

ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਪਾਰਲੀਮੈਂਟ ਵਿਚ ਜੋ ਕਾਰਵਾਈ ਚੱਲ ਰਹੀ ਸੀ ਉਹ ਸੰਵਿਧਾਨ ਦੇ 75ਵੇਂ ਦਿਵਸ ਦੇ ਸਬੰਧ ਵਿਚ ਸੀ ਜਦੋਂ ਕਿ ਬਹਿਸ ਅਮਿਤ ਸ਼ਾਹ ਦੇ ਬਿਆਨ ਤੋਂ ਬਾਅਦ ਕਾਂਗਰਸ ਬਨਾਮ ਭਾਜਪਾ ਬਣਾ ਦਿੱਤੀ ਗਈ ਅਤੇ ਨਿਸ਼ਾਨਾ ਡਾ. ਅੰਬੇਡਕਰ ਨੂੰ ਬਣਾ ਕੇ ਉਹਨਾਂ ਦੀ ਸ਼ਖਸੀਅਤ ਨੂੰ ਨੁਕਸਾਨ ਪਹੁੰਚਾਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਜੋ ਕਿ ਬਿਲਕੁਲ ਅਗਾਊਂ ਨਿਯੋਜਿਤ ਢੰਗ ਅਨੁਸਾਰ ਕੀਤਾ ਗਿਆ ਜਾਪ ਰਿਹਾ ਸੀ।

ਕੁਝ ਵੀ ਹੈ ਬਾਬਾ ਸਾਹਿਬ ਡਾ. ਅੰਬੇਡਕਰ ਦਾ ਨਾਂ ਲੈਣਾ ਅੱਜ ਜੇ ਕਿਸੇ ਲਈ ਜ਼ਰੂਰੀ ਹੈ ਤਾਂ ਕਿਸੇ ਲਈ ਮਜਬੂਰੀ ਵੀ ਬਣ ਗਿਆ ਹੈ।

# ਸੋਸ਼ਲ ਮੀਡੀਆ ਦੀ ਅਭਾਸੀ ਦੁਨੀਆਂ 'ਚ ਗਵਾਚਦਾ ਬਚਪਨ




**ਹਰਪ੍ਰੀਤ ਸਿੰਘ ਬਰਾੜ**


ਸੋਸ਼ਲ ਮੀਡੀਆ ਵੱਲ ਬੇਹਿਸਾਬ ਖਿੱਚ ਨੇ ਆਧੁਨਿਕ ਜ਼ਿੰਦਗੀ ਦੇ ਹਰ ਪੱਖ ਨੂੰ ਪ੍ਰਭਾਵਿਤ ਕੀਤਾ ਹੈ। ਸਾਡੇ ਸਮਾਜ ਦੇ ਹਰ ਵਰਗ, ਖਾਸ ਕਰਕੇ ਨਵੀਂ ਪੀੜ੍ਹੀ, ਇਸ ਦੀ ਚਮਕ-ਧਮਕ ਅਤੇ ਆਕਰਸ਼ਣ ਦਾ ਸ਼ਿਕਾਰ ਹੋ ਰਹੀ ਹੈ। ਬਚਪਨ, ਜੋ ਕਿ ਖੇਡਕੁੱਦ, ਸਿਖਲਾਈ ਅਤੇ ਸੁਨੈਹਰੀ ਯਾਦਾਂ ਬਣਾਉਣ ਦਾ ਸਮਾਂ ਹੁੰਦਾ ਹੈ, ਉਹ ਅੱਜ ਦੇ ਸੋਸ਼ਲ ਮੀਡੀਆ ਦੀ ਅਭਾਸੀ ਦੁਨੀਆ ਵਿੱਚ ਗੁੰਮ ਹੁੰਦਾ ਜਾ ਰਿਹਾ ਹੈ। ਬੱਚੇ ਅੱਜ ਆਪਣੇ ਕਮਰੇ ਦੇ ਇੱਕ ਕੋਨੇ ਵਿੱਚ ਬੈਠੇ ਮੋਬਾਈਲ ਫੋਨ ਜਾਂ ਟੈਬਲੇਟ ਦੀ ਸਕਰੀਨ 'ਤੇ ਕੈਦ ਹੋ ਗਏ ਹਨ।

ਸੋਸ਼ਲ ਮੀਡੀਆ ਆਪਣੀ ਲੁਭਾਵਣੀ ਅਤੇ ਰੰਗੀਨ ਦੁਨੀਆਂ ਨਾਲ ਬੱਚਿਆਂ ਨੂੰ ਆਪਣੇ ਵੱਲ ਖਿੱਚ ਰਿਹਾ ਹੈ। ਫੇਸਬੁੱਕ, ਇੰਸਟਾਗ੍ਰਾਮ, ਸਨੈਪਚੈਟ ਵਰਗੇ ਪਲੇਟਫਾਰਮਾਂ ਨੇ ਬੱਚਿਆਂ ਨੂੰ ਇੱਕ ਅਜਿਹੇ ਜਗਤ ਨਾਲ ਜੁੜਨ ਲਈ ਉਤਸੁਕ ਕੀਤਾ ਹੈ ਜਿੱਥੇ ਉਹ ਅਸਲੀਅਤ ਤੋਂ ਦੂਰ ਅਭਾਸੀ ਜ਼ਿੰਦਗੀ ਨੂੰ ਜੀ ਰਹੇ ਹਨ। ਭਾਂਤ ਭਾਂਤ ਦੀਆਂ ਫੋਟੋਆਂ, ਵੀਡੀ ਜ਼ ਅਤੇ ਹੋਰ ਸਮੱਗਰੀ ਦੇ ਚਲਨ ਨੇ ਬੱਚਿਆਂ ਦੇ ਮਨ ਵਿੱਚ ਆਪਣੇ ਆਪ ਦੀ ਤੁਲਨਾ ਕਰਨ ਦੀ ਆਦਤ ਪੈਦਾ ਕਰ ਦਿੱਤੀ ਹੈ। ਇਹ ਤੁਲਨਾ ਬਹੁਤ ਵਾਰ ਹੌਂਸਲੇ ਨੂੰ ਘੱਟ ਕਰਦੀ ਹੈ ਅਤੇ ਮਾਨਸਿਕ ਦਬਾਅ ਦਾ ਕਾਰਨ ਬਣਦੀ ਹੈ।

ਸੋਸ਼ਲ ਮੀਡੀਆ ਦੇ ਵਧੇਰੇ ਪ੍ਰਭਾਵ ਕਾਰਨ ਬੱਚੇ ਖੇਡਾਂ ਵਿੱਚ ਭਾਗ ਨਹੀਂ ਲੈਂਦੇ। ਪੁਰਾਣੇ ਸਮਿਆਂ ਦੀਆਂ ਖੇਡਾਂ ਜਿਵੇਂ ਕਿ ਗੁੱਲੀ-ਡੰਡਾ, ਪਿੱਠੂ, ਅਤੇ ਲੁਕ-ਛਿਪਾਈ, ਜਿਹੜੀਆਂ ਸਿਰਫ਼ ਸ਼ਰੀਰਕ ਸਿਹਤ ਨੂੰ ਨਹੀਂ ਸਗੋਂ ਬੱਚਿਆਂ ਦੀ ਸਮਾਜਿਕ, ਬੌਧਿਕ ਅਤੇ ਭਾਵਨਾਤਮਕ ਵਿਕਾਸ ਵਿੱਚ ਵੀ ਯੋਗਦਾਨ ਪਾਉਂਦੀਆਂ ਸਨ, ਹੁਣ ਇਹ ਇੱਕ ਤਰ੍ਹਾਂ ਨਾਲ ਬਿਲਕੁਲ ਗੁੰਮ ਹੋ ਚੁੱਕੀਆਂ ਹਨ। ਇਸ ਨਾਲ ਬੱਚਿਆਂ ਦੀ ਸਰੀਰਕ ਸਰਗਰਮੀ ਘਟ ਰਹੀ ਹੈ, ਜੋ ਮੋਟਾਪੇ ਅਤੇ ਹੋਰ ਬਿਮਾਰੀਆਂ ਨੂੰ ਜਨਮ ਦੇ ਰਹੀ ਹੈ।



ਸੋਸ਼ਲ ਮੀਡੀਆ ਬੱਚਿਆਂ ਦੀ ਮਾਨਸਿਕ ਤੰਦਰੁਸਤੀ 'ਤੇ ਵੀ ਨਕਾਰਾਤਮਕ ਪ੍ਰਭਾਵ ਪਾ ਰਿਹਾ ਹੈ। ਅਸਲੀ ਅਤੇ ਅਭਾਸੀ ਦੁਨੀਆ ਦੇ ਵਿਚਕਾਰ ਦੀ ਦੂਰੀ ਬੱਚਿਆਂ ਨੂੰ ਮਨੋਵਿਗਿਆਨਕ ਪੱਧਰ 'ਤੇ ਅਸਥਿਰ ਕਰ ਰਹੀ ਹੈ। ਉਹ ਅਕਸਰ ਆਪਣੇ ਆਪ ਨੂੰ ਹੋਰ ਲੋਕਾਂ ਦੇ ਜੀਵਨ ਦੇ ਨਾਲ ਤੁਲਨਾ ਕਰਦੇ ਹਨ, ਜਿਸ ਨਾਲ ਹੀਨ ਭਾਵਨਾ ਅਤੇ ਡਿਪ੍ਰੈਸ਼ਨ ਪੈਦਾ ਹੁੰਦਾ ਹੈ।

ਬੱਚਿਆਂ ਦੇ ਵਧਦੇ ਸੋਸ਼ਲ ਮੀਡੀਆ ਦੇ ਇਸਤੇਮਾਲ ਨੇ ਪਰਿਵਾਰਕ ਅਤੇ ਸਮਾਜਕ ਰਿਸ਼ਤਿਆਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਪਰਿਵਾਰਕ ਗੱਲਬਾਤਾਂ ਅਤੇ ਸਮਾਂ ਬਿਤਾਉਣ ਦੀ ਥਾਂ, ਬੱਚੇ ਸਕ੍ਰੀਨਾਂ ਦੇ ਸਾਹਮਣੇ ਵੱਧ ਸਮਾਂ ਬਿਤਾਉਣ ਲੱਗੇ ਹਨ। ਇਸ ਨਾਲ ਉਹ ਆਪਣੇ ਮਾਤਾ-ਪਿਤਾ ਅਤੇ ਸਹਿਯੋਗੀਆਂ ਨਾਲ ਭਾਵਨਾਤਮਕ ਸਬੰਧ ਨਹੀਂ ਬਣਾਉਂਦੇ। ਸੋਸ਼ਲ ਮੀਡੀਆ ਦੀ ਵਧੇਰੇ ਵਰਤੋਂ ਕਾਰਨ ਬੱਚਿਆਂ ਦਾ ਪੜ੍ਹਾਈ 'ਤੇ ਧਿਆਨ ਵੀ ਘੱਟਦਾ ਜਾ ਰਿਹਾ ਹੈ। ਅਭਿਆਸ ਦੇ ਸਮੇਂ ਨੂੰ ਛੱਡਕੇ, ਉਹ ਸਕ੍ਰੀਨਾਂ ਤੇ ਸਮਾਂ ਬਰਬਾਦ ਕਰਦੇ ਹਨ, ਜਿਸ ਨਾਲ ਉਹਨਾਂ ਦੀ ਅਕਾਦਮਿਕ ਕਾਰਗੁਜ਼ਾਰੀ ਵੀ ਖਰਾਬ ਹੁੰਦੀ ਹੈ। ਨਵੇਂ ਟ੍ਰੈਂਡ ਅਤੇ ਚੈਲੈਂਜਾਂ ਨੂੰ ਪੂਰਾ ਕਰਨ ਦੀ ਦੌੜ ਵਿੱਚ ਬੱਚੇ ਪੜ੍ਹਾਈ ਅਤੇ ਸਿਖਲਾਈ ਦੇ ਅਹਿਮੀਅਤ ਨੂੰ ਭੁੱਲ ਰਹੇ ਹਨ। ਇਸ ਸਮੱਸਿਆ ਨੂੰ ਹੱਲ ਕਰਨ ਲਈ ਮਾਤਾ-ਪਿਤਾ, ਅਧਿਆਪਕ ਅਤੇ ਸਮਾਜ ਦੇ ਹਰ ਪੱਖ ਨੂੰ ਸੰਜਮ ਦੇ ਨਾਲ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਮਾਤਾ-ਪਿਤਾ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦੇ ਸਕ੍ਰੀਨ ਸਮੇਂ ਨੂੰ ਸੀਮਤ ਕਰਨ ਦੇ ਨਾਲ-ਨਾਲ ਉਹਨਾਂ ਨੂੰ ਬਾਹਰਲੀਆਂ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਲਈ ਉਤਸਾਹਿਤ ਕਰਨ। ਅਧਿਆਪਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਸੋਸ਼ਲ ਮੀਡੀਆ ਦੇ ਨਕਾਰਾਤਮਕ ਪ੍ਰਭਾਵਾਂ ਬਾਰੇ ਸਿੱਖਿਆ ਦਿੰਦਿਆਂ ਬੱਚਿਆਂ ਨੂੰ ਆਪਣੇ ਚੰਗੇ - ਮਾੜੇ ਦੀ ਪਛਾਣ ਕਰਨਾ ਸਿਖਾਉਣ।

ਬਚਪਨ ਨੂੰ ਬਚਾਉਣ ਲਈ, ਬੱਚਿਆਂ ਨੂੰ ਟੈਕਨਾਲੋਜੀ ਦੀ ਸਹੀ ਵਰਤੋਂ ਸਿਖਾਉਣਾ ਬਹੁਤ ਜ਼ਰੂਰੀ ਹੈ। ਉਹਨਾਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਸੋਸ਼ਲ ਮੀਡੀਆ ਹਨਾਂ ਦੀ ਅਸਲ ਜ਼ਿੰਦਗੀ ਨਾ ਹੋਕੇ ਸਿਰਫ਼ ਸੂਚਨਾ ਅਤੇ ਮਨੋਰੰਜਨ ਦਾ ਸਾਧਨ ਹੈ। ਟੈਕਨਾਲੋਜੀ ਨੂੰ ਇੱਕ ਮਿਤਵਾਨ ਪੱਖ ਤੋਂ ਵਰਤਣ ਦੀ ਲੋੜ ਹੈ, ਜਿਸ ਨਾਲ ਬੱਚੇ ਆਪਣੀ ਪੜਾਈ ਅਤੇ ਸ਼ਰੀਰਕ ਵਿਕਾਸ 'ਤੇ ਧਿਆਨ ਕੇਂਦ੍ਰਿਤ ਕਰ ਸਕਣ।

ਸੋਸ਼ਲ ਮੀਡੀਆ ਦੀ ਅਭਾਸੀ ਦੁਨੀਆ ਨੇ ਬਚਪਨ ਨੂੰ ਇੱਕ ਜੰਜੀਰ ਵਿੱਚ ਜਕੜ ਦਿੱਤਾ ਹੈ, ਪਰ ਇਸਨੂੰ ਸੁਰੱਖਿਅਤ ਕਰਨਾ ਸਾਡੇ ਹੱਥ ਵਿੱਚ ਹੈ। ਮਾਤਾ-ਪਿਤਾ, ਅਧਿਆਪਕ ਅਤੇ ਸਮਾਜ ਦੇ ਪ੍ਰਤਿਨਿਧੀਆਂ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ ਤਾਂ ਜੋ ਬੱਚਿਆਂ ਦਾ ਬਚਪਨ ਸੋਸ਼ਲ ਮੀਡੀਆ ਦੀ ਗੁਲਾਮੀ ਤੋਂ ਬਚ ਸਕੇ। ਇਹ ਸਿਰਫ਼ ਸਾਡੇ ਹੁਨਰ ਅਤੇ ਸੰਜਮ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਆਉਣ ਵਾਲੀ ਪੀੜ੍ਹੀ ਨੂੰ ਕਿਵੇਂ ਸੁਨਹਿਰਾ ਭਵਿੱਖ ਦੇ ਸਕਦੇ ਹਾਂ।

NSB
Insurance

for Insurance Call:
NIRMAL SINGH BADHAN
707-228-2020

NIRMAL SINGH
BADHAN



Lic #0144676

HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ
ਨਵੇਂ ਸਾਲ 2025 ਦੀਆਂ ਲੱਖ-ਲੱਖ ਵਧਾਈਆਂ




ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ
ਨਵੇਂ ਸਾਲ 2025 ਦੀਆਂ ਲੱਖ-ਲੱਖ ਵਧਾਈਆਂ

Kash
FABRICS

ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ


ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





ਅੰਮ੍ਰਿਤ ਪਵਾਰ

# ਪੰਜਾਬੀ ਫ਼ਿਲਮ ਦਰਪਣ

### ਪਾਲੀ ਮਾਂਗਟ-ਮਜ਼ਦੂਰ ਐਕਟਰ ਪਰ ਬਣੇਗਾ ਸਟਾਰ

"ਰੁਪਿੰਦਰ ਗਾਂਧੀ" ਜਿਹੀਆਂ ਹਿੱਟ ਫਿਲਮਾਂ, ਦੇਵ ਖਰੋੜ ਤੋਂ ਜੋਹਨ ਅਬਰਾਹਮ ਤੱਕ ਨਾਲ ਫ਼ਿਲਮਾਂ ਕਰਨ ਵਾਲੇ ਰਾਮਪੁਰ, ਦੋਰਾਹਾ ਦੇ ਐਕਟਰ ਪਾਲੀ ਮਾਂਗਟ ਨੇ ਨਿਮ-ਰਤਾ ਨਾਲ ਕੰਮ ਕੀਤਾ ਹੈ ਤੇ ਕਦੇ ਮਿਹਨਤਾਨੇ ਜਾਂ ਕਿਸੇ ਹੋਰ ਸਹੂਲਤ ਲਈ ਜਦੋਂ ਜਹਿਦ ਨਹੀਂ ਕੀਤੀ। ਪਾਲੀ ਕੋਲ ਅਭਿਨੈ ਤੇ ਕੀਤੇ ਕੰਮ ਦੇ ਅਧਾਰ ਤੇ ਫ਼ਿਲਮਾਂ ਦੀ ਕਤਾਰ ਲੱਗੀ ਹੋਣੀ ਚਾਹੀਦੀ ਪਰ ਜਿੰਨਾ ਕੰਮ ਚਾਹੀਦਾ ਨਹੀਂ, ਸਾਡੀ ਇੰਡਸਟਰੀ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ। ਸੁਖਮਿੰਦਰ ਧੰਜਲ ਜਿਹੇ ਨਿਰਦੇਸ਼ਕ ਤੇ ਭੂਸ਼ਨ ਮਦਾਨ ਜਿਹੇ ਨਿ-ਰਮਾਤਾ ਮੰਨਦੇ ਨੇ ਕਿ ਪਾਲੀ ਮਾਂਗਟ ਪਾਲੀਵੁੱਡ ਦਾ ਨਾਨਾ ਪਾਟੇਕਰ ਹੈ, ਸ਼ਕਤੀ ਕਪੂਰ ਹੈ ਤੇ ਉਸ ਨੂੰ ਇਸ ਵੇਲੇ ਵੱਡੇ ਪ੍ਰੋਜੈਕਟ ਪੰਜਾਬੀ ਫ਼ਿਲਮਾਂ ਵਿੱਚ ਚਾਹੀਦੇ ਹਨ। ਵੈੱਬ ਸੀਰੀਜ਼, ਸਲਮਾਨ ਖਾਨ ਤੇ ਅਜੇ ਦੇਵਗਨ ਨਾਲ ਫ਼ਿਲਮਾਂ ਕਰਨ ਵਾਲੇ ਮਾਂਗਟ ਦੇ ਧਰਮਿੰਦਰ ਪਰਿਵਾਰ ਨਾਲ ਨਜ਼ਦੀਕੀ ਸਬੰਧ ਨੇ ਪਰ ਉਸ ਕਦੇ ਕਿਸੇ ਕੋਲ ਕੰਮ ਨਹੀਂ ਮੰਗਿਆ।



### ਸਿਮਰ ਜੌਹਲ "ਕਬੂਤਰਬਾਜ਼" ਬਣਾ ਦੇਵੇਗਾ ਗੱਲ

ਪਰਮਜੀਤ ਫ਼ਿਲਮਜ਼ ਨੇ ਪੂਰੀ ਪੰਜਾਬੀ ਫ਼ਿਲਮਾਂ ਦੀ ਨਗਰੀ ਹੈਰਾਨ ਕੀਤੀ ਤੇ ਸਿਮਰ ਜੌਹਲ ਨੂੰ ਨਾਇਕਾ ਲਿਆ ਹੈ "ਕਬੂਤਰਬਾਜ਼" ਫ਼ਿਲਮ ਵਿੱਚ ਜਿਹੜੀ ਤਕਰੀਬਨ ਕਾਫ਼ੀ ਹੱਦ ਤੱਕ ਤਿਆਰ ਹੈ। ਨਿ-ਰਮਾਤਾ ਤੇ ਨਿਰਦੇਸ਼ਕ ਸੁਖਪਾਲ ਸਿੱਧੂ ਨੇ ਬਲਕਾਰ ਸਿੰਘ ਦੀ ਸਲਾਹ ਤੇ ਇਹ ਫੈਸਲਾ ਲਿਆ ਹੋਣਾ, ਕਿਉਂਕਿ ਸਿਮਰ ਜੌਹਲ ਟੋਪ ਦੀ ਐਕਟ੍ਰੈਸ ਹੈ, ਸੋਹਣੀ ਹੈ ਪਰ ਸਾਡੀ ਇੰਡਸਟਰੀ ਨਵੀਆਂ ਕੁੜੀਆਂ ਤੋਂ ਪਰਹੇਜ਼ ਪਤਾ ਨਹੀਂ ਕਾਹੇ ਕਰਦੀ ਹੈ। ਖ਼ੈਰ "ਕਬੂਤਰਬਾਜ਼" ਵਿੱਚ ਸਿਮਰ ਜੌਹਲ ਨਾਲ ਮਲਕੀਤ ਰੌਣੀ, ਮਹਾਂਵੀਰ ਭੁੱਲਰ, ਰਾਣਾ ਜੰਗ ਬਹਾਦਰ ਤੇ ਨਰਿੰਦਰ ਗਾਖੜ ਹਨ।ਸਿਮਰ ਜੌਹਲ ਲਈ ਇਹ ਬਹੁਤ ਵੱਡੀ ਫ਼ਿਲਮ ਹੈ ਤੇ ਇਸ ਤਰਾਂ ਨਵਾਂ ਸਾਲ ਉਸ ਲਈ ਸ਼ਾਨਦਾਰ ਆ ਰਿਹਾ ਹੈ। ਸਿਮਰ ਜੌਹਲ ਅਹਿਸਾਨ ਮੰਦ ਰਹੇ ਸੁਖਪਾਲ ਸਿੱਧੂ ਦੀ ਜਿਹਨਾਂ ਨਾਇਕਾ ਲੈ ਕਿ ਦਰਸਾ ਦਿੱਤਾ ਕਿ ਓਹ ਟੈਲੇਂਟ ਦੀ ਕਦਰ ਕਰਦੇ ਹਨ।



### ਰੁਪਾਲੀ-ਗੁਰਦੀਪ ਦੇਖ ਜੀਤੂ/ਜਯਾ ਪ੍ਰਦਾ ਆਏ ਯਾਦ



ਲੈ ਭਈ ਇਹ ਮੁੰਡਾ ਪੱਕਾ ਜਤਿੰਦਰ ਦਾ ਰਿਸ਼ਤੇਦਾਰ ਹੋਊ ਜਾਂ ਭਰਾ ਆਖਦੇ ਨੇ ਦਰਸ਼ਕ ਫ਼ਿਲਮੀ ਸੈੱਟ ਤੇ ਜਿੱਥੇ ਐਕਟਰ ਤੇ ਮਾਡਲ ਨਾਇਕ ਗੁਰਦੀਪ ਸੰਧੂ ਸ਼ੂਟਿੰਗ ਕਰ ਰਹੇ ਹੁੰਦੇ ਹਨ। ਪਿਛਲੇ ਸਾਲ ਸੁਦੇਸ਼ ਕੁਮਾਰੀ ਨਾਲ ਗੀਤ ਰਿਕਾਰਡ ਕਰਵਾਉਣ ਵਾਲੇ ਗੁਰਦੀਪ ਸੰਧੂ ਨਾਲ ਮਾਡਲ ਨਾਇਕਾ ਰੁਪਾਲੀ ਹੁੰਦੀ ਹੈ ਤੇ ਉਸ ਦੀ ਸੂਰਤ ਜਯਾ ਪ੍ਰਦਾ ਨਾਲ ਮੈਚ ਕਰਦੀ ਹੈ। ਫ਼ਿਰ ਜੀਤੂ ਤੇ ਜਯਾ ਪ੍ਰਦਾ ਦੀ ਜੋੜੀ ਲੋਕਾਂ ਆਖਣੀ ਹੀ ਹੈ। ਗੁਰਦੀਪ ਸੰਧੂ ਨੇ ਇਸ ਨਵੇਂ ਸਾਲ ਕਿਹਾ ਕਿ ਰੁਪਾਲੀ ਲਈ ਤੋਹਫ਼ਾ ਨਵੇਂ ਸਾਲ ਦਾ ਕਿ ਉਹ ਸਟਾਰ ਸੰਧੂ ਫ਼ਿਲਮਜ਼ ਦੀ ਪੱਕੀ ਨਾਇਕਾ ਬਣ ਲਿਸਟ ਵਿੱਚ ਸ਼ਾਮਿਲ ਕਰ ਲਈ ਹੈ। ਰੁਪਾਲੀ ਨਾਲ ਨਵੇਂ ਵੀਡਿਓ ਤੇ ਫ਼ਿਲਮ ਵੀ ਸੰਧੂ ਕਰ ਰਹੇ ਹਨ।

### ਅਰਸ਼ ਪੰਜਾਬੀ ਐਨਾ ਸੋਹਣਾ ਹੀਰੋ ਰਿਹਾ ਕਿ?



ਪੱਕੀ ਗੱਲ ਕਿ ਪੂਰਾ ਰਜੇਸ਼ ਖੰਨਾ ਹੀ ਅਰਸ਼ ਪੰਜਾਬੀ ਲੱਗਦਾ ਰਿਹਾ ਤੇ ਅਸ਼ਵਨੀ ਅਰਸ਼ ਨਾਮ ਦੇ ਇਸ ਨੌਜਵਾਨ ਗਾਇਕ ਤੇ ਨਾਇਕ ਨੇ ਜਲੰਧਰ ਦੂਰਦਰਸ਼ਨ ਤੇ ਤਦ ਦੀਆਂ ਸਟਾਰ ਹੀਰੋਇਨਾਂ ਨੂੰ ਪ੍ਰਭਾਵਿਤ ਕਰ ਲਿਆ ਸੀ। ਸੰਦੀਪ ਮੱਲ੍ਹੀ ਤੇ ਉਪਾਸਨਾ ਸਿੰਘ, ਸੁਪ੍ਰੀਤ ਸੇਠੀ ਉਸ ਨਾਲ ਕੰਮ ਕਰ ਖੁਸ਼ ਸਨ। ਅਰਸ਼ ਅਜੇ ਵੀ ਸਰਗਰਮ ਨੇ ਤੇ ਉਹਨਾਂ ਨੇ ਦੇਵ ਥਰੀਕੇ ਵਾਲੇ ਦਾ ਗੀਤ "ਲਵ" ਪਿਛਲੇ ਸਾਲ ਲਿਆਂਦਾ ਸੀ। ਪੱਪੂ ਜੋਗਰ ਆਖਦੇ ਨੇ ਕਿ ਅਰਸ਼ ਪੰਜਾਬੀ ਇੱਕ ਦਿਨ ਵੱਡੀ ਪੰਜਾਬੀ ਫਿਲਮ ਕਰਨ ਦਾ ਵਿਚਾਰ ਰੱਖਦੇ ਹਨ। ਵੈਸੇ ਅਰਸ਼ ਦੀ ਦਿੱਖ ਤੇ ਮਸੂਮੀਅਤ ਤੇ ਪ੍ਰੀਤ ਮਹਿੰਦਰ ਤਿਵਾੜੀ ਵੀ ਕਿਹਾ ਕਰਦੇ ਸਨ ਕਿ ਗਾਇਕ ਵੀ, ਨਾਇਕ ਵੀ ਤੇ ਸੋਹਣਾ ਸੁਨੱਖਾ ਰੱਜ ਕਿ ਫਿਰ ਕਾਹਦੀ ਘਾਟ। ਅਰਸ਼ ਪੰਜਾਬੀ ਅੱਜ ਕਲ ਕਨੇਡੀਅਨ ਹਨ ਤੇ ਐਡ ਫਿਲਮਾਂ ਕਰਦੇ ਹਨ।

### ਹਰਦੀਪ ਸਿੰਘ ਨੂੰ ਚੰਗੀਆਂ ਲੱਗਣ "ਕੁੜੀਆਂ ਪੰਜਾਬ ਦੀਆਂ"



ਹਰਦੀਪ ਸਿੰਘ ਮਿਹਨਤੀ ਨਿਰਮਾਤਾ ਤੇ ਇਸ ਨਵੇਂ ਸਾਲ ਵਿੱਚ ਉਹਨਾਂ ਦੀ ਫ਼ਿਲਮ "ਕੁੜੀਆਂ ਪੰਜਾਬ ਦੀਆਂ" ਦੀ ਚਰਚਾ ਹੈ ਕਿ ਓਹਨਾਂ ਨੇ ਪੰਜਾਬਣ ਕੁੜੀਆਂ ਦਾ ਅਕਸ ਚਮਕਾਉਣ ਲਈ ਇਹ ਫ਼ਿਲਮ ਕੀਤੀ ਹੈ। ਅਮੈਰਾ ਤੇ ਰਾਜ ਧਾਲੀਵਾਲ ਦੇ ਨਾਲ ਜਯੋਤੀ ਅਰੋੜਾ ਅਤੇ ਰੇਸ਼ਮੀ ਪਰੀ ਲੱਗਦੀ ਮਾਹਿਰਾ ਘਈ ਮੁੱਖ ਕਿਰਦਾਰਾਂ ਵਿੱਚ ਹਨ। ਜਸਵਿੰਦਰ ਮਕਰੋਨਾ ਤੇ ਪਰਮਿੰਦਰ ਗਿੱਲ ਨੇ ਵੀ ਇਸ ਫ਼ਿਲਮ ਵਿੱਚ ਕੰਮ ਕੀਤਾ ਹੈ। ਫ਼ਿਲਮ ਦੇ ਗੀਤ ਜੱਸੀ ਨੱਥੂਮਾਜਰਾ ਦੇ ਨੇ ਤੇ ਸੰਗੀਤ ਕੇ ਵੀ ਸਿੰਘ ਨੇ ਤਿਆਰ ਕੀਤਾ ਹੈ। ਮਾਹਿਰਾ ਲਈ ਇਹ ਫ਼ਿਲਮ ਬਾਲੀਵੁੱਡ ਦੇ ਬੂਹੇ ਬਾਰੀਆਂ ਖੋਹਲ ਦੇਵੇਗੀ ਪੂਰਾ ਯਕੀਨ ਹੈ। ਸ਼ਰਨਜੀਤ ਸਿੰਘ ਸੰਨੀ ਤੇ ਗੁਰਲੇਜ਼ ਅਖਤਰ ਦੇ ਨਾਲ ਕੇਵਲ ਸਿੰਘ ਤੇ ਮੰਨਤ ਨੂਰ ਨੇ "ਕੁੜੀਆਂ ਪੰਜਾਬ ਦੀਆਂ" ਦੇ ਗੀਤ ਗਾਏ ਹਨ। ਯਕੀਨਨ ਹਰਦੀਪ ਸਿੰਘ ਦੀ ਇਹ ਫ਼ਿਲਮ ਪੂਰੀ ਚਰਚਿਤ ਹੈ।

### ਅੰਮ੍ਰਿਤਪਾਲ ਸਿੰਘ ਬਿੱਲਾ ਨੇ ਸਰਦਾਰੀ ਕਾਇਮ ਰੱਖੀ



ਸਾਬਾਸ਼! ਬੱਲੇ ਓਏ ਪੰਜਾਬ ਦੇ ਸਰਦਾਰ ਸ਼ੇਰਾ ਤੇ ਇਹ ਲਫਜ਼ ਅਦਾਕਾਰ ਅੰਮ੍ਰਿਤਪਾਲ ਸਿੰਘ ਬਿੱਲਾ ਨੂੰ ਲੈ ਕਿ ਕਹੇ ਜਾ ਸਕਦੇ ਨੇ ਜਿਹੜੇ ਲੰਬੇ ਵਕਤ ਤੋਂ ਮਨੋਰੰਜਨ ਖੇਤਰ ਵਿੱਚ ਮਾਡਲ ਤੇ ਅਭਿਨੇਤਾ ਬਣ ਸਰਗਰਮ ਹਨ। ਉਹਨਾਂ ਨੇ ਆਪਣਾ ਸਰਦਾਰੀ ਵਾਲਾ ਰੂਪ ਕਾਇਮ ਰੱਖਿਆ ਹੈ ਤੇ ਰੱਬ ਦੀ ਕਿਰਪਾ ਨਾਲ ਉਹ ਹਰ ਰੋਲ ਵਿੱਚ ਜਚਦੇ ਆਏ ਹਨ। ਅੰਮ੍ਰਿਤਪਾਲ ਸਿੰਘ ਬਿੱਲਾ ਨੇ ਬਹੁਤ ਸਾਰੀਆਂ ਫ਼ਿਲਮਜ਼ ਕੀਤੀਆਂ ਨੇ ਤੇ ਪੰਜਾਬੀ ਵੀਡਿਓ ਗੀਤਾਂ ਰਾਹੀਂ ਵੀ ਮਾਡਲ ਬਣ ਆਏ ਨੇ ਪਰ ਉਹਨਾਂ ਕੇਸ ਕਟਾਉਣ, ਦਾਹੜੀ ਕਟਾਉਣ ਤੋਂ ਦੂਰੀ ਰੱਖੀ ਹੈ। ਧਰਮ ਕਰਮ ਤੇ ਸਰੂਪ ਵਿੱਚ ਕਾਇਮ ਇਸ ਨਾਲ ਸੱਚੇ ਰੱਬ ਸੋਹਣੇ ਨੇ ਓਹਨਾਂ ਨੂੰ ਭਾਗ ਲਾਏ ਹਨ। ਕੌਰ ਬੀ ਤੋਂ ਸੋਨਮ ਬਾਜਵਾ ਤੇ ਗਿੱਪੀ ਗਰੇਵਾਲ ਤੋਂ ਅਮੀ ਵਿਰਕ ਤੇ ਯੋਗਰਾਜ ਸਿੰਘ ਸਾਰੇ ਅੰਮ੍ਰਿਤਪਾਲ ਸਿੰਘ ਬਿੱਲਾ ਦੀ ਇਸ ਗੱਲੋਂ ਸਿਫ਼ਤ ਕਰਦੇ ਹਨ ਤੇ ਸਾਰੇ ਆਖਦੇ ਨੇ ਕਿ ਉਹ ਨੇਕ, ਇਮਾਨਦਾਰ ਤੇ ਮਿਲਵਰਤਣ ਵਾਲੇ ਇਨਸਾਨ ਹਨ।

## ਕਮੇਡੀਅਨ ਤੋਂ ਗਾਇਕ ਤੇ ਅੱਜ ਬਾਲੀਵੁੱਡ ਤੇ ਪਾਲੀਵੁੱਡ ਦੇ ਸਟਾਰ ਮਿਊਜ਼ਿਕ ਪੇਸ਼ਕਾਰ ਹਨ ਰਾਮ ਭੋਗਪੁਰ

ਸਟੇਜ ਤੇ ਸਕਿੱਟਾਂ ਸੁਣਾ ਕਿ ਲੋਕਾਂ ਦਾ ਪਿਆਰ ਰੋਟੀ ਰੋਜ਼ੀ ਤੋਰਦੇ ਭੋਗਪੁਰ ਦੇ ਰਾਮ ਨੇ ਇਹ ਨਹੀਂ ਸੀ ਸੋਚਿਆ ਕਿ ਉਹ ਇੱਕ ਦਿਨ ਬਾਲੀਵੁੱਡ ਦਾ ਚਹੇਤਾ ਪ੍ਰਮੋਟਰ ਹੋਏਗਾ, ਸਕਸ਼ ਹੋਏਗਾ ਜਿਸ ਦੇ ਸੁਪਨੇ ਵੀ ਉਹੀ ਤੱਕਦੇ ਜਿਹਨਾਂ ਨੂੰ ਪੂਰੇ ਕਰਨ ਦੀ ਆਸ ਹੋਏ। ਰਾਮ ਭੋਗਪੁਰ ਨੇ ਕਮੇਡੀ ਕਲਾਕਾਰ ਤੋਂ ਬਾਅਦ ਪੰਜਾਬੀ ਗਾਇਕੀ ਵੀ ਅਪਣਾਈ ਤੇ ਦੋਗਾਣੇ ਵੀ ਲੋਕਾਂ ਨੂੰ ਸੁਣਾਏ, ਟੇਪਾਂ ਤੇ ਸੀ ਡੀ ਆਈਆਂ। ਮਾੜਾ ਮੋਟਾ ਪੰਜਾਬੀ ਵਿੱਚ ਆਖ ਲਓ ਨਾਮ ਬਣ ਗਿਆ ਤੇ ਦੂਰਦਰਸ਼ਨ ਜਲੰਧਰ ਤੇ ਵੀ ਉਸ ਦੀਆਂ ਮੁਲਾਕਾਤਾਂ ਤੇ ਕਲਾ ਦਾ ਦਿਖਾਵਾ ਹੋਇਆ ਪਰ ਜ਼ਿੰਦਗੀ ਦਾ ਅਸਲੀ ਨਵਾਂ ਮੋੜ ਤਦ ਇਸ ਯਾਤਰਾ ਵਿੱਚ ਆਇਆ ਜਦ ਰਾਮ ਭੋਗ ਪੁਰੀਆ ਦੁਨੀਆਂ ਦੀ ਮਹਾਂ ਸ਼ਕਤੀ ਯੂ ਐਸ




ਏ ਪਹੁੰਚ ਗਿਆ। ਮਿਹਨਤ ਨੂੰ ਸਲਾਮ, ਸਿਦਕ ਤੇ ਸਬਰ ਨੂੰ ਫਲ ਤੇ ਸਥਾਪਿਤ ਹੋਣ ਬਾਅਦ ਰਾਮ ਭੋਗਪੁਰ ਸੰਗੀਤ ਪੇਸ਼ਕਾਰ ਬਣ ਗਏ ਤੇ ਅੱਜ ਟੋਪ ਪੰਜਾਬੀ ਮਿਊਜ਼ਿਕ ਕੰਪਨੀ ਆਰ ਜੇ ਬੀਟਸ ਤੇ ਆਰ ਜੇ ਭਗਤੀ ਦੇ ਸੀਈਓ ਹਨ। ਰਾਮ ਭੋਗ ਪੁਰੀਆ ਨੇ ਪੰਮਾ ਮੱਲ੍ਹੀ ਤੋਂ ਫਿਰੋਜ਼ ਖਾਨ, ਸੀਮਾ ਅਨਜਾਣ ਤੱਕ ਨਾਮਵਰ ਤੇ ਨਵੇਂ ਕਲਾਕਾਰਾਂ ਦੇ ਟਰੈਕ ਰਲੀਜ਼ ਕੀਤੇ ਹਨ ,ਹਿਮਾਚਲੀ ਸੰਗੀਤ ਵੀ ਰਲੀਜ਼ ਕੀਤਾ ਹੈ। ਰਾਮ ਦੀ ਵੱਡੀ ਪ੍ਰਾਪਤੀ ਕਿ ਹਿੰਦੀ ਫ਼ਿਲਮ ਨਗਰੀ ਦੇ ਟੋਪ ਗਾਇਕ ਉਹ ਰਲੀਜ਼ ਕਰ ਚੁੱਕੇ ਨੇ ਤੇ ਕਰ ਰਹੇ ਹਨ। ਅਨੁਰਾਧਾ ਪੌਡਵਾਲ, ਉਦਿਤ ਨਰਾਇਣ, ਸੁਰੇਸ਼ ਵਾਦੇਕਾਰ, ਸਾਧਨਾ ਸਰਗਮ ਤੋਂ ਜਸਪਿੰਦਰ ਨਰੂਲਾ ਤੱਕ ਚੋਟੀ ਦੇ ਕਲਾਕਾਰਾਂ ਦੇ ਸੰਗੀਤ ਨੰਬਰ ਰਲੀਜ਼ ਕਰ ਕਾਮਯਾਬ ਹੋਣਾ ਰਾਮ ਭੋਗ ਪੁਰੀਆ ਨੂੰ ਸਟਾਰ ਮਿਊਜ਼ਿਕ ਪੇਸ਼ਕਾਰ ਨਿਰਮਾਤਾ ਬਣਾ ਚੁੱਕਾ ਹੈ। ਰਾਮ ਨੇ ਅਮਰੀਕਾ ਵਿਖੇ ਪੰਜਾਬੀ ਤੇ ਫਿਲਮੀ ਕਲਾਕਾਰਾਂ ਦੇ ਸਟੇਜ ਪ੍ਰੋਗਰਾਮਾਂ ਲਈ ਵੀ ਆਪਣਾ ਯੋਗਦਾਨ ਦਿੱਤਾ ਹੈ। ਬਲਵਿੰਦਰ ਸਿੰਘ ਬਾਜਵਾ ਦੀ ਉਹ ਤਰੀਫ ਕਰਦੇ ਨੇ ਜਿਹਨਾਂ ਦਾ ਉਹਨਾਂ ਨੂੰ ਸਦਾ ਅਸ਼ੀਰਵਾਦ ਸਹਿਯੋਗ ਮਿਲਿਆ ਹੈ। ਅਸ਼ਲੀਲ ਗਾਇਕੀ ਤੋਂ ਦੂਰੀ ਉਹਨਾਂ ਦੀ ਖਾਸ ਪ੍ਰਾਪਤੀ ਏ ਤੇ ਸੁਰ ਨੂੰ ਪਹਿਲ ਉਹਨਾਂ ਦਾ ਵਾਅਦਾ ਹੈ। ਰਾਮ ਭੋਗ ਪੁਰੀਆ ਦੱਸਦੇ ਨੇ ਕਿ ਆਧੁਨਿਕ ਸਮੇਂ ਨਾਲ ਉਹ ਚਲਦੇ ਹੋਏ ਯੂਟਿਊਬ ਤੋਂ ਸੰਗੀਤ ਸਾਈਟਸ ਤੇ ਬਾਕੀ ਸੰਗੀਤਕ ਥਾਵਾਂ ਤੇ ਸੰਗੀਤ ਪੇਸ਼ ਕਰਦੇ ਹਨ। ਮਹਿਸੂਸ ਹੁੰਦੀ ਸੰਗੀਤਕ ਕਾਮਯਾਬੀ ਲਈ ਉਹ ਆਪਣੀ ਟੀਮ ਨੂੰ ਸਿਹਰਾ ਦਿੰਦੇ ਹਨ।ਬੰਨੀ ਸ਼ਰਮਾ ਉਹਨਾਂ ਨਾਲ ਜੁੜ ਚੁੱਕੇ ਨੇ ਜਿਹੜੇ ਪ੍ਰੋਜੈਕਟ ਡਾਇਰੈਕਟਰ ਹਨ ਤੇ ਟੀਵੀ ਤੇ ਉਹਨਾਂ ਦਾ ਤਜ਼ਰਬਾ ਹੈ, ਮੁਨੀਸ਼ ਸ਼ਰਮਾ ਕਾਰਜਕਾਰੀ ਨਿਰਮਾਤਾ ਤੇ ਫ਼ਿਲਮ ਮੇਕਰ ਤੇ ਨਿਰਦੇਸ਼ਕ ਹਨ ਜਦ ਕਿ ਸਰੋਤੇ ਉਹਨਾਂ ਦੀ ਟੀਮ ਦੇ ਓਹ ਅਹਿਮ ਮੈਂਬਰ ਹਨ ਜਿਹਨਾਂ ਦੀ ਬਦੌਲਤ ਅੱਜ ਓਹ ਗਾਇਕ ਤੇ ਅਦਾਕਾਰ ਤੋਂ ਸੰਗੀਤਕ ਪੇਸ਼ਕਾਰ ਹਨ। ਸ਼ਿਲਪਾ ਸ਼ੈਟੀ ਹੋਏ, ਪ੍ਰੇਮ ਚੋਪੜਾ ਸਭ ਰਾਮ ਦੇ ਸੁਭਾਅ ਤੇ ਕੰਮ ਨੂੰ ਅੱਵਲ ਆਖਦੇ ਹਨ ਤੇ ਮਿਊਜ਼ਿਕ ਇੰਡਸਟਰੀ ਦੇ ਉਹ ਚਰਚਿਤ ਸਟਾਰ ਇੱਕ ਤਰਾਂ ਹਨ। ਗੁਲਾਮ ਅਲੀ ਤੋਂ ਸਾਬਾਸ਼, ਬਿੰਦਰਖੀਆ ਨਾਲ ਮਿੱਤਰਤਾ ਤੇ ਮਾਡਲਿੰਗ ਖੇਤਰ ਵਿੱਚ ਯਾਦਾਂ ਨੇ ਰਾਮ ਭੋਗਪੁਰ ਦੀ ਮਨੋਰੰਜਨ ਲਾਇਬ੍ਰੇਰੀ ਵਿਸ਼ਾਲ ਬਣਾ ਦਿੱਤੀ ਹੈ।



**ਪੇਸ਼ਕਸ਼- ਅੰਮ੍ਰਿਤ ਪਵਾਰ**

# ਨਵੀਆਂ ਕਲਮਾਂ ਨਵੀਂ ਉਡਾਣ ਮੁਹਿੰਮ ਨੂੰ ਵਿਸ਼ਵ ਭਰ 'ਚ ਹਾਈਟੈਕ ਬਣਾਇਆ ਜਾਵੇਗਾ - ਸੁੱਖੀ ਬਾਠ

**ਸਰੀ (ਹਰਵੀਰ ਮਾਨ)** ਵਿਸ਼ਵ ਭਰ 'ਚ ਪੰਜਾਬੀ ਦੇ ਪ੍ਰਚਾਰ ਤੇ ਪਸਾਰ ਨੂੰ ਲੈ ਕੇ ਲਾਮਬੰਦੀ 'ਚ ਲੱਗੇ ਕੈਨੇਡਾ ਦੇ ਉੱਘੇ ਕਾਰੋਬਾਰੀ ਅਤੇ ਪੰਜਾਬ ਭਵਨ ਕੈਨੇਡਾ ਦੇ ਮੁੱਖ ਸੰਚਾਲਕ ਸੁੱਖੀ ਬਾਠ ਨੇ ਕਿਹਾ ਕਿ ਨਵੀਂ ਪੀੜੀ ਨੂੰ ਮਾਂ ਬੋਲੀ ਪੰਜਾਬੀ ਅਤੇ ਸਾਹਿਤਕ ਰੁਚੀਆਂ ਨਾਲ ਜੋੜਨ ਲਈ ਲਗਾਤਾਰ ਯਤਨਾਂ ਦੀ ਲੋੜ ਹੈ। ਉਹਨਾਂ ਅੱਗੇ ਕਿਹਾ ਕਿ ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇਕਰ ਇਸ ਮੁਹਿੰਮ ਨਾਲ ਆਪਣੀ ਮਾਂ ਬੋਲੀ ਤੇ ਵਿਰਸੇ ਸਬੰਧੀ ਚਿੰਤਾ ਰੱਖਣ ਵਾਲੇ ਵਰਗ ਨੂੰ ਜੋੜਿਆ ਜਾਵੇ ਅਤੇ ਉਨ੍ਹਾਂ ਦੀਆਂ ਸੇਵਾਵਾਂ ਤੇ ਸੁਝਾਵਾਂ ਨੂੰ ਵੀ ਇਸ ਮੁਹਿੰਮ ਦਾ ਹਿੱਸਾ ਬਣਾਇਆ ਜਾਵੇ । ਸ। ਬਾਠ ਲਹਿੰਦੇ ਅਤੇ ਚੜ੍ਹਦੇ ਪੰਜਾਬ ਵਿਚ ਪੰਜਾਬੀ ਦੀਆਂ ਬਾਲ ਸਾਹਿਤਕ ਕਾਨਫਰੰਸਾਂ ਸਮੇਤ ਦੋਵਾਂ ਦੇਸ਼ਾਂ ਦੇ ਬਾਲਾਂ ਦੀਆਂ ਰਚਨਾਵਾਂ ਨੂੰ ਕਿਤਾਬਾਂ 'ਚ ਪਰੋਣ ਤੇ ਇਸ ਮੁਹਿੰਮ ਨੂੰ ਪੰਜਾਬ ਭਵਨ ਕੈਨੇਡਾ ਦੀ ਅਗਵਾਈ 'ਚ ਜਥੇਬੰਦਕ ਢਾਂਚੇ ਦਾ ਰੂਪ ਦੇਣ ਦੇ ਵੱਡੇ ਯਤਨ ਕਰਕੇ ਵਾਪਸ ਪਰਤਣ ਉਪਰੰਤ ਕੈਨੇਡਾ 'ਚ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ । ਉਨ੍ਹਾਂ ਵਿਸਥਾਰ 'ਚ ਦੱਸਿਆ ਪੰਜਾਬ 'ਚ ਜਿਥੇ ਆਪਣੀ ਹੀ ਧਰਤੀ 'ਤੇ ਮਾਂ ਬੋਲੀ ਨੂੰ ਖ਼ਤਰੇ ਵਰਗੇ ਤੌਖਲੇ ਪ੍ਰਗਟਾਏ ਜਾ ਰਹੇ ਹਨ, ਉਹ ਜਮੀਨੀ ਸੱਚਾਈ ਤੋਂ ਦੂਰ ਹਨ, ਕਿਉਂਕਿ ਪੰਜਾਬ ਦੇ ਸਕੂਲਾਂ ਤੋਂ ਹਜ਼ਾਰਾਂ ਬੱਚਿਆਂ ਵਲੋਂ ਸਾਹਿਤਕ ਰਚਨਾਵਾਂ ਲਿਖਣਾ ਤੇ ਬਾਲ ਕਾਨਫਰੰਸ 'ਚ ਹਜ਼ਾਰਾਂ ਬੱਚਿਆਂ ਵਲੋਂ ਸ਼ਮੂਲੀਅਤ ਕਰਨਾ ਇਸ ਡਰ ਨੂੰ ਲੋਕ ਮਨਾਂ 'ਚੋਂ ਦੂਰ ਕਰਦਾ ਸੱਚ ਹੈ। ਉਨ੍ਹਾਂ ਦੱਸਿਆ ਕਿ ਇਸ ਸਮੇਂ 'ਨਵੀਆਂ ਕਲਮਾਂ, ਨਵੀਂ ਉਡਾਣ ਮੁਹਿੰਮ ਪੰਜਾਬ ਦੇ 23 ਜਿਲਿਆਂ ਤੋਂ ਵੀ ਅੱਗੇ ਵੱਧ ਚੁੱਕੀ ਤੇ ਇਸ ਸਮੇਂ ਇਸ ਮੁਹਿੰਮ ਨਾਲ ਰਾਜ 'ਚ ਕੁੱਲ 26 ਟੀਮਾਂ ਜੁੜ ਚੁੱਕੀਆਂ ਹਨ ਤੇ ਸਿੱਖਿਆ ਖੇਤਰ ਨਾਲ ਜੁੜਿਆ ਜਾਗਰੂਕ ਵਰਗ ਇਸ ਦਾ ਹਿੱਸਾ ਬਣ ਰਿਹਾ, ਜੋ ਲੋਕ ਪੱਖੀ ਤੇ ਪੰਜਾਬ ਪੱਖੀ ਭਾਵਨਾ ਰੱਖਦਾ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਲਹਿੰਦੇ ਪੰਜਾਬ ਵਿਚ ਵੀ ਇਸ ਮੁਹਿੰਮ ਦੀ ਸ਼ੁਰੂਆਤ ਹੋ ਚੁੱਕੀ ਹੈ ਤੇ ਬਾਬਾ ਨਜ਼ਮੀ ਵਰਗੀਆਂ ਸ਼ਖ਼ਸੀਅਤਾਂ ਇਸ ਦਾ ਹਿੱਸਾ ਬਣ ਚੁੱਕੀਆਂ । ਇਸ ਮੁਹਿੰਮ ਨੂੰ ਵਿਸ਼ਵ ਭਰ 'ਚ ਲਿਜਾਇਆ ਜਾਵੇਗਾ ਤੇ ਇਸ ਮੁਹਿੰਮ ਨੂੰ ਹਾਈਟੈਕ ਸਿਸਟਮ ਨਾਲ ਵੀ ਜੋੜਿਆ ਜਾਵੇਗਾ ਤਾਂ ਕਿ ਵਿਦੇਸ਼ਾਂ 'ਚ ਬੈਠੇ ਬੱਚੇ ਆਨਲਾਈਨ ਇਸ ਦਾ ਹਿੱਸਾ ਬਣ ਸਕਣ।





ਗੁਰਵਿੰਦਰ ਸਿੰਘ ਕਾਂਗੜ ਸੀਨੀ। ਸਹਿ ਪ੍ਰੋਜੈਕਟ ਇੰਚਾਰਜ, ਗੁਰਵਿੰਦਰ ਸਿੰਘ ਸਿੱਧੂ ਜਨਰਲ ਸਕੱਤਰ, ਬਲਜੀਤ ਸ਼ਰਮਾ ਖਜਾਨਚੀ ਅਤੇ ਜ਼ਿਲ੍ਹਾ ਪ੍ਰਧਾਨਾਂ ਦੀ ਸੂਚੀ ਵਿੱਚ ਬਰਨਾਲਾ - ਅੰਜਨਾਂ ਮੈਨਨ,ਬਠਿੰਡਾ 1 ਬਲਰਾਜ ਸਿੰਘ, ਮੋਗਾ - ਬਲਜੀਤ ਸੇਖਾ,
ਮਾਲੇਰਕੋਟਲਾ - ਮਾਸਟਰ ਲਖਵਿੰਦਰ ਸਿੰਘ,
ਸੰਗਰੂਰ - ਅਵਤਾਰ ਸਿੰਘ ਚੋਟੀਆਂ,
ਗੁਰਦਾਸਪੁਰ - ਡਾ. ਸਤਿੰਦਰ ਕੌਰ ਕਾਹਲੋਂ,
ਮੋਹਾਲੀ - ਡਾ. ਸੁਰਿੰਦਰ ਕੁਮਾਰ ਜਿੰਦਲ
ਫਰੀਦਕੋਟ - ਪ੍ਰੀਤ ਮੋਹਿੰਦਰ ਕੌਰ ,
ਪਠਾਨਕੋਟ - ਰਜੇਸ਼ਵਰ ਸਿੰਘ ਸਲਾਰੀਆ,
ਸ੍ਰੀ ਮੁਕਤਸਰ ਸਾਹਿਬ - ਗੌਰਵਮੀਤ ਸਿੰਘ ਜੋਸਨ, ਮਾਨਸਾ - ਰਮਨੀਤ ਕੌਰ ਚਾਨੀ,
ਨਵਾਂਸ਼ਹਿਰ - ਜਸਵੀਰ ਚੰਦ, ਜਲੰਧਰ - ਡਾ. ਵੀਨਾ ਅਰੋੜਾ,
ਹੁਸ਼ਿਆਰਪੁਰ - ਮਾਸਟਰ ਨਿਤਿਨ ਸੁਮਨ, ਸ੍ਰੀ ਤਰਨ ਤਾਰਨ ਸਾਹਿਬ - ਡਾਕਟਰ ਨਿਰਮ ਜੋਸਨ, ਫਾਜ਼ਲਿਕਾ - ਸੋਨੀਆ ਬਜਾਜ, ਫਿਰੋਜ਼ਪੁਰ - ਡਾ। ਅਮਰ ਜੋਤੀ ਮਾਂਗਟ, ਲੁਧਿਆਣਾ - ਡਾ. ਸੁਖਪਾਲ ਸਮਰਾਲਾ,ਰੋਪੜ - ਗੁਰਿੰਦਰ ਸਿੰਘ ਕਲਸੀ
ਫਤਿਹਗੜ੍ਹ ਸਾਹਿਬ - ਰਸ਼ਪਾਲ ਸਿੰਘ ਰੈਸਲ,ਬਠਿੰਡਾ 2 ਮਨਜੀਤ ਸਿੰਘ,
ਹਨੁਮਾਨਗੜ੍ਹ ਰਾਜੈਂਦਰ ਸਹੂ,
ਸ੍ਰੀ ਅੰਮ੍ਰਿਤਸਰ ਸਾਹਿਬ - ਰਾਜਵਿੰਦਰ ਸੰਧੂ,
ਸ੍ਰੀ ਗੰਗਾ ਨਗਰ - ਡਾ. ਨਵਦੀਪ ਕੌਰ,
ਕਪੂਰਥਲਾ - ਸਾਹਿਬਾ ਜੀਟਨ ਕੌਰ ਅਤੇ
ਪਟਿਆਲਾ - ਕੁਲਬੀਰ ਸਿੰਘ।

****